# ਜੀਵਨ ਕਉਤਕ

## ਸਾਧ ਜਨਾ ਕੀ ਅਚਰਜ ਕਥਾ

# ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ

ਡੇਰਾ ਰੂੰਮੀ ਵਾਲਾ ਭੁੱਚੋ ਕਲਾਂ ਜ਼ਿਲ੍ਹਾ ਬਠਿੰਡਾ

**(ਭਾਗ ਸੱਤਵਾਂ)**



**ਧੰਨ ਗੁਰੂ ਨਾਨਕ ਸਾਹਿਬ ਜੀ**

"ਗੁਰੂ ਨਾਨਕ ਦਾ ਰੂਪ ਬਣਾਕੇ ਨਾਰਾਇਣ ਜੱਗ ਆਇਆ ਵੇਸ ਵਟਾਇਆ"
"ਮਾਇਆ ਤਿਸ ਦੇ ਨੇੜ ਨ ਆਵੇ ਨਿਰੰਕਾਰ ਦਾ ਸਾਇਆ ਸਚੇ ਭਾਇਆ"

**ਅਸੀਸਾਂ**
**ਬਾਬਾ ਖੇਮ ਸਿੰਘ ਜੀ**
**ਪ੍ਰਕਾਸ਼ਕ**
**ਬਾਬਾ ਸੁਖਦੇਵ ਸਿੰਘ ਜੀ**
*ਮੌਜੂਦਾ ਮਹਾਂਪੁਰਸ਼*

ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।
ਫੋਨ : 0164-2741811, 09216513139



ਸਭ ਹੱਕ ਲੇਖਕ ਦੇ ਰਾਖਵੇਂ ਹਨ।

**ਦੂਜੀ ਵਾਰ : 2010**

**ਪ੍ਰਕਾਸ਼ਕ**
**ਬਾਬਾ ਸੁਖਦੇਵ ਸਿੰਘ ਜੀ**
***ਮੌਜੂਦਾ ਮਹਾਂਪੁਰਸ਼* ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾਂ, ਬਠਿੰਡਾ।**
**ਫੋਨ : 0164-2741811, 09216513139**

ਪ੍ਰਿੰਟਰ :
**ਪ੍ਰਿੰਟਵੈੱਲ**
146, ਇੰਡੀਸਟ੍ਰੀਅਲ ਫੋਕਲ ਪੁਆਇੰਟ,
ਅੰਮ੍ਰਿਤਸਰ

# ਤਤਕਰਾ


ਭੂਲੇ ਸਿਖ ਗੁਰੂ ਸਮਝਾਏ 5
ਕਹਿ ਕਬੀਰ ਤੁਮ ਸਮ੍ਰਥ ਦਾਤੇ ਚਾਰਿ ਪਦਾਰਥ ਦੇਤ ਨਾ ਬਾਰ ॥ 6
ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ ॥ 10
ਆਪਿ ਭੁਲਾਇ ਆਪੇ ਮਤਿ ਦੇਵੈ ॥ 12
ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ ॥ 14
ਤੂ ਅਗਮ ਦਇਆਲੁ ਬੇਅੰਤੁ ਤੇਰੀ ਕੀਮਤਿ ਕਹੈ ਕਉਣੁ ॥ 15
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ। ਸੋ ਜਨੁ ਸਰਬ ਥੋਕ ਕਾ ਦਾਤਾ ॥ 16
ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥ ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥ 18
ਪਸ਼ੂ ਪ੍ਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥ 20
ਜਿਸ ਕਾ ਸਾ ਤਿਨਿ ਕਿਰਪਾ ਧਾਰੀ। ਸਾਧ ਸੰਗਿ ਜਪਿ ਨਾਮੁ ਮੁਰਾਰੀ ॥ 21
ਤਾਪੁ ਲਾਹਿਆ ਗੁਰ ਸਿਰਜਨ ਹਾਰਿ ॥ 24
ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ ॥ 26
ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰ ਸਿਰੰਦੇ ॥ 28
ਭਗਤਾ ਦੀ ਸਦਾ ਤੂ ਰੱਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ ॥ 30
ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ॥ 33
ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥ 33
ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥ 35
ਸੇਵਕ ਸੇਵਾ ਕਰਕੇ ਹੀ ਸਭ ਕੁਝ ਪ੍ਰਾਪਤ ਕਰਦਾ ਹੈ। 35
"ਬਿਨ ਸੇਵਾ ਫਲੁ ਕਿਸੈ ਨਹੀਂ ॥" 35
ਹੁਕਮੈ ਅੰਦਰਿ ਸਭੁ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ ॥ 37
ਤਉ ਮੈਂ ਆਇਆ ਸਰਨੀ ਆਇਆ ॥ 39
ਭਰੋਸੇ ਆਇਆ ਕ੍ਰਿਪਾ ਆਇਆ ॥ 39
ਕਬੀਰ ਮੇਰਾ ਮੁਝ ਮਹਿ ਕਿਛੁ ਨਹੀਂ ਜੋ ਕਿਛੁ ਹੈ ਸੋ ਤੇਰਾ ॥ 43
ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥ 43
ਟੂਟੀ ਗਾਢਨਹਾਰ ਗੋਪਾਲ ॥ 44
ਜੁਗਹ ਜੁਗੰਤਰਿ ਭਗਤ ਤੁਮਾਰੇ ॥ 46
ਕੀਰਤੁ ਕਰਹਿ ਸੁਆਮੀ ਤੇਰੇ ਦੁਆਰੇ ॥ 46





ਦਾਤਿ ਪਿਆਰੀ ਵਿਸਰਿਆ ਦਾਤਾਰਾ 48
ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥ 50
ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥ 52
ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥ 54
ਅੰਤਰਜਾਮੀ ਸਭੁ ਕਿਛੁ ਜਾਨੈ ਉਸ ਤੇ ਕਹਾ ਚੁਪਾਇਆ ॥ 56
ਕਬੀਰ ਸਾਚਾ ਸਤਿਗੁਰੁ ਕਿਆ ਕਰੈ ਜਉ ਸਿਖਝ ਮਹਿ ਚੂਕ ॥ 59
ਤੁਮਰੀ ਗਤਿ ਮਿਤਿ ਤੁਮ ਹੀ ਜਾਨੀ ਸੇ ਸੇਵਕ ਜਿਨ ਭਾਗ ਮਥੋਰੀ ॥ 61
ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ 62
ਦੂਖ ਰੋਗ ਭਏ ਗਤੁਤਨ ਤੇ ਮਨੁ ਨਿਰਮਲੁ ਹਰਿ ਹਰਿ ਗੁਣ ਗਾਇ ॥ 65
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ 66
ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥ 67
ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ ॥ 70
ਜੇਵਡੁ ਆਪਿ ਤੇਵਡ ਤੇਰੀ ਦਾਤਿ ॥ 74
ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥ 75
ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥ 77
ਐਸੀ ਸੇਵਕੁ ਸੇਵਾ ਕਰੈ ॥ ਜਿਸ ਕਾ ਜੀਉ ਤਿਸੁ ਆਗੈ ਧਰੈ ॥ 81
ਕਹੁ ਨਾਨਕ ਕਰਤੇ ਕੀਆ ਬਾਤਾ ਜੋ ਕਿਛੁ ਕਰਣਾ ਸੁ ਕਰਿ ਰਹਿਆ ॥ 85
ਸਤਿਗੁਰ ਕੀ ਗਣਤੈ ਘੁਸੀਐ ਦੁਖੇ ਦੁਖਿ ਵਿਹਾਇ ॥ 87
ਅਪਨੇ ਸੇਵਕ ਕਉ ਆਪਿ ਸਹਾਈ ॥ 88
ਸੇਵਕ ਕਉ ਸੇਵਾ ਬਨਿ ਆਈ ॥ 89
ਸਾਈ ਕਾਰ ਕਮਾਵਣੀ ਧੁਰਿ ਛੋਡੀ ਤਿੰਨੈ ਪਾਇ ॥ 91
ਜੈਸੀ ਆਸਾ ਤੈਸੀ ਮਨਸਾ 92
ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ ॥ 93
ਦੇਖਿ ਸਰੂਪੁ ਪੂਰਨੁ ਭਈ ਆਸਾ ਦਰਸਨੁ ਭੇਟਤ ਉਤਰੀ ਭੁਖ ॥ 95
ਤੂੰ ਸਭਨੀ ਥਾਈ ਜਿਥੈ ਹਉ ਜਾਈ 97
ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥ 98
ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ ॥ 99
ਸੰਤ ਬਾਬਾ ਸੁਖਦੇਵ ਸਿੰਘ ਜੀ ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ 101


—

# ਭੂਲੇ ਸਿਖ ਗੁਰੂ ਸਮਝਾਏ

ਜਗਿਆਸੂ ਨਾਮ ਜਪਦਾ ਹੈ। ਸੇਵਾ ਕਰਦਾ ਹੈ। ਜਿਸ ਵਕਤ ਪੁੰਨ ਪ੍ਰਬਲ ਹੋ ਜਾਂਦੇ ਹਨ ਫਿਰ ਨਿਰੰਕਾਰ ਦੇ ਹੁਕਮ ਨਾਲ ਮਹਾਂ ਪੁਰਖ ਦੀ ਸੰਗਤ ਮਿਲ ਜਾਂਦੀ ਹੈ, ਤੇ ਮਹਾਂਪੁਰਖ ਕਿਸੇ ਜੁਗਤ ਨਾਲ ਹੋਰ ਸਿਮਰਨ ਵਿੱਚ ਲਾ ਕੇ ਨਾਮ ਵਿੱਚ ਜੋੜਦੇ ਹਨ। ਇਸੇ ਤਰ੍ਹਾਂ ਇੱਕ ਪ੍ਰੇਮੀ ਸ੍ਰੀ ਅੰਮ੍ਰਿਤਸਰ ਤੋਂ ਬਾਬਾ ਜੀ ਦੇ ਕੋਲ ਆਇਆ, ਅਤੇ ਮੱਥਾ ਟੇਕਿਆ। ਉਪਰੰਤ ਬਾਬਾ ਜੀ ਨੇ ਪੁੱਛਿਆ "ਭਾਈ ਨਿਤਨੇਮ ਕੀ ਕਰਦਾ ਹੈਂ?" ਉਸਨੇ ਬਚਨ ਸੁਣਕੇ ਬੇਨਤੀ ਕੀਤੀ ਜੀ ਸੁਖਮਨੀ ਸਾਹਿਬ ਦਾ ਪਾਠ ਕਰਦਾ ਹਾਂ। ਹਜ਼ੂਰ ਨੇ ਹੁਕਮ ਕੀਤਾ "ਸਾਨੂੰ ਵੀ ਪਾਠ ਸੁਣਾ।" ਸਤਿਬਚਨ ਕਹਿ ਕੇ ਉਸਨੇ ਪਾਠ ਆਰੰਭ ਕਰ ਦਿੱਤਾ। ਸਮਾਪਤੀ ਉਪਰੰਤ ਉਸਨੂੰ ਇੱਕ ਪਾਠ ਹੋਰ ਕਰਨ ਦਾ ਹੁਕਮ ਹੋਇਆ। ਇਸ ਤਰ੍ਹਾਂ ਇੱਕ ਇੱਕ ਕਰਕੇ ਉਸ ਕੋਲੋਂ ਪੰਜ ਪਾਠ ਸੁਣੇ। ਸੁਨਣ ਤੋਂ ਬਾਅਦ ਉਸਨੇ ਆਗਿਆ ਮੰਗੀ। ਹੁਕਮ ਹੋਇਆ "ਕਲ ਨੂੰ ਆਗਿਆ ਦੇਵਾਂਗੇ, ਕੁਛ ਦੇ ਕੇ ਤੋਰਾਂਗੇ। ਅਗਲੇ ਦਿਨ ਆਗਿਆ ਮੰਗਣ ਉਪਰੰਤ ਫਿਰ ਹੁਕਮ ਹੋਇਆ, "ਇਕ ਪਾਠ ਹੋਰ ਕਰੋ।" ਇਸ ਤਰ੍ਹਾਂ ਦੂਜੇ ਦਿਨ ਵੀ ਕੱਲਾ-ਕੱਲਾ ਕਰਕੇ ਪੰਜ ਪਾਠ ਇਕੱਠੇ ਹੀ ਲਗਾਤਾਰ ਸੁਣੇ। ਬਾਬਾ ਜੀ ਬੜੇ ਪ੍ਰਸੰਨ ਹੋਏ ਅਤੇ ਬਚਨ ਕੀਤਾ" ਅਸੀਂ ਤੈਨੂੰ ਐਸੀ ਜੁਗਤ ਦਸਦੇ ਹਾਂ ਜਿਸ ਅਨੁਸਾਰ ਇੱਕ ਪਾਠ ਕਰਨ ਨਾਲ ਦੋ ਪਾਠਾਂ ਦਾ ਫਲ ਹੋਏਗਾ।

ਬਚਨ ਸੁਣਕੇ ਉਸ ਪ੍ਰੇਮੀ ਦੇ ਮਨ ਵਿੱਚ ਖੁਸ਼ੀ ਹੋਈ। ਉਸਨੇ ਬੜੀ ਨਿਮਰਤਾ ਸਹਿਤ ਮੱਥਾ ਟੇਕਿਆ ਅਤੇ ਬੇਨਤੀ ਕੀਤੀ ਕਿ ਗਰੀਬ ਨਿਵਾਜ ਕਿਰਪਾ ਕਰੋ। ਉਪਰੰਤ ਬਾਬਾ ਜੀ ਨੇ ਹੁਕਮ ਕੀਤਾ ਕਿ "ਧਿਆਨ ਨਾਲ ਸੁਣ ਜਿਥੇ ਅਸ਼ਟਪਦੀ ਸਮਾਪਤ ਹੁੰਦੀ ਹੈ ਉਥੇ ਇਹ ਦੋ ਪੰਗਤੀਆਂ

**ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥ ਭਗਤ ਜਨਾ ਕੈ ਮਨਿ ਬਿਸ੍ਰਾਮੁ ॥**

**(ਅੰਗ ੨੬੨)**



ਫਿਰ ਇੱਕ ਸਲੋਕ ਕਹਿਣਾ ਹੈ। ਅਸਟਪਦੀ ਆਰੰਭ ਕਰਨ ਤੋਂ ਪਹਿਲਾਂ ਸਤਿਨਾਮ ਸ੍ਰੀ ਵਾਹਿਗੁਰੂ ਕਹਿਣਾ ਹੈ। ਫਿਰ ਅਸਟਪਦੀ ਆਰੰਭ ਕਰਨੀ ਹੈ। ਇਸ ਤਰ੍ਹਾਂ ਅਠ ਇਕ, ਅਠ ਦੋ ਦੀ ਗਿਣਤੀ ਅਸਟਪਦੀ ਦੇ ਨਾਲ ਨਾਲ ਹੀ ਵਧਾਈ ਜਾਣੀ ਹੈ ਅਖੀਰ ਤੋਂ ਅੰਤ ਵਾਲੀ ਅਸਟਪਦੀ ਪੜ੍ਹਦੇ ਅਠ ਚੋਵੀ ਸਲੋਕ ਕਹਿਕੇ ਸਮਾਪਤੀ ਕਰਨੀ ਹੈ। ਫਿਰ ਪ੍ਰੇਮੀ ਨੂੰ ਕਿਹਾ ਕਿ "ਹੁਣ ਤੈਨੂੰ ਆਗਿਆ ਹੈ" ਨਾਲ ਹੀ ਪੁੱਛਿਆ, "ਕਿਥੇ ਜਾਣ ਦਾ ਵਿਚਾਰ ਹੈ ?" ਉਸਨੇ ਬੇਨਤੀ ਕੀਤੀ ਜੀ ਕਲੇਰੀਂ ਜਾਣਾ ਹੈ ਹਜ਼ੂਰ ਨੇ ਹੁਕਮ ਕੀਤਾ ਕਿ ਸ਼ੁੱਧ ਹੈ। ਮਹਾਂਪੁਰਖਾਂ ਦੇ ਦਰਸ਼ਨ ਕਰੋ। ਸੰਗਤ ਵੀ ਕਰਿਆ ਕਰੋ ਵੱਡੇ ਭਾਗ ਵਾਲੇ ਬਣੋ।

ਉਪਰੰਤ ਉਹ ਨਾਨਕਸਰ ਪਹੁੰਚਿਆ। ਮੱਥਾ ਟੇਕਣ ਉਪਰੰਤ ਬਾਬਾ ਜੀ ਨੇ ਪੁੱਛਿਆ ਕਿਥੋਂ ਆਇਆ ਹੈਂ ਗੁਰਮੁਖਾ ? ਉਸਨੇ ਦੱਸਿਆ ਜੀ ਭੁੱਚੋਂ ਵਾਲਿਆਂ ਦੇ ਦਰਸ਼ਨ ਕਰਕੇ ਆਇਆ ਹਾਂ। ਬਾਬਾ ਜੀ ਬੜੇ ਪ੍ਰਸੰਨ ਹੋਏ ਤੇ ਪੁੱਛਿਆ ਉਥੋਂ ਲੈ ਕੇ ਕੀ ਆਇਆ ਹੈਂ। ਉਸ ਪ੍ਰੇਮੀ ਨੇ ਸੁਖਮਨੀ ਸਾਹਿਬ ਵਾਲੀ ਸਾਰੀ ਵਿਧੀ ਦੱਸੀ। ਬਾਬਾ ਅਨੰਦ ਸਿੰਘ ਜੀ ਸੁਣਕੇ ਬੜੇ ਪ੍ਰਸੰਨ ਹੋਏ ਤੇ ਬਚਨ ਕੀਤਾ ਤੇਰਾ ਲੋਕ ਪ੍ਰਲੋਕ ਸਫਲ ਹੋ ਗਿਆ ਹੈ।

**ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ ॥**
**ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ ॥**

**(ਸਲੋਕ ਭਗਤ ਕਬੀਰ ਕੇ, ਅੰਗ ੧੩੭੩)**

# ਕਹਿ ਕਬੀਰ ਤੁਮ ਸਮ੍ਰਥ ਦਾਤੇ ਚਾਰਿ ਪਦਾਰਥ ਦੇਤ ਨਾ ਬਾਰ ॥

**(ਅੰਗ ੮੫੬)**

ਮਹਾਂਪੁਰਖਾਂ ਦੀ ਮੇਹਰ ਕਿਸ ਬਹਾਨੇ ਹੁੰਦੀ ਹੈ। ਕਦੋਂ ਹੁੰਦੀ ਹੈ। ਇਹ ਸਭ ਗੱਲਾਂ ਇਨਸਾਨੀ ਸਮਝ ਤੋਂ ਪਰੇ ਹੁੰਦੀਆਂ ਹਨ। ਕਦੇ ਕਦੇ ਬੰਦਾ ਮੰਗਦਾ

ਹੈ। ਮਹਾਂਪੁਰਖ ਸੁਣਕੇ ਅਣਸੁਣੀ ਕਰ ਦਿੰਦੇ ਹਨ। ਕਿਸੇ ਸਮੇਂ ਸਭ ਕੁਝ ਪੁੱਛੇ ਬਿਨਾਂ ਆਪੇ ਹੀ ਬਖਸ਼ਦੇ ਹਨ। ਇਕ ਇੰਦਰ ਸਿੰਘ ਨਾਮ ਦਾ ਸਿੱਖ ਰੌਲੀ ਇਸ ਦਾ ਨਗਰ ਸੀ। ਪਹਿਲਾਂ ਤਾਂ ਦੱਸਦੇ ਹਨ ਇਹ ਪਿੰਡ ਜੈਲਦਾਰ ਸੀ ਕੋਕਰੀ ਵਾਲਿਆਂ ਸਰਦਾਰਾਂ ਨਾਲ ਕਿਸੇ ਗੱਲ ਤੋਂ ਝਗੜਾ ਹੋ ਗਿਆ। ਲੰਮਾ ਸਮਾਂ ਝਗੜਾ ਚੱਲਿਆ। ਉਸ ਝਗੜੇ ਵਿਚ ਜਮੀਨ ਜਾਇਦਾਦ ਗਹਿਣੇ ਹੋ ਗਈ ਅਤੇ ਘਰ ਵਿਚ ਗਰੀਬੀ ਦੀ ਹਾਲਤ ਆ ਗਈ। ਜਿਹੜੇ ਸੰਗੀ ਸਾਥੀ ਸਨ ਸਭ ਮੂੰਹ ਮੋੜ ਗਏ। ਗੁਰ ਵਾਕ ਹੈ:

**ਜਾਕਉ ਮੁਸਕਲ ਅਤਿ ਬਣੈ ਢੋਈ ਕੋਇ ਨ ਦੇਇ॥**
**ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ॥**

**(ਸ੍ਰੀ ਰਾਗ ਮ: ੪, ਅੰਗ ੭੦)**

ਕੋਈ ਵੀ ਬੇਲੀ ਨਾ ਬਣਦਾ ਵੇਖ ਕੇ ਨਿਰਾਸ਼ ਹੋਇਆਂ ਬਿਨਾਂ ਦੱਸੇ ਘਰੋਂ ਉਠ ਤੁਰਿਆ। ਨਥਾਣੇ ਨਾਨਕੇ ਸਨ। ਪਹਿਲਾਂ ਉਥੇ ਆਇਆ। ਪਰ ਨਾਨਕੇ ਘਰ ਵੀ ਕਬੀਰ ਸਾਹਿਬ ਦਾ ਬਚਨ ਪੂਰਾ ਹੋਇਆ। ਨਿਰਧਨ ਆਦਰ ਕੋਈ ਨ ਦੇ। ਨਾਨਕੇ ਘਰ ਵੀ ਆਦਰ ਮਾਣ ਨਾ ਮਿਲਿਆ। ਬੜੇ ਜਤਨ ਕੀਤੇ ਸਭ ਨਿਸਫ਼ਲ ਗਏ।

**ਲਾਖ ਜਤਨ ਕਰੈ ਓਹੁ ਚਿਤਿ ਨ ਧਰੇਇ॥੫੯॥**

**(ਅੰਗ ੧੧੫੯)**

ਉਪਰੰਤ ਨਿਰਾਸ਼ ਹੋ ਕੇ ਉਥੋਂ ਵੀ ਉਠ ਤੁਰਿਆ। ਨਥਾਣੇ ਤੋਂ ਚੱਲ ਕੇ ਭੁੱਚੋ ਸਮਰਥ ਮਹਾਂਪੁਰਖ ਬਾਬਾ ਮਹਾਂ ਹਰਿਨਾਮ ਸਿੰਘ ਜੀ ਪਾਸ ਪਹੁੰਚਿਆ। ਸੇਵਕ ਰਾਹੀਂ ਹਜ਼ੂਰ ਦੇ ਜਾ ਦਰਸ਼ਨ ਕੀਤੇ। ਨਮਸਕਾਰ ਕਰਨ ਉਪਰੰਤ ਬੈਠ ਗਿਆ ਆਪਣੀ ਮਰਿਆਦਾ ਅਨੁਸਾਰ ਹਜ਼ੂਰ ਨੇ ਪੁੱਛਿਆ, "ਕਿੱਥੋਂ ਆਇਆ ਹੈਂ?" ਇੰਦ੍ਰ ਸਿੰਘ ਨੇ ਦੱਸਿਆ, "ਨਥਾਣੇ ਤੋਂ"। ਮੁਨਸ਼ੀ ਹਰਦਿੱਤ ਸਿੰਘ ਨੇ ਜਿਸ ਸਮੇਂ ਨਾਮ ਲਿਖਣ ਲਈ ਕਲਮ ਫੜੀ ਤਾਂ (ਅੰਤਰਜਾਮੀ ਪੁਰਖ ਸੁਆਮੀ ਅਨਬੋਲਤ ਹੀ ਜਾਨਹੁ ਹਾਲ) ਹਜ਼ੂਰ ਨੇ ਬਚਨ ਕੀਤਾ ਮੁਨਸ਼ੀ ਇਹ ਤਾਂ ਰੌਲੀ ਵਾਲਾ ਜ਼ੈਲਦਾਰ ਇੰਦਰ ਸਿੰਘ ਹੈ। ਨਾਲ ਹੀ ਬਚਨ ਕੀਤਾ ਸੱਚੋ ਸੱਚ ਸਭ ਕੁਝ ਲਿਖਾ ਦੇ। ਉਪਰੰਤ ਇਸ ਨੇ ਜਿਸ ਤਰ੍ਹਾਂ ਸੀ ਸਭ ਕੁਝ ਲਿਖਾ ਦਿੱਤਾ।



ਫਿਰ ਹੁਕਮ ਦੇ ਕੇ ਲੰਗਰ ਵਿਚ ਭੇਜ ਦਿੱਤਾ। ਉਪਰੰਤ ਇਕ ਬੇਰੀ ਦੇ ਕੇ ਬੇਰੀ ਹੇਠਾਂ ਬੈਠਣ ਦਾ ਹੁਕਮ ਕਰ ਦਿੱਤਾ। ਜਿਸ ਸਮੇਂ ਪਿਛਲਾ ਪਹਿਰ ਹੋਇਆ ਹੁਕਮ ਕਰ ਦਿੱਤਾ। ਕੋਲ ਸੱਦ ਕੇ ਬਚਨ ਕੀਤਾ ਕਿ, "ਪਿਛਲਾ ਪਹਿਰ ਹੋ ਗਿਆ ਹੈ। ਇਸ ਸਮੇਂ ਸਰਦਾਰ ਲੋਕ ਅਫ਼ੀਮ ਜਾਂ ਸ਼ਰਾਬ ਆਦਿ ਵਰਤਦੇ ਹਨ ਤੇ ਤੂੰ ਵੀ ਸਰਦਾਰ ਹੈਂ ਕੋਈ ਲੋੜ ਹੈ ਤਾਂ ਦੱਸ।" ਇੰਦਰ ਸਿੰਘ ਰੋ ਪਿਆ, ਬੇਨਤੀ ਕੀਤੀ, ਸੱਚੇ ਪਾਤਸ਼ਾਹ ਹੁਣ ਸਰਦਾਰੀਆਂ ਕਿੱਥੇ। ਰੋਟੀ ਖੁਣੋ ਤੰਗ ਹੋ ਕੇ ਘਰ ਛੱਡਿਆ ਹੈ। ਅਫ਼ੀਮ, ਸ਼ਰਾਬ ਤਾਂ ਗਈ ਕਿਤੇ। ਹਜ਼ੂਰ ਨੇ ਹੁਕਮ ਕਰਕੇ ਭਾਈ ਚੰਦਾ ਸਿੰਘ ਨੂੰ ਕੋਲ ਬੁਲਾਇਆ ਤੇ ਦੋ ਰੁਪਏ ਦੇ ਕੇ ਹੁਕਮ ਕੀਤਾ, "ਚੰਦਿਆ, ਇਸ ਸਰਦਾਰ ਨੂੰ ਨਾਲ ਲੈ ਜਾ। ਜਿਤਨੀ ਲੋੜ ਹੋਵੇ ਅਫ਼ੀਮ ਲੈ ਦੇਵੀਂ। ਸ਼ਰਾਬ ਨਾਲੇ ਤੂੰ ਵਰਤ ਲਈਂ ਤੇ ਫਿਰ ਇਸਨੂੰ ਵੀ ਪਿਆਈਂ ਰਾਤ ਨੂੰ ਮੰਜਾ ਇਸਨੂੰ ਸੌਣ ਵਾਸਤੇ ਦੇ ਦੇਵੀਂ ਸਵੇਰੇ ਇੱਥੇ ਛੱਡ ਜਾਵੀਂ। ਤੇ ਫਿਰ ਹੁਕਮ ਦੇ ਕੇ ਚੰਦਾ ਸਿੰਘ ਨਾਲ ਤੋਰਿਆ। ਇਸ ਤਰ੍ਹਾਂ ਦੋ ਸਾਲ ਲਗਾਤਾਰ ਕਰਦੇ ਰਹੇ। ਦੋ ਸਾਲ ਉਪਰੰਤ ਬਚਨ ਕੀਤਾ, "ਤੇਰੇ ਦੋ ਮੁਰੱਬੇ ਕੱਟੇ ਗਏ ਹਨ, ਜਾ ਕੇ ਲੈ ਲਾ।" ਕਈ ਦਿਨ ਬਚਨ ਕਰਦੇ ਰਹੇ। ਇੰਦਰ ਸਿੰਘ ਜਾਣ ਵਾਸਤੇ ਨਹੀਂ ਮੰਨਿਆ, ਉਸਨੇ ਸੋਚਿਆ ਮੈਨੂੰ ਤੋਰਨ ਲਈ ਬਹਾਨਾ ਹੈ। ਅਖੀਰ ਤੇ ਸਾਰੀ ਸੰਗਤ ਨੂੰ ਅਤੇ ਚੰਦਾ ਸਿੰਘ ਨੂੰ ਹੁਕਮ ਹੋਇਆ, "ਇਸਨੂੰ ਤੋਰੋ। ਜੇ ਇਹ ਘਰ ਨਾ ਗਿਆ ਇਸਦੀ ਵੰਸ਼ ਨਹੀਂ ਵੱਧਣੀ। ਇਸਨੂੰ ਦੋ ਮੁਰੱਬੇ ਜ਼ਮੀਨ ਬਾਰ ਵਿਚ ਲੈ ਦਿੱਤੀ ਹੈ। ਜਾ ਕੇ ਕਬਜਾ ਲੈ ਲਵੇ 'ਮਾਲਕ ਬਣੇ' ਸਾਂਭੇ ਆਪਣੀ ਜ਼ਮੀਨ, ਮਾਮਲੇ ਉੱਤੇ ਜ਼ਮੀਨ ਦੇ ਕੇ ਘੋੜੀ ਤੇ ਚੜ੍ਹ ਕੇ, ਲੱਕ ਨਾਲ ਰੁਪਈਏ ਬੰਨ੍ਹ ਕੇ ਘਰ ਜਾਵੇ।" ਤੇ ਫਿਰ ਸੰਗਤ ਨੇ ਵੀ ਸਮਝਾਇਆ ਕਿ ਤੂੰ ਬਚਨ ਮੰਨ ਕੇ ਚਲਿਆ ਜਾਹ। ਇਸ ਵਿਚ ਵੀ ਤੇਰਾ ਭਲਾ ਹੈ। ਤੂੰ ਕਿਸ ਤਰ੍ਹਾਂ ਇੱਥੇ ਪਹੁੰਚਿਆ। ਕਿਵੇਂ ਤੈਨੂੰ ਸਾਂਭਿਆ, ਤੇ ਹੁਣ ਆਪੇ ਤੈਨੂੰ ਆਗਿਆ ਦੇ ਰਹੇ ਹਨ। ਤੂੰ ਜਾਣ ਵਿਚ ਦੇਰ ਨਾ ਕਰ, ਸਾਰੀ ਸੰਗਤ ਦੇ ਸਮਝਾਉਣ 'ਤੇ ਇੰਦਰ ਸਿੰਘ ਮੰਨ ਗਿਆ। ਤੁਰਨ ਸਮੇਂ ਬਚਨ ਹੋਇਆ, "ਮੁਰੱਬਿਆਂ ਦਾ ਕਬਜ਼ਾ ਲੈ ਕੇ, ਲੱਕ ਨਾਲ ਰੁਪਈਏ ਬੰਨ੍ਹ ਕੇ ਘੋੜੀ 'ਤੇ ਚੜ੍ਹ ਕੇ ਘਰ ਜਾਵੀਂ।

ਤੇਰੇ ਘਰ ਸਰਦਾਰੀ ਤੇ ਕੁਰਸੀ ਆਵੇਗੀ। ਵਕਤ ਕੱਢ ਕੇ ਵਾਹਿਗੁਰੂ ਵਾਹਿਗੁਰੂ ਜਪਿਆ ਕਰੀਂ। ਨਮਸਕਾਰ ਕਰਕੇ ਚੱਲ ਪਿਆ, ਸਭ ਤੋਂ ਪਹਿਲੇ ਹੁਕਮ ਅਨੁਸਾਰ ਆਪਣੇ ਦੋਸਤ ਕਾਲਾ ਸਿੰਘ ਕੋਲ ਬੁੱਘੀ ਪੁਰੇ ਨਗਰ ਗਿਆ। ਉਸਨੇ ਵੇਖਣ ਸਾਰ ਪੁੱਛਿਆ ਕਿ ਇੰਦਰ ਸਿੰਘ ਤੈਨੂੰ ਤਾਂ ਮਰਿਆ ਸਮਝਕੇ ਤੇਰੇ ਘਰ ਦੇ ਰੋ-ਰੋ ਕੇ ਪਾਠ ਕਰਵਾ ਬੈਠੇ। ਮਕਾਣਾਂ ਵੀ ਆ ਕੇ ਮੁੜ ਗਈਆਂ। ਤੂੰ ਕਿੱਥੋਂ ਆ ਗਿਆ ? ਉੱਤਰ ਵਿਚ ਇੰਦਰ ਸਿੰਘ ਨੇ ਕਿਹਾ ਕਿ, "ਸੱਚ ਹੈ ਮੈਂ ਤੁਹਾਡੇ ਵੱਲੋਂ ਤਾਂ ਮਰ ਹੀ ਗਿਆ ਸੀ। 'ਅਬ ਮੋਹਿ ਮਿਲਓ ਹੈ ਜੀਵਾਲਨ ਹਾਰਾ' ਦੇ ਵਾਕ ਅਨੁਸਾਰ ਇੰਦਰ ਸਿੰਘ ਨੇ ਆਪ ਬੀਤੀ ਮੁੱਢ ਤੋਂ ਲੈ ਕੇ ਅਖੀਰ ਤੱਕ ਕਾਲਾ ਸਿੰਘ ਨੂੰ ਸੁਣਾਈ । ਅੰਤ ਵਿਚ ਬਾਬਾ ਜੀ ਦੇ ਮੁਰੱਬੇ ਕੱਟਣ ਵਾਲੀ ਵੀ ਸੁਣਾਈ। ਸੁਣ ਕੇ ਕਾਲਾ ਸਿੰਘ ਹੈਰਾਨ ਹੋਇਆ। ਤੇ ਦੱਸਿਆ ਠੀਕ ਤੇਰੇ ਮੁਰੱਬੇ ਹੋਏ ਹਨ। ਛੇਤੀ ਕਰ ਫਿਰੋਜ਼ਪੁਰ ਪਹੁੰਚ ਕੇ ਮੁਰੱਬੇ ਸਾਂਭ ਕੇ ਲੈ ਜਾ। ਉਪਰੰਤ ਇੰਦਰ ਸਿੰਘ ਨੇ ਬਾਰ ਵਿਚ ਪਹੁੰਚ ਕੇ ਮੁਰੱਬਿਆਂ ਦਾ ਕਬਜਾ ਲੈ ਕੇ ਘੋੜੀ ਤੇ ਚੜ੍ਹ ਕੇ ਸਰਦਾਰ ਬਣਕੇ ਪਿੰਡ ਰੌਲੀ ਵਿਚ ਜ਼ਿੰਦਗੀ ਬਤੀਤ ਕੀਤੀ। ਉਪਰੰਤ ਸੇਵਾ ਵੀ ਕਰਦਾ ਰਿਹਾ। ਹੁਕਮ ਅਨੁਸਾਰ ਦੋ ਪੁਤਰ ਹੋਏ ਅਜਮੇਰ ਸਿੰਘ ਵੱਡਾ, ਸ਼ੇਰ ਸਿੰਘ ਛੋਟਾ ਡੀ.ਐੱਸ.ਪੀ. ਪੈਨਸ਼ਨਰ ਹੈ। ਇਹ ਸਭ ਬਚਨ ਸੱਤ ਹੋਏ ਹਨ ਇਹ ਪਰਿਵਾਰ ਕੈਨੇਡਾ ਵਿਚ ਹੈ। *ਜਿਉਂ ਜਿਉਂ ਤੇਰਾ ਹੁਕਮ ਤਿਵੈ ਤਿਵਿ ਹੋਵਣਾ।*

ਬਾਬਾ ਜੀ ਮਹਾਰਾਜ ਜੀ ਦੀਆਂ ਹਜ਼ਾਰਾਂ ਹੀ ਬਖ਼ਸ਼ਿਸ਼ਾਂ ਵਿਚੋਂ ਇਹ ਇਕ ਪ੍ਰਸੰਗ ਨਮੂਨੇ ਦੇ ਤੌਰ 'ਤੇ ਅੰਕਿਤ ਹੈ।

**(ਇਹ ਬਚਨ ਸਰੂਪ ਸਿੰਘ ਔਲਖ ਪੁੱਤਰ ਧੰਨਾ ਸਿੰਘ ਕਲੇਰਾਂ ਤੋਂ ਮਿਲਿਆ।)**



# ਐਸੇ ਭਗਤ ਮਿਲਹਿ ਜਨ ਨਾਨਕ ਤਿਨ ਜਮੁ ਕਿਆ ਕਰੈ॥

**(ਅੰਗ ੮੭੭)**

ਜੀਵ ਦੀ ਹਾਲਤ, 'ਖਿਨੁ ਤੋਲਾ ਖਿਨੁ ਮਾਸਾ' ਵਾਲੀ ਬਣੀ ਹੀ ਰਹਿੰਦੀ ਹੈ। ਜਿਵੇਂ ਫ਼ੁਰਮਾਨ ਹੈ: **ਕਬਹੂ ਜੀਅੜਾ ਉਭ ਚੜਤ ਹੈ ਕਬਹੂੰ ਜਾਈ ਪਇਆਲੇ॥**

ਮਨ ਸਦਾ ਡੋਲਦਾ ਹੀ ਰਹਿੰਦਾ ਹੈ। ਜੇ ਮਹਾਂਪੁਰਖ ਦੀ ਕ੍ਰਿਪਾ ਹੋ ਜਾਏ ਉਸ ਹਾਲਤ ਵਿਚੋਂ ਨਿਕਲ ਵੀ ਜਾਂਦਾ ਹੈ। ਪਿੰਡ ਵਾਦਰ ਜਟਾਣਾ ਵਿਚੋਂ ਇਕ ਕਾਲਾ ਸਿੰਘ ਨਾਮ ਦਾ ਵਿਅਕਤੀ ਹਜ਼ੂਰ ਦੇ ਦਰਸ਼ਨ ਕਰਨ ਆਉਂਦਾ ਸੀ। ਇਕ ਦਿਨ ਕਾਲਾ ਸਿੰਘ ਦਰਸ਼ਨ ਕਰਨ ਆਇਆ ਅਤੇ ਆਪਣੇ ਘਰ ਦੇ ਬਾਬਤ ਬੇਨਤੀ ਕੀਤੀ। ਗਰੀਬ ਨਿਵਾਜ ਦੁੱਖ ਦਲਿੱਦਰ ਦੂਰ ਕਰੋ। ਜਿਸ ਤਰ੍ਹਾਂ ਗੁਰ ਵਾਕ ਹੈ।

**ਦੁਖ ਹਰਨ ਕ੍ਰਿਪਾ ਕਰਨ ਮੋਹਨ ਕਲਿ ਕਲੇਸਹ ਭੰਜਨਾ॥**
**ਸਰਨਿ ਤੇਰੀ ਰਖਿ ਲੇਹੁ ਮੇਰੀ ਸਰਬ ਮੈ ਨਿਰੰਜਨਾ॥**

**(ਆਸਾ ਛੰਤ ਮ: ੫, ਅੰਗ ੫੪੭)**

ਹਜ਼ੂਰ ਨੇ ਤਕਲੀਫ਼ ਪੁੱਛੀ ਤਾਂ ਕਾਲਾ ਸਿੰਘ ਨੇ ਆਦਿ ਤੋਂ ਅੰਤ ਸਾਰੀ ਵਿਆਖਿਆ ਸੁਣਾ ਦਿੱਤੀ ਤੇ ਬਚਨ ਕੀਤਾ, "ਤੁਸੀਂ ਆਪਣੀ ਨਿਆਈ ਵਾਲੀ ਥਾਂ ਕਬਜ਼ਾ ਕਰ ਲਵੋ। ਪਰ ਕਿਸੇ ਦਾ ਹੱਕ ਨਹੀਂ ਰੋਕਣਾ।"

**ਗੁਰੁ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨਾ ਖਾਇ॥**

**(ਅੰਗ ੧੪੧)**

ਬਚਨ ਕਰਕੇ ਘਰ ਜਾਣ ਦੀ ਆਗਿਆ ਦੇ ਦਿੱਤੀ। ਉਪਰੰਤ ਕਾਲਾ ਸਿੰਘ ਘਰ ਚਲਾ ਗਿਆ। ਆਪਣੀ ਥਾਂ ਵਿਚ ਜਾ ਕੇ ਮਿਣਤੀ ਕਰਕੇ ਮੋੜੀਆਂ ਨਾਲ ਵਾੜ ਕਰਨੀ ਆਰੰਭ ਕਰ ਦਿੱਤੀ। ਉਪਰੰਤ ਦੂਸਰੇ ਪਾਸੇ ਵਾਲਿਆਂ ਨੇ ਉਥੇ ਪਹੁੰਚ ਕੇ ਵਾੜ ਪੁੱਟ ਦਿੱਤੀ। ਤੂੰ-ਤੂੰ ਮੈਂ-ਮੈਂ ਵਿਚ ਗੱਲ ਹੋ ਕੇ ਅਚਾਨਕ ਹੀ ਦੂਜੀ ਧਿਰ ਦਾ ਬੰਦਾ ਨੁਕਸਾਨਿਆ ਗਿਆ ਤੇ ਕਾਲਾ ਸਿੰਘ ਹੋਰੀ ਡਰਦੇ

ਸਾਰੇ ਕਿਤੇ ਆਸੇ-ਪਾਸੇ ਹੋ ਗਏ। ਪਿੱਛੇ ਪੁਲਿਸ ਨੇ ਆਕੇ ਘਰ ਅੱਗੇ ਪਹਿਰਾ ਬਿਠਾ ਕੇ ਦਰਬੰਦੀ ਕਰ ਦਿੱਤੀ। ਕਾਲਾ ਸਿੰਘ ਹੋਰਾਂ ਦੇ ਮਨ ਵਿਚ ਉਦਾਸੀ ਆ ਗਈ। ਇਸ ਸਮੇਂ ਕਾਲਾ ਸਿੰਘ ਦਾ ਸਾਥੀ ਅਤੇ ਹਜ਼ੂਰ ਦਾ ਸੇਵਕ ਜਿਸਦਾ ਨਾਮ ਚੱਗੜ ਸਿੰਘ ਸੀ ਭੁੱਚੋ ਦਰਸ਼ਨ ਕਰਨ ਆਇਆ। ਉਸਦੀ ਸੁੱਖ ਅਨੰਦ ਪੁੱਛਣ ਉਪਰੰਤ ਹਜ਼ੂਰ ਨੇ ਕਾਲਾ ਸਿੰਘ ਬਰਾੜ ਦਾ ਹਾਲ ਪੁੱਛਿਆ। ਚੱਗੜ ਸਿੰਘ ਨੇ ਬੇਨਤੀ ਕੀਤੀ ਉਨ੍ਹਾਂ ਦਾ ਤਾਂ ਬੁਰਾ ਹਾਲ ਹੈ। ਉਸ ਤੋਂ ਕਤਲ ਹੋ ਗਿਆ ਹੈ। ਮੁੰਡੇ ਜੇਲ੍ਹ ਵਿਚ ਹਨ। ਘਰ ਦੀ ਨਾਕਾਬੰਦੀ ਹੋਈ ਹੈ। ਭੇਡਾਂ ਬੱਕਰੀਆਂ ਘਰ ਵਿਚ ਬੈਠਦੀਆਂ ਹਨ। ਕੁਝ ਦਿਨਾਂ ਵਿਚ ਦੇਹਲੀਆਂ ਪੱਟੀਆਂ ਜਾਣਗੀਆਂ ਭਾਵ ਸਭ ਕੁਝ ਖ਼ਤਮ ਹੋ ਜਾਵੇਗਾ। ਹਜ਼ੂਰ ਨੇ ਬਚਨ ਕੀਤਾ, ਉਨ੍ਹਾਂ ਦਾ ਕੁਝ ਨਹੀਂ ਵਿਗੜਦਾ। ਚੱਗੜ ਸਿੰਘ ਨੇ ਫਿਰ ਬੇਨਤੀ ਕੀਤੀ ਗਰੀਬ ਨਿਵਾਜ ਉਨ੍ਹਾਂ ਤੋਂ ਤਾਂ ਬੰਦਾ ਮਰ ਗਿਆ ਹੈ। ਬਾਬਾ ਜੀ ਨੇ ਉੱਤਰ ਵਿਚ ਗੁਰਬਾਣੀ ਦੀ ਪੰਗਤੀ ਪੜ੍ਹੀ।

**ਵਿਝਣ ਕਲਹਨ ਦੇਂਵਦਾ ਤਾ ਲਇਆ ਕਰਤੇ**
**ਜੋ ਜੋ ਕਰਤੇ ਅਹੰਮੇਉ ਝੜਿ ਧਰਤੀ ਪੜਤੇ ॥**

**(ਗਉੜੀ ਵਾਰ ਮ:੫, ਅੰਗ ੩੧੭)**

"ਕਾਲਾ ਸਿੰਘ ਦੇ ਪਰਿਵਾਰ ਦਾ ਕੁਝ ਨਹੀਂ ਵਿਗੜਦਾ, ਉਨ੍ਹਾਂ ਨੂੰ ਕਹੀਂ ਡਰਨਾ ਨਹੀਂ। ਤਕੜੇ ਹੋ ਕੇ ਕੰਮ ਕਰਨ। ਉਨ੍ਹਾਂ ਦਾ ਪਰਿਵਾਰ ਬੜਾ ਵਧੇ ਫੁੱਲੇਗਾ। ਉਨ੍ਹਾਂ ਦੇ ਘਰ ਤੇਸੀ ਕਰੰਡੀ ਖੜਕੇਗੀ। ਪੱਕੇ ਚੌਬਾਰੇ ਬਨਣਗੇ ਜੜ੍ਹਾਂ ਪਤਾਲ ਵਿਚ ਹੋਣਗੀਆਂ।" ਇਹ ਬਚਨ ੧੯੦੨ ਈਸਵੀ ਦੇ ਹਨ ਤੇ ਅੱਜ ਪ੍ਰਤੱਖ ਵਰਤ ਰਹੇ ਹਨ। ਮੁਕੱਦਮੇ ਦੇ ਉਪਰੰਤ ਕਾਲਾ ਸਿੰਘ ਦਰਸ਼ਨ ਕਰਨ ਆਇਆ।

**ਐਸੇ ਭਗਤ ਮਿਲਹਿ ਜਨ ਨਾਨਕ ਤਿਨ ਕਿਆ ਕਰੈ ॥**

**(ਅੰਗ ੮੭੭)**

ਬਾਬਾ ਜੀ ਬੜੇ ਪ੍ਰਸੰਨ ਹੋਏ ਅਤੇ ਅੱਗੇ ਵਾਸਤੇ ਨਾਮ ਸਿਮਰਨ ਦੀ ਤਾਕੀਦ ਕਰਕੇ ਵਿਦਾ ਕੀਤਾ।

(ਇਹ ਪ੍ਰਸੰਗ ਕਾਲਾ ਸਿੰਘ ਦੀ ਪੁੱਤਰੀ ਬੀਬੀ ਗੁਰਦਿਆਲ ਕੌਰ ਨਥੂਵਾਲਾ ਨਦੀਦ ਪਾਸੋਂ ਮਿਲਿਆ।)



# ਆਪਿ ਭੁਲਾਇ ਆਪੇ ਮਤਿ ਦੇਵੈ ॥

**(ਅੰਗ ੨੨੫)**

ਸੇਵਕ ਸੇਵਾ ਕਰਦਾ ਰਹਿੰਦਾ ਹੈ, ਮਨ ਵਿਚ ਕਈ ਤਰ੍ਹਾਂ ਦੇ ਵਿਚਾਰ ਬਣਦੇ ਰਹਿੰਦੇ ਹਨ। ਸਮੇਂ ਸਮੇਂ ਅਨੁਸਾਰ ਮਹਾਂਪੁਰਖ ਮੰਗੀਆਂ ਮੁਰਾਦਾਂ ਦਿੰਦੇ ਵੀ ਹਨ। ਨਾਲ ਪ੍ਰੀਖਿਆ ਵੀ ਚੱਲਦੀ ਰਹਿੰਦੀ ਹੈ। ਸਫ਼ਲ ਹੋਣ ਉਪਰੰਤ ਪ੍ਰਮਾਰਥ ਦੀ ਅਗਲੀ ਅਵਸਥਾ ਵਾਸਤੇ ਰਸਤਾ ਖੁੱਲ੍ਹਣ ਦਾ ਸਮਾਂ ਮਿਲਦਾ ਹੈ। ਥੋੜੀ ਜਿਹੀ ਅਸਾਵਧਾਨੀ ਕਾਰਨ ਪ੍ਰਸੰਨਤਾ ਨਹੀਂ ਲੈ ਸਕਦਾ। ਜਿਹੜਾ ਸੁੱਖ ਮਿਲਦਾ ਹੈ, ਉਹ ਦੁੱਖ ਰੂਪ ਹੋ ਜਾਂਦਾ ਹੈ। ਹਰਚੰਦ ਸਿੰਘ ਪ੍ਰੇਮੀ ਨਗਰ ਇਸ ਦਾ ਲਹਿਰਾ ਖਾਨਾ ਸੀ। ਲਹਿਰਾ ਖਾਨੇ ਵਾਲੇ ਸੰਤ ਵਧਾਵਾ ਸਿੰਘ ਜੀ ਦੀ ਪ੍ਰੇਰਨਾ ਨਾਲ ਭੁੱਚੋ ਆਉਣ ਲੱਗਾ ਸੀ। ਕਈ ਵਾਰ ਭੁੱਚੋ ਤੋਂ ਲਹਿਰੇ ਖਾਨੇ ਕੋਈ ਹੁਕਮ ਅਨੁਸਾਰ ਸੁਨੇਹਾ ਲੈ ਆਉਣਾ ਤੇ ਫਿਰ ਲਹਿਰੇ ਖਾਨਿਉਂ ਭੁੱਚੋ ਸੁਨੇਹਾ ਪਹੁੰਚਾ ਦੇਣਾ। ਇਸ ਤਰ੍ਹਾਂ ਕੁਝ ਸਮਾਂ ਬਤੀਤ ਹੋਇਆ। ਇਕ ਸਮੇਂ ਹਰਚੰਦ ਸਿੰਘ ਨੇ ਸੰਤ ਵਧਾਵਾ ਸਿੰਘ ਜੀ ਲਹਿਰੇ ਖਾਨੇ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਸੀਂ ਭੁੱਚੋ ਵਾਲੇ ਬਾਬਾ ਜੀ ਦੀ ਬੜੀ ਸਿਫ਼ਤ ਕਰਦੇ ਹੋ। ਉੱਤਰ ਵਿਚ ਸੰਤ ਵਧਾਵਾ ਸਿੰਘ ਜੀ ਨੇ ਬਚਨ ਕੀਤਾ, "ਬਾਰਾਂ ਸਾਲ ਕਠਿਨ ਤਪੱਸਿਆ, ਗਰਮੀ, ਸਰਦੀ, ਭੁੱਖ, ਤ੍ਰੇਹ, ਸਾਰੇ ਸੰਸਾਰ ਨੂੰ ਛੱਡੇ, ਭੁੱਚੋ ਵਾਲਿਆਂ ਦੀ ਸੇਵਾ ਇਕ ਸਾਲ ਕਰੇ ਫਿਰ ਵੀ ਸੇਵਾ ਦਾ ਫਲ ਵੱਡਾ ਹੈ। (**ਸਾ ਸੇਵਾ ਕੀਤੀ ਸਫਲ ਹੈ ਜਾਂ ਸਤਿਗੁਰ ਕਾ ਮਨ ਮੰਨੇ**) ਉਨ੍ਹਾਂ ਦੀ ਸਿਫ਼ਤ ਨਹੀਂ ਹੋ ਸਕਦੀ ਸਰੁਰਸਤੀ ਵਰਗਾ ਵੀ ਨਹੀਂ ਕਰ ਸਕਦਾ। ਪਰ ਸੇਵਾ ਕਰੇ ਸਤ ਬਚਨ ਦਾ ਅਧਿਕਾਰੀ ਹੋ ਕੇ, ਫੇਰ ਫਲ ਲੱਗਦਾ ਹੈ।" ਉਸ ਹਰਚੰਦ ਸਿੰਘ ਨੇ ਲਹਿਰੇ ਵਾਲਿਆਂ ਕੋਲ ਬੇਨਤੀ ਕੀਤੀ ਤੁਸੀਂ ਮੈਨੂੰ ਸੇਵਾ ਲੈ ਦਿਓ। ਉੱਤਰ ਵਿਚ ਸੰਤ ਵਧਾਵਾ ਸਿੰਘ ਜੀ ਨੇ ਬਚਨ ਕੀਤਾ ਦੇਖ ਲੈ ਸੇਵਾ ਤਾਂ ਤੈਨੂੰ ਮਿਲ ਜਾਏਗੀ ਪਰ ਸਤਿ-ਬਚਨ ਦਾ ਅਧਿਕਾਰੀ ਬਣਨਾ ਪਵੇਗਾ। ਹਰਚੰਦ ਸਿੰਘ ਨੇ ਬੇਨਤੀ

ਕੀਤੀ ਜਿਸ ਤਰ੍ਹਾਂ ਕਰਵਾਉਣਗੇ ਕਰਾਂਗਾ। ਜੋ ਕਹਿਣਗੇ ਸੋ ਮੰਨਾਂਗਾ। ਉੱਤਰ ਵਿਚ ਸੰਤ ਜੀ ਨੇ ਕਿਹਾ, "ਜਾ ਫੇਰ ਉਥੇ, ਭਾਵ ਭੁੱਚੋ ਪਹੁੰਚ। ਸਾਡਾ ਮੰਨ ਕਹਿੰਦਾ ਹੈ ਤੈਨੂੰ ਨਹੀਂ ਮੋੜਦੇ। ਪਰ ਵੇਖੀਂ ਸੰਭਲ ਕੇ ਰਹੀਂ। ਗੁਰ ਪੀਰਾਂ ਦੀ ਚਾਕਰੀ ਮਹਾਂ ਕਰੜੀ ਸੁੱਖ ਸਾਰ" ਹੁੰਦੀ ਹੈ। ਹਰਚੰਦ ਸਿੰਘ ਜਿਸ ਸਮੇਂ ਭੁੱਚੋ ਆਇਆ ਉਸ ਵੇਲੇ ਬਾਬਾ ਜੀ ਨੇ ਸੇਵਾ ਵਿਚ ਲਾ ਲਿਆ। ਰੋਜ਼ ਲਹਿਰੇ ਖਾਨੇ ਜਾਣਾ ਤੇ ਆ ਕੇ ਸੇਵਾ ਕਰਨੀ। ਹਰਚੰਦ ਸਿੰਘ ਦੇ ਮੰਨ ਵਿਚ ਬੜੀ ਖੁਸ਼ੀ ਹੋਈ। ਇਕ ਦਿਨ ਘਰ ਵਿਚ ਬੈਠਿਆਂ ਘਰ ਵਾਲੀ ਨਾਲ ਵਿਚਾਰ ਕੀਤੀ ਕਿ ਬਾਬਾ ਜੀ ਪਾਸ ਘਰ ਬਾਬਤ ਅਰਜ ਕਰੀਏ। ਇਸ ਸਲਾਹ ਉਪਰੰਤ ਹਜ਼ੂਰ ਦੇ ਚਰਨਾਂ ਵਿਚ ਪਹੁੰਚ ਕੇ ਸੇਵਾ ਕਰਨ ਲੱਗ ਪਿਆ। ਇਕ ਸਮੇਂ ਬਾਬਾ ਜੀ ਨੂੰ ਪ੍ਰਸੰਨ ਵੇਖ ਕੇ ਆਪਣੇ ਘਰ ਬਾਬਤ ਬੇਨਤੀ ਕਰ ਦਿੱਤੀ। ਉੱਤਰ ਵਿਚ ਫਰਮਾਇਆ, "ਹਰਚੰਦ ਸਿੰਘ ਤੂੰ ਫ਼ੌਜ ਵਿਚ ਭਰਤੀ ਹੋ ਜਾ। ਹੁਣ ਲੜਾਈ ਲੱਗਣ ਵਾਲੀ ਹੈ। ਤੈਨੂੰ ਵਕਤ ਮਿਲ ਜਾਵੇਗਾ। "ਉਪਰੰਤ ਹਰਚੰਦ ਸਿੰਘ ਨੇ ਬੇਨਤੀ ਕੀਤੀ ਗਰੀਬ ਨਿਵਾਜ ਬਚਨ ਤਾਂ ਸਤ ਹੈ। ਪਰ ਇਹ ਸੇਵਾ ਫਿਰ ਨਹੀਂ ਮਿਲਣੀ। ਹਜ਼ੂਰ ਨੇ ਬਚਨ ਕੀਤਾ, "ਸੇਵਾ ਤੈਥੋਂ ਉਥੇ ਬੈਠੇ ਕਰਵਾ ਲਵਾਂਗੇ। ਨਾਲ ਹੀ ਨਿਤਨੇਮ ਕਰਨ ਦੀ ਤਾਕੀਦ ਕੀਤੀ। ਇਸ ਨੂੰ ਨਾ ਵਿਸਾਰੀਂ।" ਸਤਿ ਬਚਨ ਕਹਿ ਕੇ ਹਰਚੰਦ ਸਿੰਘ ਘਰ ਪਹੁੰਚ ਕੇ ਭਰਤੀ ਹੋ ਗਿਆ। ਉਪਰੰਤ ਜਦੋਂ ਛੁੱਟੀ ਲੈ ਕੇ ਪਿੰਡ ਆਉਣਾ ਦਰਸ਼ਨ ਕਰਨੇ। ਸੇਵਾ ਨੇਮ ਨਾਲ ਕਰਨੀ। ਰੋਜ਼ ਆਉਣਾ ਤੇ ਚਲੇ ਜਾਣਾ। ਸਮੇਂ ਅਨੁਸਾਰ ਇਕ-ਇਕ ਕਰਕੇ 3 ਲੜਕੀਆਂ ਹੋਈਆਂ, ਗੁਰਦੇਵ ਕੌਰ, ਪ੍ਰਸਿੰਨ ਕੌਰ ਤੇ ਨੰਦ ਕੌਰ। ਸਮਾਂ ਆਉਣ ਤੇ ਬਾਬਾ ਜੀ ਪਾਸ ਬੇਨਤੀ ਕੀਤੀ, ਇਕ ਤਾਂ ਤਰੱਕੀ ਹੋ ਜਾਵੇ। ਬਚਨ ਹੋਇਆ, "ਨੌਕਰੀ ਵਿਚ ਤਰੱਕੀ ਹੋ ਜਾਵੇਗੀ। ਪਹਿਲੀ ਤਨਖਾਹ ਅਸਾਨੂੰ ਮਿਲੇ। ਜਿਸ ਸਮੇਂ ਤਨਖਾਹ ਮਿਲੇ ਉਸ ਵੇਲੇ ਹੀ ਸਾਨੂੰ ਮਿਲ ਜਾਵੇ ਦੇਰ ਨਾ ਲੱਗੇ।" ਦੂਜੀ ਬੇਨਤੀ ਕਰਦੇ ਹਾਂ ਕਿ, "ਪੁੱਤਰ ਹੋ ਜਾਵੇ।" ਹੁਕਮ ਕੀਤਾ, "ਹੋ ਜਾਵੇਗਾ।" ਇਸ ਤੋਂ ਉਪਰੰਤ ਪੁੱਤਰ ਵੀ ਹੋ ਗਿਆ ਨਾਮ ਰੱਖਿਆ ਦਇਆ ਸਿੰਘ ਜੋ ਅਜੇ ਤੱਕ ਮੌਜੂਦ ਹੈ। ਪ੍ਰੰਤੂ ਤਰੱਕੀ ਹੋਣ ਉਪਰੰਤ ਪਹਿਲੀ ਤਨਖਾਹ ਦੇਣ ਵਿਚ ਦੇਰ ਲੱਗ ਗਈ। ਜਿਸ ਵਕਤ ਤਨਖਾਹ ਲੈ ਕੇ ਸੇਵਾ ਵਿਚ ਦੇਣ ਆਇਆ ਤਾਂ ਤਨਖਾਹ ਨਹੀਂ ਲਈ। ਹੁਕਮ ਕੀਤਾ ਕੀ ਤੂੰ ਬਚਨ ਕਮਾਉਣ ਵਿਚ ਦੇਰ ਕੀਤੀ ਅਤੇ ਤੂੰ ਨਿਤਨੇਮ ਵੀ ਛੱਡ ਦਿੱਤਾ ਜੋ ਕਿ ਚੰਗਾ



ਨਹੀਂ ਕੀਤਾ ਫਿਰ ਸੇਵਾ ਮੰਗੀ ਹੁਕਮ ਕੀਤਾ, "ਤੇਰਾ ਪਰਿਵਾਰ ਸੇਵਾ ਕਰੇਗਾ ਤੂੰ ਨਹੀਂ ਜੇ ਤੂੰ ਸੇਵਾ ਕਰਨੀ ਹੈ ਤਾਂ ਲਹਿਰੇ ਖਾਨੇ ਸੰਤ ਵਧਾਵਾ ਸਿੰਘ ਦੀ ਸੇਵਾ ਕਰ। ਉਸ ਤੋਂ ਉਪਰੰਤ ਦੋ ਪੁਤਰ ਹੋਰ ਹੋਏ, ਗੁਰਦੇਵ ਸਿੰਘ ਅਤੇ ਸੁਰਜੀਤ ਸਿੰਘ।

**(ਇਹ ਪ੍ਰਸੰਗ ਸੰਗਤ ਪਾਸੋਂ ਮਿਲਿਆ)**

# ਕੀਤਾ ਲੋੜਹਿ ਸੋ ਕਰਹਿ ਤੁਝ ਬਿਨੁ ਕਛੁ ਨਾਹਿ॥

**(ਅੰਗ ੮੧੧)**

ਇਕ ਰਾਮ ਨਾਮ ਦਾ ਸੇਠ ਸੀ। ਭੁੱਚੋ ਉਸ ਦਾ ਨਗਰ ਸੀ। ਕੋਈ ਸਮਾਂ ਸੀ ਇਸਦੇ ਔਲਾਦ ਨਹੀਂ ਸੀ। ਕੁਦਰਤ ਦੇ ਰੰਗ ਪਿਛਲੀ ਉਮਰੇ ਘਰ ਉਮੀਦਵਾਰੀ ਹੋਈ। ਕੁਝ ਆਸਵੰਦ ਹੋ ਕੇ ਇਕ ਜੋਤਸ਼ੀ ਭਵਨਾ ਰਾਮ ਪੰਡਿਤ ਨੂੰ ਪੁੱਛਿਆ, "ਮੇਰੇ ਘਰ ਕੀ ਹੋਵੇਗਾ ?" ਪੰਡਿਤ ਨੇ ਲਗਨ ਅਨੁਸਾਰ ਗਿਣਤੀ ਕਰਕੇ ਦੱਸਿਆ ਕਿ ਤੇਰੇ ਘਰ ਲੜਕੀ ਹੋਵੇਗੀ। ਬੜਾ ਸੋਚਵਾਨ ਹੋਇਆ। ਇਹ ਕੀ ਬਣਿਆ ? ਅਖੀਰੀ ਉਮਰ ਵਿਚ ਇਕੋ, ਉਹ ਵੀ ਲੜਕੀ। ਹੁਣ ਕਿੱਥੇ ਜਾਵਾਂ ? ਕਿਸੇ ਮਿੱਤਰ ਨੇ ਸਲਾਹ ਦਿੱਤੀ ਕਿ ਰੁੰਮੀ ਵਾਲੇ ਬਾਬਾ ਜੀ ਕੋਲ ਬੇਨਤੀ ਕਰਕੇ ਵੇਖ। ਐਸ ਵਕਤ ਉਹੀ ਸਮਰੱਥ ਹਨ। ਜੇ ਕਰਨ ਤਾਂ ਕਰ ਸਕਦੇ ਹਨ 'ਨਿਰਾਸ ਆਸ ਪੂਰਨਹ'। ਉਸਦੀ ਸਲਾਹ ਅਨੁਸਾਰ ਬਾਲਕ ਰਾਮ ਨੇ ਹਜ਼ੂਰ ਦੇ ਚਰਨਾਂ ਵਿਚ ਬੇਨਤੀ ਕੀਤੀ, "ਸੱਚੇ ਪਾਤਸ਼ਾਹ, ਮੈਂ ਇਸ ਵਾਸਤੇ ਹਾਜ਼ਰ ਹੋਇਆ ਹਾਂ।" ਨਾਲ ਹੀ ਜੋ ਪੰਡਿਤ ਭਵਨਾ ਰਾਮ ਨੇ ਦੱਸਿਆ ਸੀ ਉਹ ਵੀ ਬੇਨਤੀ ਕਰ ਦਿੱਤੀ। ਉੱਤਰ ਵਿਚ ਹਜ਼ੂਰ ਨੇ ਫੁਰਮਾਨ ਕੀਤਾ ਤੁਹਾਡੇ ਘਰ ਤੁਹਾਡਾ ਬਜ਼ੁਰਗ ਗੋਂਦਾ ਮਲ ਆਏਗਾ ਪਰ ਤੁਸੀਂ ਉਸਨੂੰ ਸੰਭਾਲ ਨਹੀਂ ਸਕੋਗੇ। ਜੋਤਸ਼ੀ ਨੂੰ ਦੱਸ ਦਿਓ ਅਸਾਡੇ ਘਰ ਪੁੱਤਰ ਹੋਵੇਗਾ। ਹਜ਼ੂਰ ਦੇ ਬਚਨ ਅਨੁਸਾਰ ਸੇਠ ਨੇ ਪੰਡਿਤ ਭਵਨਾ ਰਾਮ ਨੂੰ ਜਾ ਦੱਸਿਆ ਕਿ ਅਸਾਡੇ ਪੁੱਤਰ ਹੋਵੇਗਾ। ਪਹਿਲਾਂ ਤਾਂ ਪੰਡਿਤ ਮੰਨੇ ਨਾ ਕਿ ਤੁਹਾਨੂੰ ਕਿਸ ਨੇ ਕਿਹਾ ਹੈ। ਕਿ ਤੁਹਾਡੇ ਪੁੱਤਰ ਹੋਵੇਗਾ। ਕਹਿਣ ਲੱਗਾ ਜੇ ਤੁਹਾਡੇ ਹੋ ਜਾਵੇ ਤਾਂ ਮੈਂ ਗ੍ਰੰਥ ਸਾੜ ਦਿਆਂਗਾ। ਜੋਤਿਸ਼ ਦਾ ਕੰਮ ਛੱਡ ਦਿਆਂਗਾ। ਕੁਝ ਚਿਰ ਉਪਰੰਤ

ਪੰਡਿਤ ਜੀ ਨੇ ਫਿਰ ਪੁੱਛਿਆ, "ਸੇਠ ਜੀ, ਤੈਨੂੰ ਕਿਸ ਨੇ ਕਿਹਾ ਹੈ ਕਿ ਮੁੰਡਾ ਹੋਵੇਗਾ।" ਤਾਂ ਬਾਲਕ ਰਾਮ ਨੇ ਬਾਬਾ ਜੀ ਦਾ ਨਾਮ ਲਿਆ। ਫਿਰ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਤਾਂ ਇਹ ਵੀ ਬਚਨ ਕੀਤਾ ਹੈ ਕਿ, "ਤੁਹਾਡਾ ਬਜ਼ੁਰਗ ਗੌਂਦਾ ਸੇਠ ਹੋਵੇਗਾ। ਪਰ ਉਸਨੂੰ ਤੁਹਾਡੇ ਤੋਂ ਰੱਖਿਆ ਨਹੀਂ ਜਾਣਾ। ਪੰਡਿਤ ਜੀ ਨੇ ਦੱਸਿਆ, "ਮੇਰੇ ਲਗਨ ਵਿਚਾਰਨ ਅਨੁਸਾਰ ਤਾਂ ਲੜਕੀ ਹੀ ਹੈ। ਤੁਸੀਂ ਕਿਸੇ ਹੋਰ ਜੋਤਸ਼ੀ ਨੂੰ ਪੁੱਛ ਲਵੋ।" ਪ੍ਰੰਤੂ ਸਾਧ ਕੀ ਮਹਿਮਾ ਬੇਦ ਨ ਜਾਨਹਿ। ਜੇਤਾ ਸੁਨਹਿ ਤੇਤਾ ਬਖਿਆਨਹਿ। ਫਿਰ ਮੈਂ ਕੁਝ ਨਹੀਂ ਕਹਿ ਸਕਦਾ। ਉਹ ਸਮਰੱਥ ਹਨ ਹੁਣ ਤੂੰ ਉਹਨਾਂ ਤੋਂ ਸਿੱਖਿਆ ਦੀਖਿਆ ਲੈ ਕੇ ਹੁਕਮ ਅਨੁਸਾਰ ਚੱਲ। ਛਾਡ ਸਿਆਨਪ ਬਹੁ ਚੁਤਰਾਈ ਦੁਇ ਕਰ ਜੋੜ ਸਾਧ ਮਗ ਚਲ॥" ਉਹਨਾਂ ਦਾ ਬਚਨ ਅਟੱਲ ਹੈ। ਉਪਰੰਤ ਪੁੱਤਰ ਹੀ ਹੋਇਆ। ਹੁਕਮ ਸੀ ਰਹਿਆ ਨਹੀਂ, ਗੁਜ਼ਰ ਗਿਆ। ਫਿਰ ਹੁਕਮ ਅਨੁਸਾਰ ਪੁੰਨ-ਦਾਨ ਨਾ ਕਰ ਸਕਿਆ। ਦੂਸਰੇ ਬਚਨ ਅਨੁਸਾਰ ਆਪਣੇ ਭਤੀਜੇ ਵੇਦ ਪ੍ਰਕਾਸ਼ ਨੂੰ ਮੁਤਬੰਨਾ ਬਣਾ ਲਿਆ ਜੋ ਅੱਜ ਤੱਕ ਇਸ ਘਰ ਦਾ ਸ਼ਰਧਾਲੂ ਹੈ।

**(ਇਹ ਬਚਨ ਕਰਨੈਲ ਸਿੰਘ ਅਗਬਾੜ ਬੀਬੀ ਕਾ ਪਾਸੋਂ ਪ੍ਰਾਪਤ ਹੋਇਆ)**

## ਤੂ ਅਗਮ ਦਇਆਲੁ ਬੇਅੰਤੁ ਤੇਰੀ ਕੀਮਤਿ ਕਹੈ ਕਉਣੁ॥

**(ਅੰਗ ੧੦੯੪)**

ਇਕ ਮਾਈ ਜਿਸਦਾ ਨਾਮ ਰੱਤੋ ਸੀ ਹਜ਼ੂਰ ਦੀ ਸੇਵਾ ਆਪਣੀਆਂ ਨੂੰਹਾਂ ਨੂੰ ਨਾਲ ਲੈ ਕੇ ਕੁਝ ਪਿੰਡ ਦੀਆਂ ਮਾਈਆਂ ਨਾਲ ਮੰਦਰ ਵਾਲੀ ਖੂਹੀ ਤੋਂ ਪਾਣੀ ਭਰਦੀਆਂ ਸਨ। ਇਕ ਸੇਵਕ ਨੀਲਾ ਸਿੰਘ ਪਾਣੀ ਕੱਢੀ ਜਾਂਦਾ ਸੀ ਅਤੇ ਮਾਈਆਂ ਘੜਿਆਂ ਨਾਲ ਡੇਰੇ ਵਿਚ ਪਾਣੀ ਲਿਆਉਂਦੀਆਂ ਸਨ ਤੇ ਗਰਮੀ ਦੇ ਮੌਸਮ ਆ ਜਾਣ ਕਰਕੇ ਪਾਣੀ ਦੀ ਬਹੁਤ ਕਿੱਲਤ ਹੋ ਗਈ। ਬਾਬਾ ਜੀ ਨੇ ਅਸਥਾਨ ਟਿੱਲੇ ਦੇ ਨਾਲ ਹੀ ਪਾਣੀ ਦਾ ਛੱਪੜ ਜਿਸਨੂੰ ਹਜ਼ੂਰ ਤਲਾਬ ਕਹਿੰਦੇ ਸਨ, ਵਿਚੋਂ ਵੀ ਪਾਣੀ ਮੁੱਕ ਗਿਆ। ਜਾਨਵਰ ਤੇ ਪਸ਼ੂ ਤਿਹਾਏ ਮਰਨ



ਲੱਗੇ। ਉਸ ਸਮੇਂ ਮਾਈਆਂ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮੀਂਹ ਪੈ ਜਾਵੇ। ਪਾਣੀ ਬਿਨਾਂ ਬਹੁਤ ਔਖਾ ਹੈ ਕਿਰਪਾ ਕਰੋ ਮੀਂਹ ਪੈ ਜਾਵੇ, ਬਾਬਾ ਜੀ ਨੇ ਬਚਨ ਕੀਤਾ, "ਤੁਸੀਂ ਮਾਈਆਂ ਛੱਪੜ ਪੁੱਟੋ ਮੀਂਹ ਪੈ ਜਾਵੇਗਾ।" ਉਸ ਵਕਤ ਪਿੰਡ ਦੀਆਂ ਸਾਰੀਆਂ ਮਾਈਆਂ ਮਿਲਕੇ ਚਾਰ ਪੰਜ ਦਿਨ ਛੱਪੜ ਪੁੱਟਦੀਆਂ ਰਹੀਆਂ। ਪੰਜਵੇਂ ਦਿਨ ਮੁੰਡਿਆਂ ਨੇ ਛੱਪੜ ਪੁੱਟਿਆ, ਅਤੇ ਸਭ ਤਰ੍ਹਾਂ ਨਾਲ ਠੀਕ ਕਰ ਦਿੱਤਾ। ਕਿਨਾਰੇ ਪੱਧਰੇ ਕਰਕੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਹੁਣ ਕਿਰਪਾ ਕਰੋ। ਕੁਝ ਘੰਟਿਆ ਬਾਅਦ ਮੀਂਹ ਆ ਗਿਆ। ਛੱਪੜ ਪਾਣੀ ਨਾਲ ਭਰ ਗਏ। ਜ਼ਿਮੀਂਦਾਰਾਂ ਦੀ ਖੁਸ਼ੀ ਦਾ ਕੋਈ ਅੰਤ ਨਾ ਰਿਹਾ। ਅਗਲੇ ਦਿਨ ਮਾਈ ਰੱਤੋ ਨਿਯਮ ਅਨੁਸਾਰ ਨੂੰਹਾਂ ਨੂੰ ਨਾਲ ਲੈ ਕੇ ਪਾਣੀ ਭਰਨ ਆਈ। ਸੇਵਾ ਉਪਰੰਤ ਹਜ਼ੂਰ ਤੋਂ ਘਰ ਜਾਣ ਦੀ ਆਗਿਆ ਮੰਗੀ। ਤਾਂ ਹਜ਼ੂਰ ਮਾਈ ਰੱਤੋ ਤੇ ਉਸਦੀਆਂ ਨੂੰਹਾਂ ਦੀ ਸ਼ਰਾ ਕਰਨ ਦਾ ਹੁਕਮ ਕਰ ਦਿੱਤਾ ਅਤੇ ਨਾਲ ਹੀ ਮਾਈ ਦੀਆਂ ਨੂੰਹਾਂ ਦੇ ਗੋਤ ਪੁੱਛੇ। ਜਦੋਂ ਬਚਨ ਕੌਰ ਦੀ ਵਾਰੀ ਆਈ ਤਾਂ ਉਸ ਨੂੰ ਉਸਦਾ ਗੋਤ ਪੁੱਛਿਆ। ਬਚਨ ਕੌਰ ਨੇ ਆਪਣਾ ਗੋਤ ਮਾਨ ਦੱਸਿਆ ਸੁਣਕੇ ਹਜ਼ੂਰ ਨੇ ਬਚਨ ਕੀਤਾ ਮਾਨ ਤਾਂ ਖ਼ਰਾਬ ਹੁੰਦੇ ਹਨ।

## ਜਿਨਿ ਜਨਿ ਅਪਨਾ ਪ੍ਰਭੂ ਪਛਾਤਾ। ਸੋ ਜਨੁ ਸਰਬ ਥੋਕ ਕਾ ਦਾਤਾ॥

**(ਅੰਗ ੨੮੭)**

ਨਾਭੇ ਰਿਆਸਤ ਸਮੇਂ ਇਕ ਉੱਚੇ ਦਰਜੇ ਦਾ ਸਰਕਾਰੀ ਅਹਿਲਕਾਰ ਸੀ। ਉਸਦੇ ਕੋਈ ਔਲਾਦ ਨਹੀਂ ਸੀ। ਕਦੇ ਕਦੇ ਆ ਕੇ ਦਰਸ਼ਨ ਕਰਦਾ ਹੁੰਦਾ ਸੀ। ਇਕ ਸਮੇਂ ਉਸਨੇ ਬਾਬਾ ਜੀ ਕੋਲ ਔਲਾਦ ਦੀ ਬਾਬਤ ਬੇਨਤੀ ਕੀਤੀ ਤਾਂ ਹਜ਼ੂਰ ਨੇ ਬਚਨ ਕੀਤਾ, "ਭਾਈ ਵਾਹਿਗੁਰੂ 'ਤੇ ਭਰੋਸਾ ਰੱਖੋ। ਪਰ ਆਉਣਾ ਜਾਣਾ ਨਾ ਛੱਡੋ। ਨਾਮ ਸਿਮਰਨ ਕਰਿਆ ਕਰੋ।" ਕੁਝ ਸਮਾਂ ਹੋਰ ਬੀਤਿਆ ਉਨ੍ਹਾਂ ਨੇ ਫਿਰ ਬੇਨਤੀ ਕੀਤੀ ਕਿ ਗਰੀਬ ਨਿਵਾਜ:

**ਬਹੁਤੇ ਫੇਰ ਪਏ ਕਿਰਪਨ ਕਉ ਅਬ ਕੁਝ ਕਿਰਪਾ ਕੀਜੈ॥**

**(ਧਨਾਸਰੀ ਰਵੀਦਾਸ)**

ਸੱਚੇ ਪਾਤਸ਼ਾਹ ਕਿਰਪਾ ਕਰੋ। ਉੱਤਰ ਵਿਚ ਹਜ਼ੂਰ ਨੇ ਬਚਨ ਕੀਤਾ ਤੁਸੀਂ ਅੱਜ ਦੇ ਦਿਨ ਤੋਂ ਮਹੀਨਾ ਗਿਣ ਲਵੋ ਅਤੇ ਹਾੜ ਦੇ ਮਹੀਨੇ ਦੇ ਚੜ੍ਹਨ ਤੋਂ ਬਾਅਦ ਹੀ ਆ ਜਾਇਓ। ਫਿਰ ਤੁਹਾਡਾ ਕੰਮ ਹੋ ਜਾਵੇਗਾ। ਦੋਵੇਂ ਜੀਵ ਆਗਿਆ ਲੈ ਕੇ ਚਲੇ ਗਏ। ਹਾੜ ਦਾ ਮਹੀਨਾ ਚੜ੍ਹਨ ਸਾਰ ਬਾਬਾ ਜੀ ਦੇ ਚਰਨਾਂ ਵਿਚ ਹੁਕਮ ਅਨੁਸਾਰ ਹਾਜ਼ਰ ਹੋ ਕੇ ਫਿਰ ਬੇਨਤੀ ਕੀਤੀ ਕਿ ਗਰੀਬ ਨਿਵਾਜ ਹੁਣ ਕਿਰਪਾ ਕਰੋ ਬੇਨਤੀ ਮੰਨ ਕੇ ਹਜ਼ੂਰ ਨੇ ਆਪਣੀ ਮਰਿਆਦਾ ਕਰਨੀ ਸ਼ੁਰੂ ਕਰ ਦਿੱਤੀ।

ਹਜ਼ੂਰ ਨੇ ਹੁਕਮ ਦੇ ਕੇ ਦੋਹਾਂ, ਜੀਆਂ ਨੂੰ ਪਹਿਲਾਂ ਨੰਗੇ ਪੈਰੀਂ ਧੁੱਪੇ ਖੜੇ ਕਰਕੇ ਹੁਕਮ ਕੀਤਾ, "ਵਾਹਿਗੁਰੂ ਜਪੋ।" ਕੁਝ ਚਿਰ ਉਪਰੰਤ ਉਸਦੀ ਘਰਵਾਲੀ ਜਿਹੜਾ ਅੱਜ ਮੌਜੂਦਾ ਥੜ੍ਹਾ ਹੈ, ਅੰਮ੍ਰਿਤ ਵਾਲੀ ਕੋਠੀ ਦੇ ਪਾਸੇ ਜਿਸਨੂੰ ਜਰਮਨ ਵਾਲਾ ਥੜ੍ਹਾ ਆਖਦੇ ਹਨ, ਹੁਣ ਪੱਕਾ ਬਣਿਆ ਹੈ, ਉਦੋਂ ਕੱਚਾ ਹੁੰਦਾ ਸੀ। ਇੱਥੇ ਪੈਣ ਦਾ ਹੁਕਮ ਹੋਇਆ। ਸਰਦਾਰ ਦੀ ਘਰਵਾਲੀ ਹੁਕਮ ਮੰਨ ਕੇ ਥੜ੍ਹੇ ਉੱਤੇ ਪੈ ਗਈ। ਪਹਿਲਾਂ ਸਿੱਧਾ ਪਾਸਾ ਲੈ ਕੇ ਪਈ। ਅਖੀਰ ਉੱਤੇ ਪੁੱਠੀ ਲੰਮੀ ਪੈ ਗਈ ਉਪਰ ਟਿੱਲੇ ਉੱਤੇ ਖੜੇ ਬਾਬਾ ਜੀ ਦੇਖ ਰਹੇ ਸਨ। ਹਾੜ ਦਾ ਮਹੀਨਾ ਜ਼ਮੀਨ ਪੂਰੀ ਤਪੀ ਹੋਈ ਸੀ। ਇਸ ਤਰ੍ਹਾਂ ਕੁਝ ਸਮਾਂ ਬੀਤਣ ਤੋਂ ਬਾਅਦ ਸਿਦਕ ਦੀ ਪੱਕੀ ਬੀਬੀ ਨੇ ਆਪਣਾ ਤਨ, ਮਨ, ਸਿਦਕ ਅਨੁਸਾਰ ਕਾਇਮ ਰੱਖਿਆ। ਬਾਬਾ ਜੀ ਦੇ ਹੁਕਮ ਅਨੁਸਾਰ ਵਾਹਿਗੁਰੂ-ਵਾਹਿਗੁਰੂ ਹੀ ਜਪਦੀ ਰਹੀ। ਕੋਲ ਟਿੱਲੇ ਉੱਤੇ ਖੜੇ ਬਾਬਾ ਜੀ ਦੇਖ ਰਹੇ ਸਨ। ਭਾਈ ਨੀਲਾ ਸਿੰਘ ਹੁਕਮ ਅਨੁਸਾਰ ਸ਼ਰ੍ਹਾਂ ਕਰਵਾ ਰਿਹਾ ਸੀ। ਵੇਖ ਕੇ ਨੀਲਾ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਲੜਕੀ ਬਹੁਤ ਔਖੀ ਹੋ ਰਹੀ ਹੈ। ਗਰਮੀ ਵੀ ਅਤ ਦੀ ਹੈ। ਇਸ ਨੂੰ ਉਠਾ ਦਿਓ। ਸੁਣ ਕੇ ਹਜ਼ੂਰ ਨੇ ਬਚਨ ਕੀਤਾ, "ਨੀਲਾ ਸਿੰਘ ਇਸ ਨੂੰ ਪੁੱਤਰ ਦੀ ਲੋੜ ਹੈ।" ਅਜੇ ਹੋਰ ਕੁਝ ਸਮਾਂ ਪਈ ਰਹਿਣ ਦੇ। ਉਪਰੰਤ ਨੀਲਾ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਤੁਹਾਡੀਆਂ ਤੁਸੀਂ ਜਾਣੋ। ਉਪਰੰਤ ਬਾਬਾ ਜੀ ਨੇ ਉਸ ਬੀਬੀ ਨੂੰ ਉੱਠਣ ਦਾ ਹੁਕਮ ਕੀਤਾ। ਉੱਠਣ ਸਾਰ ਉਸ ਲੜਕੀ ਨੇ ਹਜ਼ੂਰ ਦੇ ਚਰਨਾਂ ਤੇ ਜਾ ਮੱਥਾ ਟੇਕਿਆ। ਫਿਰ ਬਾਬਾ ਜੀ ਨੇ ਬਚਨ ਕੀਤਾ ਕਿ ਬੀਬੀ ਅੱਜ ਤਾਂ ਤੂੰ ਮਨ ਵਿਚ ਪੱਕਾ ਧਾਰ ਲਿਆ ਸੀ ਕਿ ਉਠਣਾ ਨਹੀਂ, ਜੋ ਮਰਜ਼ੀ ਹੋ ਜਾਏ। ਉਸ ਵੇਲੇ ਪਿਆਰਾ ਮਲ ਸੇਠ ਮਹੇਸ਼ਵਰੀ ਹਜ਼ੂਰ ਦੇ ਚਰਨਾਂ ਵਿਚ ਬੈਠਾ ਸੀ। ਬਾਬਾ ਜੀ ਨੇ ਪਿਆਰਾ



ਮੱਲ ਦੀ ਪਿੱਠ 'ਤੇ ਹੱਥ ਰੱਖ ਕੇ ਬਚਨ ਕੀਤਾ, "ਇਹ ਸਾਡਾ ਗੁਰੂ ਹੈ। ਇਸ ਅੱਗੇ ਵੀ ਬੇਨਤੀ ਕਰੋ।" ਬਚਨ ਮੰਨ ਕੇ ਉਨ੍ਹਾਂ ਨੇ ਉਸ ਅੱਗੇ ਵੀ ਬੇਨਤੀ ਕੀਤੀ। ਬਾਬਾ ਜੀ ਦੇ ਹੁਕਮ ਅਨੁਸਾਰ ਪਿਆਰਾ ਮੱਲ ਮਹੇਸ਼ਵਰੀ ਨੇ ਵੀ ਬਚਨ ਕੀਤਾ ਕਿ ਇਕ ਸਾਲ ਦੇ ਅੰਦਰ ਪੁੱਤਰ ਹੋ ਜਾਵੇਗਾ। ਉਪਰੰਤ ਹਜ਼ੂਰ ਨੇ ਬਚਨ ਕੀਤਾ ਕਿ, "ਸ਼ੁੱਧ ਹੈ"। ਉਪਰੰਤ ਦੋਵੇਂ ਜੀਅ ਆਗਿਆ ਲੈ ਕੇ ਨਾਭੇ ਪਹੁੰਚ ਗਏ। ਇਕ ਸਾਲ ਬਾਅਦ ਉਨ੍ਹਾਂ ਦੇ ਘਰ ਪੁੱਤਰ ਹੋਇਆ। ਉਪਰੰਤ ਦਰਸ਼ਨ ਕਰਕੇ ਖੁਸ਼ੀਆਂ ਲੈ ਕੇ ਵਾਪਸ ਨਾਭੇ ਪਹੁੰਚ ਗਏ। ਕਿਸੇ ਸਮੇਂ ਨਾਭੇ ਵਾਲਿਆਂ ਕੋਲ ਪਿਆਰਾ ਮੱਲ ਮਹੇਸ਼ਵਰੀ ਪਹੁੰਚ ਗਿਆ। ਉਸ ਸਰਦਾਰ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਗੁਰੂ ਜਾਣਕੇ ਬੜੀ ਸੇਵਾ ਕੀਤੀ। ਤੁਰਨ ਸਮੇਂ ਪਿਆਰੇ ਮੱਲ ਨੂੰ ਕੀਮਤੀ ਬਸਤਰ ਅਤੇ ਕੁਝ ਮਾਇਆ ਵੀ ਦਿੱਤੀ। ਭੁੱਚੋ ਆਉਣ ਉਪਰੰਤ ਪਿਆਰਾ ਮੱਲ ਨੇ ਨਾਭੇ ਵਾਲਿਆਂ ਵਾਲੇ ਕੱਪੜੇ ਵੇਚ ਦਿੱਤੇ। ਬਾਬਾ ਜੀ ਅੰਤਰਯਾਮੀ ਸਭ ਜਾਣ ਗਏ। ਹਜ਼ੂਰ ਨੇ ਮੁਨਸ਼ੀ ਤੋਂ ਚਿੱਠੀ ਪੁਆ ਕੇ ਨਾਭੇ ਵਾਲਿਆਂ ਨੂੰ ਸੱਦ ਕੇ ਬਚਨ ਕੀਤਾ, "ਸਾਡਾ ਗੁਰੂ ਨਾਨਕ ਹੀ ਹੈ, ਹੋਰ ਕੋਈ ਨਹੀਂ ਤੁਸੀਂ ਕਿਸੇ ਨੂੰ ਵੀ ਸਾਡਾ ਕੁਝ ਮੰਨ ਕੇ ਚੀਜ਼ ਨਹੀਂ ਦੇਣੀ।" ਅੱਗੋਂ ਦੋਹਾਂ ਨੇ ਸਤ ਬਚਨ ਕਹਿ ਕੇ ਗਲਤੀ ਮੰਨ ਕੇ ਮਾਫ਼ੀ ਲੈ ਲਈ। ਅੱਗੇ ਤੋਂ ਐਸੀ ਗਲਤੀ ਨਹੀਂ ਕਰਾਂਗੇ ਉਪਰੰਤ ਆਗਿਆ ਲੈ ਕੇ ਨਾਭੇ ਚਲੇ ਗਏ।

## ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
## ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥

**(ਅੰਗ ੨੮੬)**

ਭਾਈ ਹਰਦਿੱਤ ਸਿੰਘ, ਭੰਗਾ ਸਿੰਘ ਸਕੇ ਭਰਾ ਬਾਬਾ ਜੀ ਦੇ ਰੂੰਮੀ ਰਹਿਣ ਸਮੇਂ ਵੀ ਸੇਵਾ ਕਰਦੇ ਸਨ। ਫਿਰ ਭੁੱਚੋ ਕਲਾਂ ਵਿਚ ਬਾਬਾ ਜੀ ਦੇ ਆਉਣ ਉਪਰੰਤ ਸੇਵਾ ਕਰਦੇ ਹੁੰਦੇ ਸਨ। ਬਾਬਾ ਜੀ ਨੇ ਭੁੱਚੋ ਆਉਣ ਤੋਂ ਬਾਅਦ ਸੇਮੇ ਪਿੰਡ ਤੋਂ ਦੁੱਧ ਇਕੱਠਾ ਕਰਕੇ ਲੈ ਆਉਣ ਦੀ ਸੇਵਾ ਇਨ੍ਹਾਂ ਨੂੰ ਦੇ ਦਿੱਤੀ ਸੀ। ਹੁਕਮ ਅਨੁਸਾਰ ਦੋਵੇਂ ਰਲਕੇ ਸੇਵਾ ਕਰਦੇ ਸਨ। ਇਕ ਦਿਨ ਦੁੱਧ ਲੈ

ਕੇ ਦੋਵੇਂ ਭਰਾ ਬਾਬਾ ਜੀ ਪਾਸ ਆ ਰਹੇ ਸਨ। ਰਸਤੇ ਵਿਚ ਇਕ ਛੋਟਾ ਜਿਹਾ ਨਹਿਰੀ ਸੂਆ ਪੈਂਦਾ ਸੀ। ਉਥੋਂ ਦੀ ਰੋਜ਼ ਦੀ ਤਰ੍ਹਾਂ ਅੱਗੇ ਵੀ ਲੰਘਦੇ ਸਨ ਤੇ ਅੱਜ ਵੀ ਲੰਘਣ ਲੱਗੇ। ਸੂਏ ਉੱਤੇ ਪੁਲ ਨਾ ਹੋਣ ਕਰਕੇ ਵਿਚੋਂ ਦੀ ਲੰਘਣ ਲੱਗੇ ਅਤੇ ਭਾਈ ਹਰਦਿੱਤ ਸਿੰਘ ਦੇ ਸਿਰ ਉੱਤੇ ਦੁੱਧ ਵਾਲਾ ਬਰਤਨ ਸੀ। ਹਰਦਿੱਤ ਸਿੰਘ ਦਾ ਪੈਰ ਸੂਏ ਵਿਚ ਤਿਲਕ ਜਾਣ ਕਰਕੇ ਆਪ ਪਾਣੀ ਵਿਚ ਡਿੱਗ ਪਿਆ। ਕੋਸ਼ਿਸ਼ ਕਰਦਿਆਂ ਕਰਦਿਆਂ ਦੋ ਕੁ ਸੇਰ ਦੁੱਧ ਡੁੱਲ੍ਹ ਗਿਆ। ਭਰਿਆ ਹੋਣ ਕਰਕੇ ਡੁਲ੍ਹਣੋ ਨਾ ਬਚਾਇਆ ਜਾ ਸਕਿਆ। ਉਪਰੰਤ ਹਰਦਿੱਤ ਸਿੰਘ ਉੱਠ ਕੇ ਖੜਾ ਹੋ ਗਿਆ। ਦੋਹਾਂ ਨੇ ਮੰਨ ਵਿਚ ਸੋਚਿਆ ਕਿ ਇਹ ਤਾਂ ਬੁਰੀ ਗੱਲ ਹੋਈ। ਭੰਗਾ ਸਿੰਘ ਨੇ ਹਰਦਿੱਤ ਸਿੰਘ ਨੂੰ ਸਲਾਹ ਦਿੱਤੀ ਕਿ ਜਿਤਨਾ ਦੁੱਧ ਡੁੱਲ੍ਹ ਗਿਆ ਹੈ ਓਨਾ ਹੀ ਪਾਣੀ ਪਾ ਲਈਏ। ਭਾਈ ਹਰਦਿੱਤ ਸਿੰਘ ਨੇ ਕਿਹਾ ਆਪਾਂ ਇਸ ਤਰ੍ਹਾਂ ਨਾ ਕਰੀਏ। ਭੰਗਾਂ ਸਿੰਘ ਨੇ ਕਿਹਾ ਇਕ ਤਾਂ ਜਦੋਂ ਸਿਰ ਤੇ ਰੱਖ ਕੇ ਤੁਰਾਂਗੇ ਤਾਂ ਭਾਂਡਾ ਛਲਕ ਕੇ ਦੁੱਧ ਹੋਰ ਵੀ ਡੁੱਲ੍ਹਗਾ ਅਤੇ ਨਹਿਰ ਦਾ ਪਾਣੀ ਸੁੱਚਾ ਹੁੰਦਾ ਹੈ। ਉਸ ਦੇ ਕਹਿਣ ਉੱਤੇ ਹਰਦਿੱਤ ਸਿੰਘ ਨੇ ਨਹਿਰ ਵਿਚੋਂ ਪਾਣੀ ਪਾ ਲਿਆ। ਫਿਰ ਅੱਗੇ ਨੂੰ ਚੱਲ ਪਏ ਅਤੇ ਡੇਰੇ ਹਜ਼ੂਰ ਪਾਸ ਪਹੁੰਚ ਕੇ ਦੁੱਧ ਅੱਗੇ ਲਿਆ ਰੱਖਿਆ। ਨਮਸਕਾਰ ਕਰਕੇ ਬੈਠ ਗਏ। ਉਪਰੰਤ ਬਾਬਾ ਜੀ ਨੇ ਹੱਸ ਕੇ ਬਚਨ ਕੀਤਾ, "ਕਿਉਂ ਭਾਈ ਨਹਿਰ ਦਾ ਪਾਣੀ ਸੁੱਚਾ ਹੁੰਦਾ ਹੈ ਕਿਤੇ ਸੱਟ ਤਾਂ ਨਹੀਂ ਵੱਜੀ। ਸੱਟ ਤੋਂ ਬਚ ਗਏ। ਦੁੱਧ ਵੀ ਪੂਰਾ ਕਰ ਲਿਆ।

ਫਿਰ ਭੰਗਾ ਸਿੰਘ, ਹਰਦਿੱਤ ਸਿੰਘ ਚਰਨੀਂ ਡਿੱਗ ਪਏ। ਬੇਨਤੀ ਕੀਤੀ ਕਿ ਮਹਾਰਾਜ ਗਲਤੀ ਹੋ ਗਈ, ਬਖਸ਼ ਲਵੋ। ਉਪਰੰਤ ਭਾਈ ਹਰਦਿੱਤ ਸਿੰਘ ਨੇ ਬੇਨਤੀ ਕੀਤੀ ਮਹਾਰਾਜ ਮੈਂ ਭੰਗਾ ਸਿੰਘ ਦੇ ਕਹਿਣ ਉੱਤੇ ਪਾਣੀ ਪਾਇਆ ਹੈ ਜੀ।

ਬਖਸ਼ ਲਵੋ ਉਪਰੰਤ ਬਾਬਾ ਜੀ ਨੇ ਬਚਨ ਕੀਤਾ, "ਕੋਈ ਚੀਜ਼ ਲੈ ਕੇ ਆਓ। ਜਿਤਨੀ ਹੋਵੇ ਉਤਨੀ ਹੀ ਠੀਕ ਹੈ। ਰਸਤੇ ਵਿਚ ਕੁਝ ਹੋ ਜਾਏ ਇਸ ਤਰ੍ਹਾਂ ਨਹੀਂ ਕਰਨਾ। ਨਾਲੇ ਜਿਹੜਾ ਤੁਹਾਨੂੰ ਸਿਮਰਨ ਜਾਪ ਦੱਸਿਆ ਸੀ, ਤੁਸੀਂ ਉਹ ਵੀ ਨਹੀਂ ਕਰ ਰਹੇ। ਤਾਂ ਹੀ ਪੈਰ ਤਿਲਕਿਆ, ਸਿਮਰਨ ਨਹੀਂ ਛੱਡਣਾ,



ਅੱਗੇ ਤੋਂ ਯਾਦ ਰੱਖੋ।" ਅੱਗੇ ਵਾਸਤੇ ਪ੍ਰਣ ਲੈ ਕੇ ਸੇਵਾ ਬਖ਼ਸ਼ੀ।

**ਸਿਮਰਹੁ ਸਿਮਰਹੁ ਸਾਸਿ ਸਾਸਿ ਮਤ ਬਿਲਮ ਕਰੇਹ ॥**

(ਅੰਗ ੮੧੨)

ਇਸ ਤਰ੍ਹਾਂ ਉਪਦੇਸ਼ ਬਖ਼ਸ਼ ਕੇ ਸੇਵਾ ਵਿਚ ਲਗਾ ਦਿੱਤੇ।

## ਪਸ਼ੂ ਪ੍ਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥

**(ਅੰਗ ੮੦੨)**

ਇਕ ਮਾਈ ਜਿਸਦਾ ਨਾਮ ਅਤਰ ਕੌਰ ਸੀ ਬਾਬਾ ਜੀ ਦੀ ਸੇਵਾ ਨੇਮ ਅਨੁਸਾਰ ਕਰਦੀ ਹੁੰਦੀ ਸੀ। ਇਸ ਮਾਈ ਦੀ ਲੜਕੀ ਜਿਸ ਦਾ ਨਾਮ ਧੰਨੋ ਸੀ। ਫੂਸ ਮੰਡੀ ਵਿਆਹੀ ਹੋਈ ਸੀ। ਕਿਸੇ ਗੱਲੋਂ ਸਹੁਰੇ ਘਰ ਨਾਲ ਉਸਦਾ ਝਗੜਾ ਹੋ ਜਾਣ ਤੇ ਉਹ ਸੇਮੇ ਆ ਗਈ। ਮਨ ਵਿਚ ਗੁੱਸਾ ਹੋਣ ਕਰਕੇ ਆਪਣੇ ਆਪ ਨੂੰ ਕਾਬੂ ਨਾ ਰੱਖ ਸਕੀ। ਉਸਨੇ ਸੇਮੇ ਹੀ ਫਾਹਾ ਲੈ ਲਿਆ ਅਤੇ ਮਰ ਗਈ। ਉਪਰੰਤ ਮਾਈ ਅਤਰ ਕੌਰ ਬਹੁਤ ਰੋਇਆ ਕਰੇ। ਰੋਂਦੀ-ਰੋਂਦੀ ਕਈ ਵਾਰ ਬਾਬਾ ਜੀ ਦੀ ਸੇਵਾ ਵੀ ਕਰਨੀ ਅਤੇ ਕਹਿਣਾ, "ਮੈਨੂੰ ਮੇਰੀ ਧੀ ਵਿਖਾ ਦਿਓ।" ਬਾਬਾ ਜੀ ਨੇ ਉਸਨੂੰ ਬਚਨ ਕੀਤਾ, "ਮਾਈ ਸੰਬੰਧ ਸਰੀਰ ਕਰਕੇ ਹੁੰਦਾ ਹੈ ਅਤੇ ਫਿਰ ਨਹੀਂ ਹੁੰਦਾ।" ਉਸ ਨੇ ਬੜਾ ਹਠ ਕੀਤਾ ਕਿ ਨਹੀਂ ਮਹਾਰਾਜ ਮੈਨੂੰ ਇਕ ਵਾਰੀ ਮੇਰੀ ਧੀ ਵਿਖਾ ਦਿਓ।

ਬਾਬਾ ਜੀ ਨੇ ਫਿਰ ਰੋਕਿਆ, "ਨਾ ਮਾਈ, ਹੁਣ ਤੂੰ ਇਹ ਮਨ ਵਿਚੋਂ ਕੱਢ ਦੇ।" ਉਹ ਮੰਨਦੀ ਹੀ ਨਹੀਂ ਸੀ। ਮੈਂ ਲੜਕੀ ਜ਼ਰੂਰੀ ਦੇਖਣੀ ਹੈ। ਬਾਬਾ ਜੀ ਨੇ ਫਿਰ ਕਿਹਾ ਮਾਈ ਕਹਿ ਕੇ ਤਾਂ ਪ੍ਰਮੇਸ਼ਵਰ ਦੇ ਦਰਸ਼ਨ ਹੀ ਕਰਦੇ ਹਨ, ਮਰਿਆਂ ਦੇ ਨਹੀਂ। ਉਸ ਮਾਈ ਨੇ ਕਿਹਾ ਕਿ ਮੇਰਾ ਰੱਬ ਤਾਂ ਤੂੰ ਹੀ ਹੈ। ਨਾਲੇ ਲੋਕ ਵੀ ਤੈਨੂੰ ਮੰਨਦੇ ਹਨ। ਬਾਬਾ ਜੀ ਨੇ ਬਚਨ ਕੀਤਾ ਕਿ ਜੇ ਇਹੋ ਕੁਝ

ਚਾਹੁੰਦੀ ਹੈ ਤੇਰੀ ਮਰਜ਼ੀ। ਹੁਕਮ ਹੋਇਆ, "ਉਸਨੂੰ ਬੁਲਾਉਣਾ ਨਹੀਂ। ਚੁੱਪ ਕਰਕੇ ਵੇਖਦੀ ਰਹੀਂ।" ਇਸ਼ਾਰਾ ਕਰਕੇ ਫੱਟਿਆਂ ਵੱਲ ਹੁਕਮ ਕੀਤਾ। ਉਹਨਾਂ ਫੱਟਿਆਂ ਉੱਤੇ ਬੈਠ ਜਾਹ। ਮਾਈ ਬੈਠ ਗਈ ਤਾਂ ਕੀ ਵੇਖਿਆ ਉਸਦੇ ਨਗਰ ਸੇਮੇ ਦੇ ਕਈ ਮਰ ਚੁੱਕੇ ਬੰਦੇ ਜਨਾਨੀਆਂ ਮਾਈ ਦੇ ਕੋਲੋਂ ਦੀ ਲੰਘ ਰਹੇ ਸਨ। ਅਖੀਰ ਵਿਚ ਉਸ ਮਾਈ ਦੀ ਲੜਕੀ ਵੀ ਲੰਘੀ ਉਸਦੇ ਸਮੇਤ ਉਸਨੇ ਸਾਰੇ ਹੀ ਸਿਆਣ ਲਏ। ਪਰ ਉਸ ਦੀ ਲੜਕੀ ਨੇ ਉਸ ਵੱਲ ਵੇਖਿਆ ਹੀ ਨਹੀਂ। ਅੱਗੇ ਲੰਘ ਗਈ। ਉਪਰੰਤ ਮਾਈ ਨੂੰ ਉੱਠਣ ਦਾ ਹੁਕਮ ਹੋਇਆ। ਮਾਈ ਅਤਰੋ ਨੇ ਉੱਠਣ ਸਾਰ ਹੀ ਬਾਬਾ ਜੀ ਦੇ ਚਰਨਾਂ 'ਤੇ ਮੱਥਾ ਟੇਕਿਆ ਅਤੇ ਪੁੱਛਿਆ ਕਿ ਮਹਾਰਾਜ ਮਰੇ ਹੋਏ ਮੇਰੇ ਕੋਲੋਂ ਦੀ ਲੰਘੇ ਹਨ ਪਹਿਲਾਂ ਵੀ ਮੈਨੂੰ ਨਹੀਂ ਦਿੱਸਦੇ ਸਨ ਅਤੇ ਹੁਣ ਵੀ ਨਹੀਂ ਦਿਸਦੇ। ਮੈਨੂੰ ਸਮਝ ਨਹੀਂ ਆਈ। ਬਾਬਾ ਜੀ ਨੇ ਬਚਨ ਕੀਤਾ ਕਿ, "ਪਰਮੇਸ਼ਰ ਦੇ ਨਾਮ ਸਿਮਰਨ ਅਤੇ ਸੇਵਾ ਤੋਂ ਬਿਨਾਂ ਸਭ ਲੋਕ ਅਸਲ ਵਿਚ ਮੁਰਦੇ ਹੀ ਹਨ। ਸਰੀਰ ਦੇ ਹੁੰਦਿਆਂ ਵੀ ਅਤੇ ਸਰੀਰ ਤੋਂ ਬਾਅਦ ਵੀ।" ਮਾਈ ਨੇ ਫਿਰ ਪੁੱਛਿਆ ਇਨ੍ਹਾਂ ਦਾ ਭਲਾ ਕਿਵੇਂ ਹੋਵੇ ਜੀ। ਹਜ਼ੂਰ ਨੇ ਬਚਨ ਕੀਤਾ ਕਿ, "ਮਾਈ ਤੂੰ ਸੇਵਾ ਕਰੀ ਚੱਲ। ਜਿਹੜਾ ਸਮਾਂ ਆਪਣੀ ਧੀ ਨੂੰ ਰੋਣ ਉੱਤੇ ਲਗਾਉਣਾ ਹੈ ਉਹ ਸਮਾਂ ਵਾਹਿਗੁਰੂ ਵਾਹਿਗੁਰੂ ਕਰਿਆ ਕਰ। ਸਰਬੱਤ ਦਾ ਭਲਾ ਹੋ ਜਾਵੇਗਾ।" ਮਾਈ ਨੇ ਸਤ ਬਚਨ ਕਰ ਨਮਸਕਾਰ ਕੀਤੀ।

**(ਇਹ ਪ੍ਰਸੰਗ ਮਾਈ ਰੂਪ ਕੌਰ ਪਾਸੋਂ ਮਿਲਿਆ ਹੈ)**

## ਜਿਸ ਕਾ ਸਾ ਤਿਨਿ ਕਿਰਪਾ ਧਾਰੀ।
## ਸਾਧ ਸੰਗਿ ਜਪਿ ਨਾਮੁ ਮੁਰਾਰੀ॥

**(ਅੰਗ ੨੮੭)**

ਸੇਵਾ ਸਿਮਰਨ ਕਰਨ ਨਾਲ ਦੁੱਖ ਨਵਿੱਤ ਹੁੰਦੇ ਹਨ ਅਤੇ ਅੱਗੋਂ ਗੁਰੂ ਕ੍ਰਿਪਾ ਨਾਲ ਸੇਵਾ ਕਰਨ ਦਾ ਉਤਸ਼ਾਹ ਮਿਲਦਾ ਹੈ। ਭਾਈ ਨੀਲਾ ਸਿੰਘ ਜਿਨ੍ਹਾਂ ਦਾ ਪ੍ਰਸੰਗ ਪਿਛਲੇ ਹਿੱਸੇ ਵਿਚ ਆ ਚੁੱਕਾ ਹੈ, ਇਕ ਵਾਰ ਇਹ ਆਪਣੇ ਪਿੰਡ



ਬੀਬੀ ਵਾਲੇ ਤੋਂ ਨੇਮ ਅਨੁਸਾਰ ਦੁੱਧ ਲੈ ਕੇ ਆ ਰਿਹਾ ਸੀ ਸਿਰ ਉੱਤੇ ਦੁੱਧ ਵਾਲਾ ਬਰਤਨ ਸੀ। ਰਸਤੇ ਵਿਚ ਤੁਰਨ ਸਮੇਂ ਪੈਰ ਵਿਚ ਸੂਲ ਇਤਨੇ ਜ਼ੋਰ ਦੀ ਵੱਜੀ ਜਿਸਦੀ ਪੀੜ ਨਾਲ ਨੀਲਾ ਸਿੰਘ ਦੀ ਗੋਡੀ ਲੱਗ ਗਈ, ਦੁੱਧ ਤਾਂ ਡੁੱਲ੍ਹਣੋ ਤਾਂ ਬਚ ਗਿਆ। ਮਨ ਵਿਚ ਖਿਆਲ ਆਇਆ ਕਿ ਡੋਹਣਾ ਭਰਿਆ ਸੀ। ਸੇਵਾ ਵਿਚ ਜਾ ਰਹੇ ਸਾਂ ਦੋ ਰੁਪਏ ਦਾ ਦੁੱਧ ਡੁੱਲ੍ਹ ਜਾਣਾ ਸੀ ਨਾਲੇ ਪੈਰ ਵਿਚ ਸੂਲ ਵੱਜੀ। ਉਪਰੰਤ ਨੀਲਾ ਸਿੰਘ ਸੇਵਾ ਵਿਚ ਹਾਜ਼ਰ ਹੋਇਆ। ਜਿਸ ਸਮੇਂ ਦੁੱਧ ਚਰਨਾਂ ਵਿਚ ਰੱਖ ਕੇ ਮੱਥਾ ਟੇਕਿਆ ਬਾਬਾ ਜੀ ਹੱਸਦੇ ਹੋਏ ਬਚਨ ਕੀਤਾ, "ਆਹ ਫੜ ਦੋ ਰੁਪੈ, ਦੁੱਧ ਦੇ ਅਤੇ ਜਿਹੜੀ ਤੇਰੀ ਸੂਲ ਵੱਜੀ ਹੈ ਕਿਸੇ ਜਨਮ ਦੀ ਸੂਲੀ (ਫਾਂਸੀ) ਕੱਟੀ ਗਈ।" ਬਚਨ ਸੁਣਕੇ ਨੀਲਾ ਸਿੰਘ ਨੇ ਨਮਸਕਾਰ ਕੀਤੀ। ਅੱਗ ਵਾਸਤੇ ਖਿਮਾ ਮੰਗੀ ਅਤੇ ਨਾਲ ਹੀ ਸਾਰੀ ਉਮਰ ਵਾਸਤੇ ਸੇਵਾ ਮੰਗ ਲਈ।

ਹਜ਼ੂਰ ਨੇ 'ਸ਼ੁੱਧ ਹੈ' ਕਹਿ ਕੇ ਪ੍ਰਵਾਨਗੀ ਦੇ ਦਿੱਤੀ ਫਿਰ ਐਸੀ ਮਗਨ ਹੋ ਕੇ ਸੇਵਾ ਕੀਤੀ ਮੁੜਕੇ ਪਿੰਡ ਨਹੀਂ ਗਿਆ। ਆਪਣੀ ਜ਼ਮੀਨ ਦਾ ਹਿੱਸਾ ਠੇਕੇ ਦੇ ਕੇ ਉਸ ਵਿਚੋਂ ਅਪਣੇ ਲਈ ਕੱਪੜੇ ਅਤੇ ਲੋੜ ਅਨੁਸਾਰ ਘਿਓ ਵੀ ਮੰਗ ਕੇ ਲੈ ਆਉਂਦਾ ਸੀ। ਬਾਬਾ ਜੀ ਦੇ ਲੰਗਰ ਵਿਚੋਂ ਸਿਰਫ਼ ਪ੍ਰਸ਼ਾਦਾ ਹੀ ਛਕਦਾ ਹੁੰਦਾ ਸੀ। ਜਿਹੜਾ ਪਾਣੀ ਡੇਰੇ ਸਭ ਥਾਂ ਵਰਤਣ ਲਈ ਆਉਂਦਾ ਉਹ ਸਾਰਾ ਪਾਣੀ ਨੀਲਾ ਸਿੰਘ ਹੀ ਖੂਹ ਤੋਂ ਡੋਲ ਨਾਲ ਆਪਣੇ ਰੱਸਾ ਪਾ ਕੇ ਪਾਣੀ ਦੀ ਇਹ ਸੇਵਾ ਕਰਕੇ ਉਮਰ ਬਾਬਾ ਜੀ ਦੇ ਲੇਖੇ ਲਾਈ। ਗੁਰਬਾਣੀ ਦਾ ਇਹ ਹੁਕਮ ਇਸਨੇ ਤਨ ਮਨ ਧਨ ਨਾਲ ਸੇਵਾ ਕਮਾ ਕੇ ਪੂਰਾ ਕੀਤਾ।

**ਪਾਣੀ ਪਖਾ ਪੀਸੁ ਦਾਸ ਕੈ ਤਬ ਹੋਹਿ ਨਿਹਾਲੁ॥**
**ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ॥**
**ਸੰਤ ਜਨਾ ਕਾ ਛੋਹਰਾ ਤਿਸੁ ਚਰਣੀ ਲਾਗਿ॥**
**ਮਾਇਆਧਾਰੀ ਛਤ੍ਰਪਤਿ ਤਿਨ੍ਹ ਛੋਡਉ ਤਿਆਗਿ॥੧॥ਰਹਾਉ॥**
**ਸੰਤਨ ਕਾ ਦਾਨਾ ਰੂਖਾ ਸੋ ਸਰਬ ਨਿਧਾਨ॥**

(ਅੰਗ ੮੧੧)

**ਗ੍ਰਿਹਿ ਸਾਕਤ ਛਤੀਹ ਪ੍ਰਕਾਰ ਤੇ ਬਿਖੂ ਸਮਾਨ॥੨॥**
**ਭਗਤ ਜਨਾ ਕਾ ਲੂਗਰਾ ਓਢਿ ਨਗਨ ਨਾ ਹੋਈ॥**

**ਸਾਕਤ ਸਿਰਪਾਉ ਰੇਸਮੀ ਪਹਿਰਤ ਪਤਿ ਖੋਈ ॥੩॥**
**ਸਾਕਤ ਸਿਉ ਮੁਖਿ ਜੋਰਿਐ ਅਧ ਵੀਚਹੁ ਟੂਟੇ ॥**
**ਹਰਿਜਨ ਕੀ ਸੇਵਾ ਜੋ ਕਰੇ ਇਤ ਊਤਹਿ ਛੂਟੈ ॥**

**ਅੰਗ ੮੧੧ (ਇਹ ਪ੍ਰਸੰਗ ਮਾਈ ਰੂਪ ਕੌਰ ਤੋਂ ਮਿਲਿਆ ਹੈ)**

ਪਿੰਡ ਮਹਿਣਿਆਂ ਤੋਂ ਮਾਈ ਜਿਸਦਾ ਨਾਮ ਜੈ ਕੌਰ ਸੀ ਇਹ ਵੀ ਬਾਬਾ ਜੀ ਦੇ ਦਰਸ਼ਨ ਅਤੇ ਸੇਵਾ ਕਰਦੀ ਸੀ। ਪਰ ਇਸ ਦਾ ਸੁਭਾ ਬਹੁਤ ਹੀ ਗੁਰਮੁਖ ਸੀ। ਉਸਨੂੰ ਮੁਖਾਤਬ ਕਰਕੇ ਹਜ਼ੂਰ ਨੇ ਬਚਨ ਕੀਤਾ, "ਮਾਈ ਤੇਰੀ ਪਿਛਲੇ ਜਨਮ ਦੀ ਭਗਤੀ ਕਰਕੇ ਤੇਰਾ ਸੁਭਾ ਗੁਰਮੁਖ ਹੈ।" ਉਸਨੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਮੇਰੇ ਉੱਤੇ ਗਰੀਬੀ ਕਿਉਂ ਹੈ ? ਹਜ਼ੂਰ ਨੇ ਉੱਤਰ ਦਿੱਤਾ,

**ਅਨਦੁ ਗਰੀਬੀ ਸਾਧ ਸੰਗਿ ਜਿਤੁ ਪ੍ਰਭ ਚਿਤਿ ਆਏ ॥**

**(ਸੂਹੀ ਮ: ੫, ਅੰਗ ੭੪੫)**

ਹਜ਼ੂਰ ਨੇ ਬਚਨ ਕੀਤਾ ਕਿ ਸੰਤੋਖ ਅਤੇ ਸੇਵਾ ਨਾ ਛੱਡੀਂ। ਤੇਰਾ ਉਧਾਰ ਹੋ ਜਾਏਗਾ। ਫਿਰ ਬਚਨ ਕੀਤਾ, "ਤੇਰਾ ਪਿਛਲਾ ਜਨਮ ਗੁਜਰੀ ਦਾ ਸੀ ਤੇ ਤੂੰ ਪਾਣੀ ਪਾ ਕੇ ਦੁੱਧ ਵੇਚਦੀ ਹੁੰਦੀ ਸੀ, ਜੇ ਖਾਲਸ ਦੁੱਧ ਵੇਚਦੀ ਹੁੰਦੀ ਤਾਂ ਭਗਤੀ ਤੇਰੀ ਪੂਰੀ ਹੋਣ ਵਾਲੀ ਸੀ।"

**(ਇਹ ਪ੍ਰਸੰਗ ਮਾਈ ਦੀ ਨੂੰਹ ਰੂਪ ਕੌਰ ਨੇ ਲਿਖਵਾਇਆ)**

ਸ. ਫ਼ਤਹਿ ਸਿੰਘ ਚੰਦ ਕੇ ਦੀ ਸਪੁੱਤਰੀ ਜਿਸਦਾ ਨਾਮ ਕਾਹਨ ਕੌਰ ਸੀ ਅਤੇ ਪਿੰਡ ਦੀਆਂ ਹੋਰ ਲੜਕੀਆਂ ਨੇ ਹਜ਼ੂਰ ਦੇ ਜਲ ਭਰਨ ਤੋਂ ਉਪਰੰਤ ਘਰ ਜਾਣ ਦੀ ਆਗਿਆ ਮੰਗੀ। ਬਾਬਾ ਜੀ ਨੇ ਹੁਕਮ ਦਿੱਤਾ, "ਅਜੇ ਹੋਰ ਭਰੋ।" ਫਿਰ ਪਾਣੀ ਭਰਨ ਲੱਗ ਪਈਆਂ। ਫਿਰ ਆਗਿਆ ਮੰਗੀ ਹਜ਼ੂਰ ਨੇ ਫਿਰ ਪਾਣੀ ਭਰਨ ਦਾ ਹੁਕਮ ਦਿੱਤਾ। ਇਸ ਤਰ੍ਹਾਂ ਕਈ ਵਾਰ ਹੁਕਮ ਦਿੱਤਾ। ਬਾਬਾ ਜੀ ਘਰ ਜਾਣ ਦੀ ਆਗਿਆ ਨਾ ਦੇਣ। ਤਿੰਨ ਵਾਰ ਬੀਬੀਆਂ ਨੇ ਆਗਿਆ ਮੰਗੀ। ਹਜ਼ੂਰ ਨੇ ਆਗਿਆ ਤਿੰਨ ਵਾਰੀ ਹੀ ਨਹੀਂ ਦਿੱਤੀ। ਬੀਬੀ ਕਾਹਨ ਕੌਰ ਨੇ ਨਾਲ ਵਾਲੀਆਂ ਸਾਥਣਾਂ ਨੂੰ ਕਹਿਆ ਜੇ ਆਗਿਆ ਨਹੀਂ ਦਿੰਦੇ ਤਾਂ ਆਪਾਂ ਘਰ ਨੂੰ ਤੁਰ ਚੱਲੀਏ। ਇਉਂ ਆਖ ਕੇ ਬੀਬੀ ਕੁੜੀਆਂ ਦੇ ਅੱਗੇ ਲੱਗ ਕੇ ਤੁਰ ਪਈ। ਤੁਰੀਆਂ ਜਾਂਦੀਆਂ ਨੂੰ ਵੇਖ ਕੇ ਹਜ਼ੂਰ ਨੇ ਬਚਨ ਕੀਤਾ, "ਜਾਓ, ਘਰ ਤਾਂ ਰੋਣਾ ਪਿੱਟਣਾ ਹੀ ਹੋ ਰਿਹਾ ਹੈ।" ਜਿਸ ਵਕਤ



ਬੀਬੀ ਕਾਹਨ ਕੌਰ ਘਰ ਗਈ। ਘਰ ਵਿਚ ਊਠ ਮਰ ਗਿਆ ਸੀ ਅਤੇ ਘਰ ਦੇ ਸਭ ਰੋ ਰਹੇ ਸਨ। ਜਿਸ ਵਕਤ ਬੀਬੀ ਕਾਹਨ ਕੌਰ ਨੇ ਘਰ ਜਾ ਕੇ ਪੁੱਛਿਆ ਕਿ ਕੀ ਹੋਇਆ ਹੈ। ਘਰ ਦਿਆਂ ਨੇ ਦੱਸਿਆ ਕਿ ਆਪਣਾ ਊਠ ਮਰ ਗਿਆ ਹੈ। ਝੱਟ ਹੀ ਬੀਬੀ ਕਾਹਨ ਕੌਰ ਨੇ ਦੱਸਿਆ ਕਿ ਆਪਣਾ ਊਠ ਭੂੰਮੀ ਵਾਲੇ ਬਾਬਿਆਂ ਨੇ ਮਾਰਿਆ ਹੈ। ਘਰ ਦਿਆਂ ਨੇ ਪੁੱਛਿਆ ਉਹ ਕਿਸ ਤਰ੍ਹਾਂ ? ਬੀਬੀ ਨੇ ਦੱਸਿਆ ਅਸੀਂ ਪਾਣੀ ਭਰਨ ਉਪਰੰਤ ਘਰ ਆਉਣ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਆਗਿਆ ਨਹੀਂ ਦਿੱਤੀ। ਬਾਰ-ਬਾਰ ਪਾਣੀ ਭਰਨ ਲਈ ਆਖ ਦਿੰਦੇ। ਮੈਂ ਹੀ ਸਾਰੀਆਂ ਕੁੜੀਆਂ ਦੇ ਮੂਹਰੇ ਲੱਗ ਕੇ ਘਰ ਵੱਲ ਤੁਰ ਪਈ। ਫਿਰ ਬਚਨ ਕੀਤਾ ਕਿ 'ਘਰੇ ਤਾਂ ਰੋਣਾ ਪਿੱਟਣਾ ਹੀ ਹੈ।' ਇਹ ਗੱਲ ਸੁਣਨ ਉਪਰੰਤ ਭਾਈ ਕਿਸ਼ਨ ਸਿੰਘ ਨੇ ਅਗਲੇ ਦਿਨ ਬਾਬਾ ਜੀ ਪਾਸ ਆ ਕੇ ਸਾਰੀ ਗੱਲ ਦੱਸ ਕੇ ਲੜਕੀ ਦੀ ਗਲਤੀ ਦੱਸ ਕੇ ਮੁਆਫੀ ਮੰਗੀ। ਅੱਗੋਂ ਹਜ਼ੂਰ ਨੇ ਬਚਨ ਕੀਤਾ ਕਿ ਕਿਸ਼ਨ ਸਿੰਘ :

**ਮਾਰੈ ਰਾਖੈ ਏਕੋ ਆਪਿ, ਮਾਨੁਖ ਕੈ ਕਿਛੁ ਨਾਹੀ ਹਾਥਿ ॥**

**(ਅੰਗ ੨੮੧)**

ਕਿਸ਼ਨ ਬੇ-ਫ਼ਿਕਰ ਹੋ ਕੇ ਘਰ ਚਲਿਆ ਜਾਹ।

**(ਇਹ ਸਾਖੀ ਸ. ਚੰਦ ਸਿੰਘ ਸਪੁੱਤਰ ਕਿਸ਼ਨ ਸਿੰਘ ਨੇ ਲਿਖਾਈ)**

# ਤਾਪੁ ਲਾਹਿਆ ਗੁਰ ਸਿਰਜਨ ਹਾਰਿ ॥

**(ਅੰਗ ੮੨੧)**

ਜਿਤਨਾਂ ਸਮਾਂ ਭੁੱਚੋ ਵਾਲੇ ਮਹਾਰਾਜ ਸਰੀਰ ਕਰਕੇ ਸੰਸਾਰ ਵਿਚ ਰਹੇ, ਬਾਬਾ ਅਨੰਦ ਸਿੰਘ ਜੀ ਨੇ ਹਰ ਕੰਮ ਵਿਚ ਉਨ੍ਹਾਂ ਨੂੰ ਹੀ ਮੁੱਖ ਰੱਖਿਆ। ਕਿਸੇ ਦੁੱਖ ਵੇਲੇ, ਕਿਸੇ ਸੇਵਕ ਨੇ ਬੇਨਤੀ ਕਰਨੀ, ਬਾਬਾ ਅਨੰਦ ਸਿੰਘ ਜੀ ਨੇ ਹੁਕਮ ਦੇ ਕੇ ਭੁੱਚੋ ਭੇਜ ਦੇਣਾ। ਬਾਬਾ ਜੀ ਅਨੰਦ ਸਿੰਘ ਜੀ ਮਾਝੇ ਦੇ ਇਲਾਕੇ ਤਹਿਸੀਲ ਚੂਨੀਆ ਪਿੰਡ ਵੀਰ ਸਿੰਘ ਵਾਲੇ ਰਹਿੰਦੇ ਹੁੰਦੇ ਸਨ। ਨੇੜੇ ਦੇ ਨਗਰ

ਵਾਂ ਖਾਰਾ ਅਤੇ ਵੀਰ ਸਿੰਘ ਵਾਲੇ ਡਾਲ ਦੀ ਬੀਮਾਰੀ ਬਹੁਤ ਫੈਲ ਗਈ। ਬਹੁਤ ਨੁਕਸਾਨ ਹੋਣ ਲੱਗ ਪਿਆ। ਨਗਰ ਨਿਵਾਸੀਆਂ ਨੇ ਬਾਬਾ ਅਨੰਦ ਸਿੰਘ ਜੀ ਪਾਸ ਬੇਨਤੀ ਕੀਤੀ। ਉੱਤਰ ਵਿਚ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ ਕਿ, "ਤੁਸਾਂ ਦੋਹਾਂ ਨਗਰਾਂ ਦੀ ਸੰਗਤ ਮਿਲਕੇ ਭੁੱਚੋ ਜਾਓ। ਬੇਨਤੀ ਕਰੋ। ਉਹ ਸਾਡੇ ਗੁਰਦੇਵ ਹਨ। ਉਹ ਹੀ ਸਾਰਿਆਂ ਲਈ ਕਰਨ ਕਾਰਨ ਸਮਰੱਥ ਹਨ। ਸਭ ਕੁਝ ਉਨ੍ਹਾਂ ਦੇ ਹੀ ਹੱਥ ਹੈ।" ਉਪਰੰਤ ਸਭ ਸੰਗਤ ਮਿਲਕੇ ਭੁੱਚੋ ਵਾਲਿਆਂ ਪਾਸ ਪਹੁੰਚ ਗਈ ਭੇਟਾ ਰੱਖ ਕੇ ਨਮਸਕਾਰ ਕੀਤੀ ਅਤੇ ਬੈਠ ਗਏ। ਉਪਰੰਤ ਹਜ਼ੂਰ ਨੇ ਪੁੱਛਿਆ, "ਕਿੱਥੋਂ ਆਏ ਤੇ ਕਿਸ ਕੰਮ ਵਾਸਤੇ ਆਏ ਹੋ ?" ਸੰਗਤ ਨੇ ਸਾਰੀ ਮੁੱਢ ਤੋਂ ਲੈ ਕੇ ਅਖੀਰ ਤੱਕ ਵਾਰਤਾ ਸੁਣਾ ਦਿੱਤੀ। ਸੁਨਣ ਤੋਂ ਬਾਅਦ ਬਾਬਾ ਜੀ ਨੇ ਆਪਣੀ ਮਰਿਆਦਾ ਕਰਨ ਲਈ ਸਿੰਘ ਨੂੰ ਹੁਕਮ ਕਰ ਦਿੱਤਾ। ਨੀਲਾ ਸਿੰਘ ਨੇ ਹੁਕਮ ਅਨੁਸਾਰ ਸ਼ਰਾ ਕਰਵਾਈ। ਸਭ ਸੰਗਤ ਬਾਬਾ ਜੀ ਪਾਸ ਆ ਕੇ ਬੈਠ ਗਈ। ਫਿਰ ਹਜ਼ੂਰ ਨੇ ਮੁਨਸ਼ੀ ਨੂੰ ਹੁਕਮ ਕੀਤਾ, "ਸਾਰੀ ਸੰਗਤ ਦੇ ਨਾਮ ਲਿਖੋ।" ਸਭ ਦਾ ਨਾਂ ਲਿਖਣ ਉਪਰੰਤ ਹੁਕਮ ਹੋਇਆ ਆਪਣੇ ਮਾਤਾ, ਪਿਤਾ, ਨਾਨਾ, ਨਾਨੀ, ਮਾਸੀ, ਮਾਸੜ, ਨਾਨਕੇ, ਦਾਦਕੇ, ਆਂਢੀ, ਗੁਆਂਢੀ ਕੋਈ ਕਿਸੇ ਦਾ ਨਾਮ ਲਿਖਣ ਵੱਲੋਂ ਰਹਿ ਨਾ ਜਾਵੇ। ਇਸ ਤੋਂ ਉਪਰੰਤ ਕਈਆਂ ਨੂੰ ਵੱਡ ਵਡੇਰਿਆਂ ਦੇ ਨਾਮ ਯਾਦ ਨਹੀਂ ਸਨ। ਤਾਂ ਬਾਬਾ ਜੀ ਆਪਣੇ ਅਨੁਭਵ ਅਨੁਸਾਰ ਲਿਖਾਈ ਗਏ। ਕਈ ਨਵੇਂ ਸੰਗੀ ਹੈਰਾਨ ਵੀ ਹੋ ਗਏ। ਜਿਸ ਸਮੇਂ ਸਭ ਦੇ ਨਾਮ ਲਿਖੇ ਗਏ। ਤਾਂ ਹੁਕਮ ਹੋਇਆ, "ਪਿੰਡ ਦੇ ਲਾਗੀਆਂ ਦੇ ਨਾਮ ਲਿਖਾਓ।" ਜਿਸ ਵਕਤ ਲਾਗੀਆਂ ਦੇ ਨਾਮ ਲਿਖਨ ਸਮੇਂ "ਬਲ੍ਹਾ ਬੱਖੋ" ਦੋ ਨਾਮ ਇਹ ਪਤੀ- ਪਤਨੀ ਅਤੇ ਮਜ਼੍ਹਬੀ ਸਨ ਤਾਂ ਝੱਟ ਬਾਬਾ ਜੀ ਨੇ ਬਚਨ ਕਰਨਾ ਸ਼ੁਰੂ ਕਰ ਦਿੱਤਾ।

**"ਬਲਿਆ ਬੱਖੋ ਨੂੰ ਸਮਝਾ। ਬੱਖੋ ਪੈ ਗਈ ਪੈ ਗਈ ਭੈੜੇ ਰਾਹ।"**
**"ਬਲਿਆ ਬੱਖੋ ਨੂੰ ਸਮਝਾ। ਬੱਖੋ ਪੈ ਗਈ ਪੈ ਗਈ ਭੈੜੇ ਰਾਹ।"**

ਇਹ ਤਾਂ ਦੇਊ ਕੰਮ ਗਵਾ।

ਇਸ ਤਰ੍ਹਾਂ ਪੰਦਰਾਂ ਵੀਹ ਮਿੰਟ ਕਰੀ ਗਏ। ਇਕ ਵਾਰ ਤਾਂ ਸੰਗਤ ਹੈਰਾਨ ਹੋ ਗਈ। ਅਖੀਰ ਨੂੰ ਇਕ ਸੰਗੀ ਹੱਥ ਜੋੜ ਕੇ ਉਠ ਖੜੋਤਾ। ਉਸਨੇ ਬੇਨਤੀ



ਕੀਤੀ ਕਿ ਮਹਾਰਾਜ ਹੁਣ ਤਾਂ ਬਖਸ਼ੋ, ਮੇਹਰ ਕਰੋ। ਅਸਾਡੀ ਤਾਂ ਬੁਰੀ ਹਾਲਤ ਹੈ ਤੇ ਆਪ ਜੀ ਨੇ ਬੁੱਲ੍ਹੋ ਤੇ ਬੱਖੋ ਦਾ ਨਾਮ ਹੀ ਸ਼ੁਰੂ ਕਰ ਦਿੱਤਾ। ਬੇਨਤੀ ਸੁਣਕੇ ਬਾਬਾ ਜੀ ਮੁਸਕਰਾਏ। ਇਤਨਾ ਹੀ ਬਚਨ ਕੀਤਾ :

**'ਮਰੇ ਸੋ ਮਰੇ ਜੀਂਵਦੇ ਲੋਹੇ ਜੜੇ।'**
**'ਜਦੋਂ ਤੋਂ ਛਾਂਗੇ ਮਾਂਗੇ ਦੇ ਸਟੇਸ਼ਨ ਤੋਂ ਗੱਡੀ ਚੜ੍ਹੇ।'**

ਭਾਵ ਕਿ ਜਿਹੜੇ ਮਰਨ ਤੋਂ ਬਚ ਗਏ, ਉਹਨਾਂ ਸਾਰਿਆਂ ਦੀ ਦੇਹ ਲੋਹੇ ਵਾਂਗ ਮਜਬੂਤ ਹੋ ਗਈ। ਅਰੋਗ ਹੋ ਗਏ, ਬੀਮਾਰੀ ਉਸ ਵੇਲੇ ਤੋਂ ਹੀ ਹਟ ਗਈ। ਜਿਸ ਸਮੇਂ ਤੁਸੀਂ ਇੱਧਰ ਨੂੰ ਮੂੰਹ ਕਰਕੇ ਤੁਰ ਪਏ। ਫਿਰ ਬਚਨ ਹੋਇਆ, "ਜਿਨ੍ਹਾਂ ਦੇ ਨਾਮ ਰਜਿਸਟਰ ਵਿਚ ਲਿਖੇ ਗਏ ਸਭ ਦਰਗਾਹ ਨੂੰ ਗਏ ਕੋਈ ਅਬਗਤ ਨਹੀਂ ਰਿਹਾ।" ਉਪਰੰਤ ਸਾਰੀ ਸੰਗਤ ਬੜੀ ਪ੍ਰਸੰਨ ਹੋਈ। ਸਾਰੀ ਸੰਗਤ ਆਗਿਆ ਲੈ ਕੇ ਪਿੰਡ ਨੂੰ ਵਾਪਸ ਹੋ ਗਈ। ਬਾਬਾ ਅਨੰਦ ਸਿੰਘ ਜੀ ਪਾਸ ਸਾਰਾ ਸਮਾਚਾਰ ਸੁਣਾਇਆ। ਸੁਣ ਕੇ ਹਜ਼ੂਰ ਨੇ ਬਚਨ ਕੀਤਾ ਕਿ, "ਉਨ੍ਹਾਂ ਨੇ ਤੁਹਾਡਾ ਐਡਾ ਵੱਡਾ ਕੰਮ ਸੌਖਾ ਕਰ ਦਿੱਤਾ। ਸੁਘੜ ਰਾਜੇ ਨੇ ਆਪਣੇ ਪਿੱਤਰਾਂ ਦੇ ਉਧਾਰ ਲਈ ਕਈ ਪੀੜ੍ਹੀਆਂ ਤਪ ਕਰਕੇ ਗੰਗਾ ਨੂੰ ਧਰਤੀ ਉੱਤੇ ਲਿਆਂਦਾ ਸੀ। ਪਰ ਉਨ੍ਹਾਂ ਬਚਨ ਕਰਕੇ ਹੀ ਤੁਹਾਨੂੰ ਕਿੱਡੀਆਂ ਬਖਸ਼ਸ਼ਾਂ ਦਿੱਤੀਆਂ ਹਨ।"

**(ਇਹ ਬਚਨ ਸ. ਕਰਤਾਰ ਸਿੰਘ ਬੀ.ਏ. ਪਾਸ ਪਾਸੋਂ ਪ੍ਰਾਪਤ ਹੋਇਆ)**

# ਗਰਹ ਨਿਵਾਰੇ ਸਤਿਗੁਰੂ ਦੇ ਆਪਣਾ ਨਾਉ ॥

**(ਅੰਗ ੪੦੦)**

ਇਕ ਭਾਈ ਦਰਬਾਰਾ ਸਿੰਘ ਨਾਮ ਦਾ ਸਿੰਘ ਬਾਬਾ ਜੀ ਦੇ ਦਰਸ਼ਨ ਕਰਨ ਆਉਂਦਾ ਹੁੰਦਾ ਸੀ। ਹਰੇਕ ਸਾਲ ਆਉਣਾ। ਜੇ ਦਰਬਾਰਾ ਸਿੰਘ ਦੀ ਮਾਈ ਨੇ ਨਾਲ ਹੋਣਾ ਤਾਂ ਉਸਨੂੰ ਸੰਬੋਧਨ ਕਰਕੇ ਬਚਨ ਕਰਕੇ, "ਮਾਈ, ਇਸ ਬੱਚੇ ਨੂੰ ਦੁੱਧ ਘਿਓ ਦਿਆ ਕਰ। ਦੁੱਧ ਘਿਓ ਵਰਤੇ ਬਿਨਾਂ ਜ਼ਹਿਰ ਨਹੀਂ ਮਰਦੀ।" ਹੁਣ ਤੱਕ ਉਹ ਦਰਬਾਰਾ ਸਿੰਘ ਦੁੱਧ ਘਿਓ ਵਰਤਦਾ ਹੈ। ਹੁਕਮ ਅਨੁਸਾਰ

ਉਸਦੀ ਮਾਤਾ ਨੇ ਵੀ ਦੁੱਧ ਘਿਓ ਉਸਨੂੰ ਬਹੁਤ ਦੇਣਾ। ਇਕ ਵਾਰ ਦਰਬਾਰਾ ਸਿੰਘ ਤੇ ਉਸਦੀ ਮਾਤਾ ਦਰਸ਼ਨ ਕਰਨ ਆਏ। ਉਸਦੀ ਮਾਤਾ ਨੇ ਬਾਬਾ ਜੀ ਕੋਲ ਦਰਬਾਰਾ ਸਿੰਘ ਦੇ ਰਿਸ਼ਤੇ ਬਾਰੇ ਬੇਨਤੀ ਕੀਤੀ। ਕਿ ਗਰੀਬ ਨਿਵਾਜ ਦਰਬਾਰਾ ਸਿੰਘ ਨੂੰ ਰਿਸ਼ਤਾ ਹੋ ਰਿਹਾ ਹੈ ਸਾਨੂੰ ਕੀ ਹੁਕਮ ਲਈਏ ਕਿ ਨਾ। ਹਜ਼ੂਰ ਨੇ ਪੁੱਛਿਆ, "ਕਿੱਥੋਂ ਹੁੰਦਾ ਹੈ ਅਤੇ ਉਨ੍ਹਾਂ ਦਾ ਕੀ ਗੋਤ ਹੈ ?" ਉੱਤਰ ਵਿਚ ਮਾਈ ਨੇ ਬੇਨਤੀ ਕੀਤੀ, "ਮਹਾਰਾਜ, ਉਨ੍ਹਾਂ ਦਾ ਗੋਤ ਸਮਾਘ ਹੈ।" ਤੁਰੰਤ ਹਜ਼ੂਰ ਨੇ ਜਵਾਬ ਦਿੱਤਾ, "ਸਮਾਘਾਂ ਦਾ ਰਿਸ਼ਤਾ ਨਹੀਂ ਲੈਣਾ। ਇਨ੍ਹਾਂ ਕਦੇ ਇਕ ਜਿਉਂਦਾ ਸਾਧ ਸਾੜ ਦਿੱਤਾ ਸੀ।" ਤਾਂ ਝੱਟ ਦਰਬਾਰਾ ਸਿੰਘ ਨੇ ਬੇਨਤੀ ਕੀਤੀ ਗਰੀਬ ਨਿਵਾਜ ਮੈਂ ਤੁਹਾਡੇ ਕਹੇ ਅਨੁਸਾਰ ਹੀ ਕਰਾਂਗਾ, ਐਵੇਂ ਨਹੀਂ। ਬਾਬਾ ਜੀ ਨੇ ਬਚਨ ਕੀਤਾ, 'ਸ਼ੁੱਧ ਹੈ'। ਅਚਾਨਕ ਰਿਸ਼ਤਾ ਹੋਣ ਉਪਰੰਤ ਬਾਬਾ ਜੀ ਪਾਸ ਆਏ ਤਾਂ ਹਜ਼ੂਰ ਨੇ ਪੁੱਛਿਆ, "ਸ਼ਾਹਾ ਕਿਸ ਸੋਧਿਆ ?" ਦਰਬਾਰਾ ਸਿੰਘ ਨੇ ਬੇਨਤੀ ਕੀਤੀ ਜੀ ਉਨ੍ਹਾਂ ਨੇ ਆਪ ਹੀ ਸਭ ਕੁਝ ਕੀਤਾ ਹੈ, ਅਸਾਥੋਂ ਕੁਝ ਪੁੱਛਿਆ ਹੀ ਨਹੀਂ। ਅੱਗੋਂ ਹਜ਼ੂਰ ਨੇ ਬਚਨ ਕੀਤਾ ਕਿ, "ਮੰਗਲ ਮੰਗਲ ਇਕੱਠੇ ਕਰ ਦਿੱਤੇ।" ਪਤਾ ਨਹੀਂ ਵਿਚੋਂ ਬਾਬਾ ਜੀ ਦਾ ਕੀ ਭਾਵ ਸੀ। ਫਿਰ ਕੋਈ ਬਚਨ ਨਹੀਂ ਕੀਤੇ। ਸਮਾਂ ਬੀਤਦਾ ਗਿਆ। ਉਪਰੰਤ ਸਾਡੇ ਘਰ ਉਚੇਚਾ ਸੁਨੇਹਾ ਘੱਲਿਆ ਕਿ, "ਨਿਤਨੇਮ ਕਰਿਆ ਕਰੋ।" ਅਸੀਂ ਹੁਕਮ ਅਨੁਸਾਰ ਨਿਤਨੇਮ ਕਰਨ ਲੱਗ ਪਏ। ਕੁਝ ਸਮੇਂ ਬਾਅਦ ਜਿਹੜੀ ਝੋਟੀ ਉਨ੍ਹਾਂ ਨੇ ਮੂਹਰੀ ਵਿਚ ਦਿੱਤੀ ਸੀ ਉਹ ਕਿਸੇ ਕਾਰਨ ਮਰ ਗਈ। ਅਸੀਂ ਬਾਬਾ ਜੀ ਪਾਸ ਬੇਨਤੀ ਕੀਤੀ। ਅੱਗੋਂ ਬਾਬਾ ਜੀ ਨੇ ਹੁਕਮ ਕੀਤਾ, "ਜਿਹੜਾ ਗ੍ਰਹਿ ਸੀ ਉਹ ਟਲ ਗਿਆ। ਸਭ ਸੁੱਖ ਰਹੇਗਾ।" ਬਚਨ ਅਨੁਸਾਰ ਅੱਜ ਤੱਕ ਸਭ ਅਨੰਦ ਹੈ। ਇਕ ਬਰਸੀ ਤੇ ਦਰਬਾਰਾ ਸਿੰਘ ਦੁੱਧ ਲੈ ਕੇ ਨਾ ਪਹੁੰਚ ਸਕਿਆ। ਉਸਨੂੰ ਸੁਪਨੇ ਵਿਚ ਦਰਸ਼ਨ ਦੇ ਕੇ ਬਰਸੀ ਤੇ ਨਾ ਜਾਣ ਦਾ ਕਾਰਨ ਪੁੱਛ ਕੇ ਨਾਲ ਹੀ ਅੱਗੇ ਤੋਂ ਹਰ ਵਾਰੀ ਜਾਣ ਦੀ ਤਾਕੀਦ ਕੀਤੀ। ਉਸ ਤੋਂ ਬਾਅਦ ਦਰਬਾਰਾ ਸਿੰਘ ਨੇ ਕਦੇ ਨਾਗਾ ਨਹੀਂ ਪਾਇਆ।

**(ਇਹ ਬਚਨ ਭਾਈ ਦਰਬਾਰਾ ਸਿੰਘ ਨੇ ਲਿਖਾਇਆ)**



# ਸੋਈ ਜਾਣੈ ਸੋਈ ਪਛਾਣੈ ਜਾ ਕਉ ਨਦਰ ਸਿਰੰਦੇ ॥

ਭੁੱਚੋ ਨਗਰ ਦਾ ਰਹਿਣ ਵਾਲਾ ਬਜ਼ੁਰਗ ਬਾਬਾ ਜਿਸਦਾ ਨਾਮ ਸ. ਕ੍ਰਿਪਾਲ ਸਿੰਘ ਬੀਬੀ ਕਾ ਸੁਪੱਤਰ ਸ. ਵੀਰ ਸਿੰਘ ਬੀਬੀ ਕਾ ਵਾਲੇ ਨਗਰ ਰਹਿੰਦਾ ਸੀ। ਪ੍ਰੰਤੂ ਸ. ਕ੍ਰਿਪਾਲ ਸਿੰਘ ਬੀਬੀ ਕਾ ਭੁੱਚੋ ਨਗਰ ਵਿਚ ਰਹਿੰਦਾ ਸੀ ਅਤੇ ਇਹ ਕਦੇ-ਕਦੇ ਬਾਬਾ ਜੀ ਦੇ ਦਰਸ਼ਨ ਅਤੇ ਸੇਵਾ ਵੀ ਕਰ ਜਾਂਦਾ ਹੁੰਦਾ ਸੀ। ਇਕ ਸਮੇਂ ਸ. ਕ੍ਰਿਪਾਲ ਸਿੰਘ ਬੀਬੀ ਕਾ ਮਹਾਰਾਜ ਮਹਾਂ ਹਰਿਨਾਮ ਸਿੰਘ ਜੀ ਦੇ ਪਾਸ ਬੈਠਾ ਸੀ ਤੇ ਇਕ ਹੋਰ ਸੇਵਾਦਾਰ ਨਾਮ ਅਭਿਆਸ ਵਿਚ ਮਸਤ ਸੀ। ਉਸਦੀ ਨਿਰਵਿਕਲਪ ਭਾਵ ਪੂਰਨ ਰੂਪ ਵਿਚ ਬਦੇਹ ਅਵੱਸਥਾ ਵਿਚ ਸੀ। ਹਜ਼ੂਰ ਨੇ ਕੋਈ ਕੌਤਕ ਵਰਤਾਇਆ ਅਤੇ ਬਾਬਾ ਕ੍ਰਿਪਾਲ ਸਿੰਘ ਬੀਬੀ ਕੇ ਨੂੰ ਸੰਬੋਧਨ ਕਰਕੇ ਬਚਨ ਕੀਤਾ, ਕ੍ਰਿਪਾਲ ਸਿੰਘ ਭਾਈ ਕਿਆ, ਇਹ ਤਾਂ ਮਰ ਗਿਆ ਹੈ। ਆਪਾਂ ਇਸ ਨੂੰ ਕਿਤੇ ਨਹਿਰ ਵਿਚ ਸੁੱਟ ਦੇਈਏ। ਕ੍ਰਿਪਾਲ ਸਿੰਘ ਇਸ ਕੌਤਕ ਨੂੰ ਸਮਝ ਨਾ ਸਕਿਆ। ਉਸਨੂੰ ਕ੍ਰਿਪਾਲ ਸਿੰਘ ਨੇ ਦੋ ਚਾਰ ਵੇਰ ਚੁੱਕਣ ਦੀ ਕੋਸ਼ਿਸ਼ ਕੀਤੀ ਪਰ ਚੁੱਕ ਨਾ ਸਕਿਆ। ਅਖੀਰ ਤੇ ਬਾਬਾ ਜੀ ਨੇ ਬਚਨ ਕਰਕੇ ਉਸਦੀ ਸਮਾਧੀ ਖੁਲ੍ਹਾਈ ਤੇ ਉਹ ਸਾਵਧਾਨ ਹੋ ਗਿਆ। ਉਸਨੇ ਨੇਤਰ ਵੀ ਖੋਲ੍ਹ ਲਏ। ਕ੍ਰਿਪਾਲ ਸਿੰਘ ਜੋ ਇਸ ਸਮੇਂ ਸਰੀਰ ਕਰਕੇ ਬਹੁਤ ਬਲ ਵਾਲਾ ਸੀ ਹੈਰਾਨ ਹੋਇਆ ਪਰ ਕੁਝ ਅੱਗੇ ਬੋਲ ਨਾ ਸਕਿਆ।

ਕੁਝ ਸਮੇਂ ਬਾਦ ਇਹੋ ਹੀ ਬਜ਼ੁਰਗ ਬਾਬਾ ਕ੍ਰਿਪਾਲ ਸਿੰਘ ਬੀਬੀ ਕਾ, ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਅਸਥਾਨ ਦੇ ਨਾਲ ਹੀ ਛੱਪੜ ਉੱਤੇ ਕੱਪੜੇ ਧੋ ਰਿਹਾ ਸੀ। ਇਸ ਦੇ ਨਾਲ ਵਾਲੇ ਛੱਪੜ ਨੂੰ ਹਜ਼ੂਰ ਤਲਾਅ ਕਹਿ ਕੇ ਬਚਨ ਕਰਿਆ ਕਰਦੇ ਸਨ। ਬਾਬਾ ਕ੍ਰਿਪਾਲ ਸਿੰਘ ਅਤੇ ਇਕ ਮਾਈ ਵੀ ਨਾਲ ਸੀ ਕੱਪੜੇ ਧੋਣ ਸਮੇਂ। ਇਸ ਦਾ ਧਿਆਨ ਹੋਰ ਪਾਸੇ ਹੋ ਗਿਆ। ਅਤੇ ਕਾਂ ਡੋਡ ਜਿਹਾ ਆ ਕੱਪੜੇ ਧੋਣ ਵਾਲੇ ਸਾਬਣ ਦੀ ਟਿੱਕੀ ਲੈ ਕੇ ਉੱਡ ਗਿਆ ਉਪਰੰਤ

ਬਾਬਾ ਕ੍ਰਿਪਾਲ ਸਿੰਘ ਕਾਹਲੀ ਕਾਹਲੀ ਕਦਮ ਪੁੱਟਦਾ ਉਪਰ ਟਿੱਲੇ ਉੱਤੇ ਜਿੱਥੇ ਬਾਬਾ ਜੀ ਬੈਠੇ ਸਨ ਆ ਗਿਆ ਅਤੇ ਆਪਣੇ ਸੁਭਾਅ ਹੀ ਬੋਲਿਆ, "ਸੰਤ ਜੀ ਮਹਾਰਾਜ, ਸਾਬਣ ਦੀ ਟਿੱਕੀ ਕਾਂ ਡੋਡ ਲੈ ਗਿਆ ਹੈ, ਮੰਗਵਾ ਦਿਓ।" ਉੱਤਰ ਵਿਚ ਹਜ਼ੂਰ ਨੇ ਜਵਾਬ ਦਿੱਤਾ, "ਕੋਈ ਗੱਲ ਨਹੀਂ, ਟਿੱਕੀ ਦੀ ਕਿਹੜੀ ਗੱਲ ਹੈ। ਤੁਸੀਂ ਟਿੱਕੀ ਹੋਰ ਲੈ ਲਵੋ।" ਉੱਤਰ ਵਿਚ ਬਾਬੇ ਕ੍ਰਿਪਾਲ ਸਿੰਘ ਨੇ ਕਿਹਾ, "ਨਹੀਂ ਉਹੀ ਟਿੱਕੀ ਚਾਹੀਦੀ ਹੈ।" ਬਾਬਾ ਜੀ ਨੇ ਫਿਰ ਰੋਕਿਆ ਤੇ ਬਚਨ ਕੀਤਾ, "ਦੋ ਆਨੇ ਦੀ ਟਿੱਕੀ ਬਦਲੇ ਐਨਾ ਕੁਝ ਕਰਨ ਦੀ ਕੀ ਲੋੜ ਹੈ। ਜੇ ਟਿੱਕੀ ਨਾ ਮਿਲਦੀ ਹੋਵੇ ਤਾਂ ਕਰ ਵੀ ਲਈਏ।" ਪ੍ਰੰਤੂ ਸ. ਕ੍ਰਿਪਾਲ ਸਿੰਘ ਨੇ ਆਪਣੇ ਸੁਭਾਅ ਅਨੁਸਾਰ ਜ਼ਿੱਦ ਨਾ ਛੱਡੀ ਅਤੇ ਕਈ ਨਾਵਾਜਬ ਗੱਲਾਂ ਵੀ ਕੀਤੀਆਂ। ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਬਚਨ ਕੀਤਾ, "ਬੀਬੀ ਕਿਆ ਪ੍ਰਤਿਆਵਾ ਨਹੀਂ ਲਈਦਾ ਹੁੰਦਾ।" ਬਾਬਾ ਕ੍ਰਿਪਾਲ ਸਿੰਘ ਇਸ ਗਲ ਉੱਤੇ ਅੜਿਆ ਰਿਹਾ। ਅਖੀਰ ਉੱਤੇ ਹਜ਼ੂਰ ਨੇ ਬਚਨ ਕੀਤਾ, ਟਿੱਕੀ ਤਾਂ ਉਹੀ ਆ ਜਾਏਗੀ ਪਰ ਤੇਰੀ ਜਾਇਦਾਦ ਉੱਤੇ ਖ਼ਰਚ ਹੋਵੇਗੀ, ਭਾਵ ਕਿ ਨਹੀਂ ਰਹੇਗੀ।" ਬਾਬੇ ਕ੍ਰਿਪਾਲ ਨੇ ਕਿਹਾ, "ਅਜੇ ਜ਼ਮੀਨ ਤਾਂ ਮੇਰੇ ਪਿਓ ਦੇ ਨਾਮ ਉੱਤੇ ਹੈ, ਮੇਰੇ ਨਾਮ ਉੱਤੇ ਨਹੀਂ ਲੱਗੀ।" ਹਜ਼ੂਰ ਨੇ ਬਚਨ ਕੀਤਾ, "ਜਦੋਂ ਤੇਰੇ ਨਾਮ ਲੱਗੇਗੀ ਉਦੋਂ ਲੈ ਲਵਾਂਗੇ।" "ਉਦੋਂ ਹੀ ਸਹੀ" ਉਪਰੰਤ ਹਜ਼ੂਰ ਨੇ ਬਚਨ ਕੀਤਾ, "ਕੁਛ ਥੋੜ੍ਹਾ ਜਿਹਾ ਪਿੱਛੇ ਹੋ ਕੇ ਖਲੋ ਜਾ।" ਹੁਕਮ ਅਨੁਸਾਰ ਬਾਬਾ ਕ੍ਰਿਪਾਲ ਸਿੰਘ ਕੁਛ ਪਿੱਛੇ ਹੋ ਗਿਆ ਤਾਂ ਹੀ ਉਹ ਕਾਂ ਮੂੰਹ ਵਿਚ ਟਿੱਕੀ ਫੜੀ ਉੱਡਦਾ ਹੋਇਆ ਆਇਆ ਅਤੇ ਟਿੱਕੀ ਸੁੱਟ ਕੇ ਅੱਗੇ ਲੰਘ ਗਿਆ। ਤੁਰੰਤ ਹੀ ਬਾਬਾ ਜੀ ਨੇ ਬਚਨ ਕੀਤਾ, "ਲੈ ਤੇਰਾ ਕੰਮ ਹੋ ਗਿਆ। ਇਕ ਟਿੱਕੀ ਬਦਲੇ ਸਾਨੂੰ ਇਤਨਾ ਬੇਆਰਾਮ ਕੀਤਾ ਤੇ ਨਾਲ ਸਾਡਾ ਇਤਨਾ ਪਰਤਿਆਵਾ ਲਿਆ। ਅੱਗੇ ਤੋਂ ਤੇਰੀ ਸੇਵਾ ਬੰਦ।"

ਜਿਵੇਂ ਬਾਣੀ ਵਿਚ ਆਖਿਆ, "ਤੇਰੇ ਭਾਣੈ ਸਭੁ ਕਿਛੁ ਹੋਵੈ " ਮਨੁ ਹਠ ਕੀਚੈ ਅੰਤਿ ਵਿਗੋਵੈ" ਦੇ ਕਥਨ ਅਨੁਸਾਰ ਬਾਬੇ ਕ੍ਰਿਪਾਲ ਸਿੰਘ ਦੇ ਪਿਤਾ ਵੀਰ ਸਿੰਘ ਦੇ ਮਰਨ ਤੋਂ ਬਾਅਦ ਜ਼ਮੀਨ ਇਸ ਦੇ ਨਾਮ ਲੱਗੀ। ਉਹ ਜ਼ਮੀਨ, ਘਰ ਬਾਬਾ ਜੀ ਦੇ ਬਚਨ ਅਨੁਸਾਰ ਨਗਰ ਬੀਬੀਕੇ ਵਾਲਾ ਵਿੱਚ ਹੀ ਵੇਚਣੀ ਪਈ।

**(ਇਹ ਬਚਨ ਸਾਬਕਾ ਸਰਪੰਚ ਸ. ਅੱਛਰ ਸਿੰਘ ਬੀਬੀ ਕਾ ਪਾਸੋਂ ਮਿਲਿਆ)**



# ਭਗਤਾ ਦੀ ਸਦਾ ਤੂ ਰੱਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ॥

**(ਅੰਗ ੬੩੦)**

ਗਿੱਦੜਬਾਹੇ ਦੇ ਕੋਲ ਇਕ ਹੁਸਨਰ ਨਾਮ ਦਾ ਨਗਰ ਹੈ। ਉਥੇ ਸੰਤ ਗੰਗਾ ਰਾਮ ਜੀ ਉਦਾਸੀ ਸੰਪਰਦਾਇ ਵਾਲੇ ਰਹਿੰਦੇ ਸਨ। ਉਸ ਸਮੇਂ ਪਾਣੀ ਦੀ ਔੜ ਲੱਗੀ ਰਹਿੰਦੀ ਸੀ। ਉਥੇ ਉਨ੍ਹਾਂ ਗੰਗਾ ਰਾਮ ਜੀ ਦਾ ਛੱਪੜ ਪੁਟਾਇਆ ਹੋਇਆ ਸੀ। ਉਸ ਵਿਚ ਪਾਣੀ ਦੀ ਲੋੜ ਸੀ ਤਾਂ ਉਨ੍ਹਾਂ ਸੂਆ ਵੱਢ ਕੇ ਛੱਪੜ ਭਰ ਲਿਆ ਸੀ। ਹੈ ਤਾਂ ਇਹ ਪੁੰਨ ਵਾਲਾ ਕੰਮ ਸੀ ਪਰ ਸਰਕਾਰੀ ਕਾਨੂੰਨ ਅਨੁਸਾਰ ਜ਼ੁਰਮ ਸੀ। ਕਿਸੇ ਚੁਗਲ ਬੰਦੇ ਨੇ ਮੌਕੇ ਦਾ ਲਾਭ ਉਠਾਉਣ ਲਈ ਉੱਪਰ ਲਿਖਤੀ ਸ਼ਕਾਇਤ ਕਰ ਦਿੱਤੀ। ਉਪਰੋਂ ਇਨਕੁਆਰੀ ਵਾਸਤੇ ਅਫ਼ਸਰ ਆਇਆ। ਉਸ ਨੇ ਮੌਕੇ 'ਤੇ ਛੱਪੜ ਭਰਿਆ ਵੇਖ ਕੇ ਉਪਰ ਰਿਪੋਰਟ ਕਰ ਦਿੱਤੀ। ਨਾਲ ਹੀ ਸੰਤ ਗੰਗਾ ਰਾਮ ਜੀ ਨੂੰ ਕਿਹਾ ਕਿ ਕੰਮ ਤਾਂ ਪੁੰਨ ਵਾਲਾ ਹੈ ਪਰ ਕਾਨੂੰਨ ਅਨੁਸਾਰ ਨਹੀਂ। ਮੈਂ ਆਪਣੇ ਵੱਲੋਂ ਤਾਂ ਕੁਝ ਹਿਮਾਇਤ ਕਰ ਦਿੰਦਾ ਪਰ ਮੇਰੇ ਵੱਸ ਨਹੀਂ। ਤੁਹਾਥੋਂ ਜੋ ਕੁਝ ਹੁੰਦਾ ਆਪਣਾ ਬੰਦੋਬਸਤ ਕਰ ਲਵੋ। ਇਨ੍ਹਾਂ ਕਹਿ ਕੇ ਅਫ਼ਸਰ ਤਾਂ ਚਲਾ ਗਿਆ ਜਿਵੇਂ ਬਾਣੀ ਵਿਚ ਆਖਿਆ।

**ਬਿਨੁ ਬਕਨੇ ਬਿਨੁ ਕਹਨ ਕਹਾਵਨ, ਅੰਤਰਜਾਮੀ ਜਾਨੈ॥**

**(ਅੰਗ ੧੨੨੮)**

ਉਪਰੰਤ ਬਾਬਾ ਜੀ ਨੇ ਆਪਣਾ ਸੇਵਕ ਆਪਣੇ ਆਪ ਭੇਜ ਦਿੱਤਾ। ਉਸ ਨੇ ਬਾਬਾ ਜੀ ਵੱਲੋਂ ਗੰਗਾ ਰਾਮ ਜੀ ਨੂੰ ਹੌਂਸਲਾ ਦਿੱਤਾ। ਜਦੋਂ ਵੀ ਅਫ਼ਸਰ ਆਵੇ ਉਸਨੂੰ ਸੱਚ ਦੱਸ ਦੇਣਾ ਮੁਕਰਨਾ ਨਹੀਂ ਕਿਸੇ ਗੱਲੋਂ ਤੁਹਾਨੂੰ ਕੋਈ ਫਿਕਰ

ਕਰਨ ਦੀ ਲੋੜ ਨਹੀਂ ਅਸੀਂ ਆਪੇ ਸਭ ਕੁਝ ਸੰਭਾਲ ਲਵਾਂਗੇ। ਹੁਕਮ ਅਨੁਸਾਰ ਸੇਵਾਦਾਰ ਇਹ ਬਚਨ ਕਰਕੇ ਵਾਪਸ ਆ ਗਿਆ। ਤੇ ਏਥੇ ਬਾਬਾ ਜੀ ਦੇ ਅਸਥਾਨ ਤੇ ਬਾਬਾ ਜੀ ਟਿੱਲੇ ਉਪਰ ਟਹਿਲ ਰਹੇ ਸੀ ਤੇ ਬਚਨ ਕਰ ਰਹੇ ਸਨ। "ਅਸੀਂ ਆਏ" ਇਹ ਬਚਨ ਕਰਕੇ ਦੋ ਕਰਮਾਂ ਅੱਗੇ ਪਿੱਛੇ ਹੋ ਜਾਣਾ ਤੇ ਇਹ ਬਚਨ ਫਿਰ ਕਰਨਾ।

ਇਸ ਭੁੱਚੋ ਨਗਰ ਦੇ ਰਹਿਣ ਵਾਲਾ ਜੈ ਰਾਮ ਨਾਮ ਦਾ ਪੰਡਤ ਮੰਦਰ ਦਾ ਪੁਜਾਰੀ ਸੀ। ਉਹ ਨਿਯਮ ਅਨੁਸਾਰ ਬਾਬਾ ਜੀ ਕੋਲ ਮੱਥਾ ਟੇਕਣ ਆਇਆ। ਉਸ ਦੇ ਆਏ ਤੋਂ ਵੀ ਇਹ ਬਚਨ ਦੋ ਤਿੰਨ ਵਾਰ ਕੀਤੇ ਉਸ ਦੀ ਰਾਮ ਬਲਾਈ ਦਾ ਕੋਈ ਉੱਤਰ ਨਾ ਦਿੱਤਾ ਤੇ ਉਨ੍ਹਾਂ ਜੈ ਰਾਮ ਨੂੰ ਇਸ਼ਾਰਾ ਕਰਕੇ ਆਪਣੇ ਕੋਲ ਬਿਠਾ ਲਿਆ। ਬਾਬਾ ਜੀ ਆਪ ਖੜ੍ਹੇ ਸਨ। ਉਸ ਦੇ ਬੈਠਣ ਤੋਂ ਬਾਅਦ ਇਹੀ ਬਚਨ ਫਿਰ ਕਰਨ ਲੱਗ ਪਏ, "ਅਸੀਂ ਆਏ।" ਉਪਰੰਤ ਜੈ ਰਾਮ ਜੀ ਨੇ ਪੁੱਛਿਆ ਇੱਥੇ ਕੋਈ ਆਦਮੀ ਨਹੀਂ ਹੈ। ਕਿਸ ਨੂੰ ਆਖ ਰਹੇ ਹੋ ? ਉੱਤਰ ਵਿਚ ਬਾਬਾ ਜੀ ਨੇ ਬਚਨ ਕੀਤਾ ਅਸੀਂ ਗੰਗਾ ਰਾਮ ਨੂੰ ਕਹਿ ਰਹੇ ਹਾਂ। ਉਪਰੰਤ ਜੈ ਰਾਮ ਜਾਣ ਲੱਗਾ ਪਰ ਬਾਬਾ ਜੀ ਨੇ ਉਸਨੂੰ ਬੈਠਣ ਲਈ ਕਿਹਾ ਕਿ ਅਜੇ ਨਹੀਂ ਜਾਣਾ। ਉਪਰੰਤ ਇਸ ਨਗਰ ਦਾ ਤਿਲਕ ਰਾਮ ਪੰਡਤ ਜੈ ਰਾਮ ਦੀ ਭਾਲ ਕਰਦਾ ਕਰਦਾ ਇੱਥੇ ਆ ਗਿਆ। ਉਸ ਨੇ ਟਿੱਲੇ ਦੇ ਹੇਠ ਹੋ ਕੇ ਬਾਬਾ ਜੀ ਨੂੰ ਮਹਾਰਾਜ ਦੀ ਆਵਾਜ਼ ਦਿੱਤੀ। ਉੱਤਰ ਵਿਚ ਬਾਬਾ ਜੀ ਨੇ ਉਸਨੂੰ ਉਪਰ ਬੁਲਾ ਲਿਆ ਤੇ ਬਚਨ ਕੀਤਾ ਕਿ ਤੂੰ ਸਾਡਾ ਅਗਸਤਮੁਨੀ ਹੈਂ। ਅੱਜ ਤੇਰੀ ਵੀ ਲੋੜ ਸੀ। ਉਸ ਤਿਲਕ ਰਾਮ ਪੰਡਤ ਨੇ ਹੱਥ ਜੋੜ ਕੇ ਕਿਹਾ ਮੈਂ ਅਗਸਮੁਨੀ ਨਹੀਂ ਬਣ ਸਕਦਾ। ਤੁਸੀਂ ਕ੍ਰਿਪਾ ਕਰਕੇ ਬਣਾ ਦਿਓ ਤਾਂ ਕੋਈ ਵੱਡੀ ਗੱਲ ਨਹੀਂ। ਬਾਬਾ ਜੀ ਨੇ ਬਚਨ ਕੀਤਾ ਤਾਂ ਤੂੰ ਬਣ ਗਿਆ, "ਸਾਡਾ ਇਕ ਕੰਮ ਕਰਕੇ।" ਬਚਨ ਕੀਤਾ ਟਿੱਲੇ ਦੇ ਉਪਰੋਂ ਢਾਈ ਕਦਮ ਅੱਗੇ ਤੁਰ ਕੇ ਇਕ ਮੰਤਰ ਦੱਸਿਆ, ਇਹ ਮੰਤਰ ਪੜ੍ਹ ਕੇ ਢਾਈ ਚੂਲੀਆਂ ਪਾਣੀ ਦੀਆਂ ਪੀ ਲੈ ਤੇ ਉਸ ਨੇ ਉੱਤਰ ਵਿਚ ਕਿਹਾ ਕਿ ਮਹਾਰਾਜ



ਜੀ ਮੈਂ ਤਾਂ ਅਜੇ ਇਸ਼ਨਾਨ ਨਹੀਂ ਕੀਤਾ। ਬਾਬਾ ਜੀ ਨੇ ਬਚਨ ਕੀਤਾ, "ਸਭ ਸ਼ੁੱਧ ਹੈ।" ਉਸਨੇ ਬਚਨ ਅਨੁਸਾਰ ਅੱਗੇ ਢਾਈ ਕਦਮ ਹੋ ਕੇ ਢਾਈ ਚੂਲੀਆਂ ਪਾਣੀ ਪੀ ਲਿਆ ਤੇ ਨਾਲ ਹੀ ਬਾਬਾ ਜੀ ਦੇ ਦੱਸਣ ਅਨੁਸਾਰ ਮੰਤਰ ਉਚਾਰਨ ਕੀਤਾ ਤੇ ਬਾਬਾ ਜੀ ਨੇ ਬਚਨ ਕੀਤਾ ਕਿ ਰੇਤ ਉੱਡਦੀ ਦਿਸੂ।

ਉਪਰੰਤ ਪੰਜ ਸੇਰ ਦੁੱਧ, ਦੋ ਸੇਰ ਚੌਲ, ਦੋ ਸੇਰ ਖੰਡ, ਸੇਰ ਘਿਉ ਦੇ ਕੇ ਹੁਕਮ ਕੀਤਾ, "ਮੰਦਰ ਵਿਚ ਜਾ ਕੇ ਖੀਰ ਬਣਾਉ, ਇਸ਼ਨਾਨ ਕਰੋ, ਸਾਰੀ ਖੀਰ ਆਪ ਹੀ ਛੱਕ ਲੈਣੀ। ਕਿਸੇ ਨੂੰ ਨਹੀਂ ਦੇਣੀ।" ਜੈ ਰਾਮ ਨੂੰ ਵੀ ਜਾਣ ਲਈ ਹੁਕਮ ਹੋਇਆ। ਮੰਦਰ ਵਿਚ ਆਉਣ ਤੋਂ ਉਪਰੰਤ ਪਹਿਲਾਂ ਤਿਲਕ ਰਾਮ ਨੇ ਇਸ਼ਨਾਨ ਕੀਤਾ ਪੂਜਾ ਕਰਨ ਉਪਰੰਤ ਖੀਰ ਬਣਾਈ ਤੇ ਖੀਰ ਬਹੁਤੀ ਬਣ ਗਈ। ਹੁਕਮ ਸੀ ਇਕੱਲੇ ਖਾਣ ਦਾ। ਫਿਰ ਡਰੇ ਉਸਨੇ ਜੈ ਰਾਮ ਨੂੰ ਬਾਬਾ ਜੀ ਪਾਸ ਘੱਲਿਆ। ਸਾਰੀ ਖੀਰ ਖਾਣ ਵਿਚ ਆਪਣੀ ਮਜ਼ਬੂਰੀ ਦੱਸੀ। ਬਾਬਾ ਜੀ ਨੇ ਜੈ ਰਾਮ ਨੂੰ ਉੱਤਰ ਵਿਚ ਕਿਹਾ ਕਿ ਉਸਨੂੰ ਕੁਝ ਨਹੀਂ ਹੁੰਦਾ। ਬੇਫ਼ਿਕਰ ਹੋ ਕੇ ਖਾ ਜਾਵੇ ਤੇ ਹੋਰ ਕਿਸੇ ਨੂੰ ਨਹੀਂ ਦੇਣੀ। ਇੱਥੋਂ ਤੱਕ ਕਿ ਜੈ ਰਾਮ ਨੂੰ ਵੀ ਖਾਣ ਤੋਂ ਰੋਕ ਦਿੱਤਾ। ਇਸ ਤੋਂ ਬਾਅਦ ਤਿਲਕ ਰਾਮ ਡਰਦਾ ਡਰਦਾ ਪਹਿਲਾਂ ਤਾਂ ਥੋੜ੍ਹੀ-ਥੋੜ੍ਹੀ ਕਰਕੇ ਖਾਣ ਲੱਗਾ। ਆਖਰ ਤੇ ਇਤਨੀ ਸੁਆਦ ਲੱਗੀ ਤੇ ਉਹ ਇਕੱਲਾ ਹੀ ਖਾ ਗਿਆ। ਇਸ ਤੋਂ ਉਪਰੰਤ ਜਦੋਂ ਹੁਸਨਰ ਨਗਰ ਵਿਚ ਵੱਡਾ ਅਫ਼ਸਰ ਆਇਆ ਤਾਂ ਉਸ ਨੇ ਉਹ ਛੱਪੜ ਸੁੱਕਾ ਪਿਆ ਦੇਖਿਆ ਤੇ ਸੰਤ ਗੰਗਾ ਰਾਮ ਜੀ ਨੇ ਪੁੱਛਿਆ ਕਿ ਤੁਹਾਡੇ ਤੇ ਸ਼ਕਾਇਤ ਝੂਠੀ ਕੀਤੀ ਹੈ ਕਿਸੇ ਨੇ। ਪਰ ਸੂਆ ਤੇ ਟੁੱਟਿਆ ਹੋਇਆ ਹੋਰ ਪਾਣੀ ਕਿੱਥੇ ਗਿਆ ਹੈਰਾਨੀ ਵਾਲੀ ਗੱਲ ਹੈ। ਸੰਤ ਗੰਗਾ ਰਾਮ ਜੀ ਨੇ ਜਵਾਬ ਦਿੱਤਾ ਸੀ ਸ਼ਿਕਾਇਤ ਸੱਚੀ ਹੈ ਸੂਆ ਮੈਂ ਤੋੜਿਆ ਸੀ, ਛੱਪੜ ਭਰਿਆ ਸੀ। ਪਾਣੀ ਵੱਲੋਂ ਪੰਛੀ ਬਹੁਤ ਤੰਗ ਸਨ। ਪਰ ਜੇ ਹੁਣ ਇੱਥੇ ਪਾਣੀ ਨਹੀਂ ਪਰਮੇਸ਼ਰ ਦੀ ਕ੍ਰਿਪਾ ਹੈ। ਮੌਕਾ ਵੇਖਣ ਤੋਂ ਬਾਅਦ ਅਫ਼ਸਰ ਚਲਾ ਗਿਆ।

**(ਇਹ ਬਚਨ ਪੰਡਤ ਜੈ ਰਾਮ ਜੀ ਪਾਸੋਂ ਮਿਲਿਆ।)**

## ਖੇਦੁ ਨ ਦੂਖੁ ਨ ਡਾਨੁ ਤਿਹ ਜਾ ਕਉ ਨਦਰਿ ਕਰੀ ॥
## ਨਾਨਕ ਜੋ ਪ੍ਰਭ ਭਾਣਿਆ ਪੂਰੀ ਤਿਨਾ ਪਰੀ ॥

(ਅੰਗ ੨੫੩)

ਨਗਰ ਮਲੂਕੇ ਦੇ ਰਹਿਣ ਵਾਲਾ ਇਕ ਮਹਾਤਮਾ ਜਿਸ ਦਾ ਜਨਮ ਦਰਜੀਆ ਦੇ ਘਰ ਦਾ ਸੀ। ਜਿਸ ਦਾ ਨਾਮ ਮੋਹਣਾ ਰਾਮ ਸੀ। ਇਸ ਨੂੰ ਵੀ ਬਾਬਾ ਜੀ ਦੀ ਸੇਵਾ ਕਰਨ ਦਾ ਸਮਾਂ ਪ੍ਰਾਪਤ ਹੋਇਆ। ਸੇਵਾ ਕਰਨ ਤੋਂ ਪਹਿਲਾਂ ਜਿਸ ਤਰ੍ਹਾਂ ਸਾਰਿਆਂ ਨੂੰ ਹੁਕਮ ਦਿੱਤਾ ਜਾਂਦਾ ਸੀ, ਇਸ ਨੂੰ ਵੀ ਉਸ ਤਰ੍ਹਾਂ ਦਾ ਹੁਕਮ ਸੀ। ਉਸ ਵਕਤ ਮਹਾਰਾਜ ਜੀ ਦੀ ਸੇਵਾ ਕਰਨ ਵਾਲਾ ਇਕੱਲਾ ਹੀ ਸੀ। ਪਿੰਡ ਵਿਚੋਂ ਦੁੱਧ ਲੈ ਕੇ ਆਉਣਾ, ਡੇਰੇ ਦੀ ਸਾਰੀ ਸਫ਼ਾਈ ਕਰਨੀ, ਪਿੰਡ ਵਿਚੋਂ ਪ੍ਰਸ਼ਾਦੇ ਲੈ ਕੇ ਆਉਣੇ, ਜਾਨਵਰਾਂ ਨੂੰ ਚੋਗਾ ਪਾਉਣਾ ਜੋ ਕਿ ਅੱਜ ਤੱਕ ਮਰਿਆਦਾ ਕਾਇਮ ਹੈ। ਸਾਰੀ ਸੇਵਾ ਇਕੱਲੇ ਦੀ ਜ਼ੁੰਮੇਵਾਰੀ ਤੇ ਸੀ। ਤਕਰੀਬਨ ਛੇ ਮਹੀਨੇ ਇਸ ਨੇ ਸੰਗਤ ਦੇ ਦੱਸਣ ਅਨੁਸਾਰ ਸੇਵਾ ਕੀਤੀ ਤੇ ਇਤਨੇ ਸਮੇਂ ਵਿਚ ਹੀ ਬਾਬਾ ਜੀ ਨੇ ਇਸ ਨੂੰ ਘਰ ਜਾਣ ਦੀ ਆਗਿਆ ਦੇ ਦਿੱਤੀ। ਇਸ ਦੀ ਸੇਵਾ ਵਿਚ ਲੱਗੇ ਕੌਣ-ਕੌਣ ਆਇਆ ਪਤਾ ਨਹੀਂ ਲੱਗ ਸਕਿਆ। ਨਾ ਹੀ ਆਪ ਮੌਜੂਦ ਹੈ ਜਿਸ ਕਰਕੇ ਇਸ ਦੇ ਪ੍ਰਸੰਗ ਬਾਰੇ ਲਿਖਣਾ ਮੁਸ਼ਕਲ ਹੈ। ਹਾਂ ਇਤਨਾਂ ਕੁ ਪਤਾ ਜ਼ਰੂਰ ਲੱਗਾ ਕਿ ਆਪਣੇ ਨਗਰ ਜਾਣ ਉਪਰੰਤ ਬੰਦਗੀ ਕਰਦਾ ਰਿਹਾ, ਸੰਸਾਰ ਦੇ ਕੰਮਾਂ ਵਿਚ ਇਸ ਦਾ ਮਨ ਨਹੀਂ ਲੱਗਿਆ। ਤੇ ਪਿੰਡ ਤੋਂ ਬਾਹਰ ਇਸ ਦੀ ਜਗ੍ਹਾ ਛੱਪੜੀ ਕਰਕੇ ਮੋਹਣਾ ਰਾਮ ਦੀ ਜਗ੍ਹਾ ਮਸ਼ਹੂਰ ਹੈ। ਪੰਡਿਤ ਸ੍ਰੀ ਰਾਮ ਸਿੰਘ ਜੀ ਇਸ ਮੋਹਣਾ ਰਾਮ ਦੀ ਪ੍ਰੇਰਣਾ ਕਰਕੇ ਆਏ ਸਨ। ਸੇਵਾ ਕਰਨ ਸਮੇਂ ਮੋਹਣਾ ਰਾਮ ਜਦੋਂ ਆਪਣੇ ਪਿੰਡ ਨੂੰ ਆਉਂਦਾ ਜਾਂਦਾ ਸੀ ਤਾਂ ਇਹ ਸ੍ਰੀ ਰਾਮ ਸਿੰਘ ਜੀ ਨੂੰ ਵੀ ਮਿਲਦਾ ਹੁੰਦਾ ਸੀ ਤੇ ਪੰਡਿਤ ਸ੍ਰੀ ਰਾਮ ਸਿੰਘ ਜੀ ਦੀ ਉਸ ਵੇਲੇ ਪਿੰਡ ਵਿਚ ਦੁਕਾਨ ਹੁੰਦੀ ਸੀ। ਪੰਡਿਤ ਸ੍ਰੀ ਰਾਮ ਸਿੰਘ ਜੀ ਉਸ ਵੇਲੇ ਸੋਹਣੀ ਮਹੀਵਾਲ ਦਾ ਕਿੱਸਾ



ਪੜ੍ਹਦੇ ਹੁੰਦੇ ਸਨ। ਅਵਾਜ਼ ਅਤਿ ਰਸੀਲੀ ਤੇ ਖਿੱਚ ਵਾਲੀ ਹੁੰਦੀ ਸੀ ਲੋਕੀਂ ਬੜੇ ਪਿਆਰ ਨਾਲ ਸੁਣਦੇ ਸਨ। ਮੋਹਣਾ ਰਾਮ ਜੀ ਨੇ ਵੀ ਸੁਨਣ ਤੋਂ ਬਾਅਦ ਪ੍ਰੇਰਣਾ ਕਰਨੀ। ਜੇ ਤੁਸੀਂ ਕੁਝ ਪ੍ਰਾਪਤ ਕਰਨਾ ਹੈ ਤਾਂ ਭੁੱਚੋ ਪਹੁੰਚੋ। ਉਸ ਦਰ ਤੋਂ ਕੋਈ ਵੀ ਖਾਲੀ ਨਹੀਂ ਮੁੜਿਆ। ਜਿਤਨੀ ਕੁ ਵਸਤੂ ਦਾ ਭਾਂਡਾ ਹੋਵੇ ਪੂਰਾ ਕਰ ਦਿੰਦੇ ਹਨ। ਐਸਾ ਮੁਰਸ਼ਦ ਕਲਯੁਗ ਵਿਚ ਮਿਲਣਾ ਮੁਸ਼ਕਲ ਹੈ ਸੋ ਤੁਸੀਂ ਦੇਰ ਨਾ ਕਰੋ। ਇਸ ਤਰ੍ਹਾਂ ਦੀ ਪ੍ਰੇਰਣਾ ਕਈ ਵਾਰ ਹੋਣ ਤੇ ਸ੍ਰੀ ਰਾਮ ਸਿੰਘ ਜੀ ਦਾ ਮਨ ਹੌਲੀ-ਹੌਲੀ ਪ੍ਰੇਰਿਆ ਜਾਣ ਲੱਗਾ। ਇਨ੍ਹਾਂ ਨੇ ਵੀ ਕਦੇ ਕਦੇ ਬਾਬਾ ਜੀ ਨੂੰ ਖਤ ਪਾਉਣੇ ਸ਼ੁਰੂ ਕਰ ਦਿੱਤੇ ਤੇ ਜਿਸ ਵੇਲੇ ਬਾਬਾ ਜੀ ਕੋਲ ਖ਼ਤ ਪਹੁੰਚਣਾ ਤੇ ਬਾਬਾ ਜੀ ਨੇ ਖ਼ਤ ਦਾ ਕੋਈ ਵੀ ਜਵਾਬ ਨਾ ਦੇਣਾ। ਕਦੇ ਕਦੇ ਜਵਾਬ ਵੀ ਦੇਣਾ। ਬਾਬਾ ਜੀ ਨੇ ਇਸ ਤਰ੍ਹਾਂ ਕਹਿਣਾ, "ਜੋ ਕੁਝ ਵੀ ਤੂੰ ਇਹ ਕਹਿਣਾ, ਇਹ ਚਿੱਠੀਆਂ ਵਿਚ ਨਹੀਂ ਮਿਲਣਾ ਆਪ ਆ ਕੇ ਗੱਲ ਕਰ।" ਸੰਤ ਮੋਹਣਾ ਰਾਮ ਜੀ ਵੀ ਜਦੋਂ ਇਨ੍ਹਾਂ ਨੂੰ ਪਿੰਡ ਵਿਚ ਅੱਗੇ ਪਿੱਛੇ ਮਿਲਦੇ ਬਾਬਾ ਜੀ ਕੋਲ ਜਾਣ ਬਾਰੇ ਪ੍ਰੇਰਨਾ ਕਰਦੇ। ਅਖੀਰ ਨੂੰ ਮਿਲਾਪ ਹੋਣ ਦਾ ਵਕਤ ਆ ਗਿਆ ਤਾਂ ਸ੍ਰੀ ਰਾਮ ਸਿੰਘ ਜੀ ਬਾਬਾ ਜੀ ਕੋਲ ਡੇਰੇ ਭੁੱਚੋ ਪਹੁੰਚੇ। ਪੰਡਿਤ ਸ੍ਰੀ ਰਾਮ ਸਿੰਘ ਜੀ ਦੇ ਪਿਤਾ ਦਾ ਨਾਮ ਸ਼ੰਕਰ ਦਾਸ ਸੀ। ਜਦੋਂ ਬਾਬਾ ਜੀ ਪਾਸ ਪਹਿਲੀ ਵਾਰ ਦਰਸ਼ਨ ਕਰਨ ਆਏ ਤਾਂ ਸੰਮਤ ੧੯੭੨ ਬਿਕਰਮੀ ਵਿਚ ਪਹੁੰਚੇ ਨਾਲ ਇਨ੍ਹਾਂ ਦੇ ਮਾਤਾ ਜੀ ਸੀ। ਬਾਬਾ ਜੀ ਨਾਲ ਕੁਝ ਪਰਮਾਰਥ ਦੇ ਬਚਨ ਹੋਣ ਤੋਂ ਉਪਰੰਤ ਬਾਬਾ ਜੀ ਨੇ ਆਪਣੇ ਮਰਿਆਦਾ ਅਨੁਸਾਰ ਪਿਓ ਦਾਦੇ ਨਾਨਕੇ ਪੁੱਛ ਕੇ ਸੇਵਾ ਦੇ ਦਿੱਤੀ ਅਤੇ ਹੁਕਮ ਅੰਦਰ ਰਹਿਣ ਦਾ ਬਚਨ ਲੈ ਲਿਆ ਗਿਆ। ਉਸ ਵੇਲੇ ਬਾਬਾ ਜੀ ਦੀ ਸੇਵਾ ਵਿਚ ਸੰਤ ਕੇਸਰ ਸਿੰਘ ਜੀ ਸੰਤ ਨੀਲਾ ਸਿੰਘ ਜੀ, ਸੰਤ ਅਚਿੰਤ ਰਾਮ ਜੀ ਹਾਜ਼ਰ ਸਨ। ਸਾਰੀ ਸ਼ਰ੍ਹਾ ਕਰਨ ਤੋਂ ਉਪਰੰਤ ਹਜ਼ੂਰ ਨੇ ਸੇਵਾ ਸੌਂਪ ਦਿੱਤੀ ਤੇ ਨਾਲ ਹੀ ਬਚਨ ਕੀਤਾ ਜੋ ਕੋਈ ਪ੍ਰਸ਼ਨ ਹੋਵੇ ਹੁਣ ਪੁੱਛੋ ਲਵੋ। ਕੋਈ ਲਕੋ ਨਹੀਂ ਰੱਖਣਾ। ਤਾਂ ਸ੍ਰੀ ਰਾਮ ਸਿੰਘ ਜੀ ਨੇ ਬੇਨਤੀ ਕੀਤੀ ਕਿ ਮਹਾਰਾਜ ਮੈਂ ਉਪਾਸਨਾ ਤਾਂ ਸ੍ਰੀ ਰਾਮ ਚੰਦਰ ਜੀ ਦੀ ਕਰਦਾ ਹਾਂ। ਤੇ ਮੈਨੂੰ ਦਰਸ਼ਨ ਗੁਰੂ ਨਾਨਕ ਦੇਵ ਜੀ ਦੇ ਹੁੰਦੇ ਸਨ। ਚਾਹੀਦੇ ਤਾਂ ਰਾਮ ਚੰਦਰ ਜੀ ਦੇ ਹਨ ਕਿਉਂਕਿ

ਮੈਂ ਉਪਾਸ਼ਕ ਉਨ੍ਹਾਂ ਦਾ ਹਾਂ। ਕ੍ਰਿਪਾ ਕਰਕੇ ਇਹ ਦੱਸੋ ਕਿ ਕਿਉਂ ? ਉੱਤਰ ਵਿਚ ਬਾਬਾਂ ਜੀ ਨੇ ਕਿਹਾ, "ਕਿ ਕਲਯੁਗ ਵਿਚ ਪਹਿਰਾ ਗੁਰੂ ਨਾਨਕ ਦੇਵ ਜੀ ਦਾ ਹੈ ਇਸ ਕਰਕੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਹੁੰਦੇ ਹਨ। ਨਾਲੇ ਅਸੀਂ ਵੀ ਆਏ ਬੈਠੇ ਹਾਂ ਤੂੰ ਸਾਡੋ ਕੋਲ ਆਉਂਦਾ ਸੀ ?" ਤੇ ਇਤਨਾ ਬਚਨ ਕਰਕੇ ਬਾਬਾ ਜੀ ਨੇ ਆਪਣੇ ਦੋਹੇਂ ਹੱਥ ਆਪਣੇ ਅੱਖਾਂ ਦੇ ਅੱਗੇ ਕਰਕੇ ਬਚਨ ਕੀਤਾ ਕਿ ਤੈਨੂੰ ਗੁਰੂ ਨਾਨਕ ਦੇਵ ਜੀ ਦਾ ਰੂਪ ਇਸ ਤਰ੍ਹਾਂ ਦਿਸਦਾ ਹੈ। ਬਾਬਾ ਜੀ ਦੇ ਹੱਥਾਂ ਤੇ ਨੇਤਰਾਂ ਦੇ ਵਿਚਾਲੇ ਉਹੀ ਗੁਰੂ ਨਾਨਕ ਦੇਵ ਜੀ ਦਾ ਰੂਪ ਦਿਸਿਆ। ਵੇਖਣ ਅਨੁਸਾਰ ਸ੍ਰੀ ਰਾਮ ਸਿੰਘ ਜੀ ਕਹਿਣ ਲੱਗੇ ਜੀ ਠੀਕ ਹੈ। ਉਪਰੰਤ ਫਿਰ ਬਾਬਾ ਜੀ ਨੇ ਬਚਨ ਕੀਤਾ ਕਿ ਤ੍ਰੇਤੇ ਯੁੱਗ ਵਿਚ ਰਾਮ ਚੰਦਰ ਜੀ ਦਾ ਜਾਮਾ ਸਾਡਾ ਸੀ। ਤੇਰਾ ਪਿਛਲਾ ਜਨਮ ਤੁਲਸੀ ਦਾਸ ਦਾ ਸੀ। ਤੂੰ ਰਾਮਾਇਣ ਵੀ ਲਿਖੀ ਹੈ। ਇਸ ਕਰਕੇ ਤੇਰਾ ਸਾਡਾ ਸੰਬੰਧ ਬਣਿਆ। ਸ੍ਰੀ ਰਾਮ ਸਿੰਘ ਜੀ ਨੇ ਜਵਾਬ ਦਿੱਤਾ ਕਿ "ਜਬ ਨਾ ਦੇਖੋਂ ਮੈਂ ਆਪਣੀ ਨੈਣੀ ਤਾਂ ਮੈਂ ਨ ਪਤੀਜੋ ਗੁਰ ਕੀ ਬੈਣੀ।" ਬਾਬਾ ਜੀ ਨੇ ਬਚਨ ਕੀਤਾ ਕਿ ਸੇਵਾ ਕਰ ਤਗੜਾ ਹੋ ਕੇ ਸਭ ਕੁਝ ਵੇਖ ਲਵੀਂ। ਉਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਦੇ ਸਰੂਪ ਦਾ ਦਰਸ਼ਨ ਨਹੀਂ ਹੋਇਆ। ਫਿਰ ਸ੍ਰੀ ਰਾਮ ਸਿੰਘ ਜੀ ਸੇਵਾ ਵਿਚ ਜੁੱਟ ਪਏ ਦਿਨ ਰਾਤ ਅਤਿਅੰਤ ਸੇਵਾ ਕਰਨੀ ਆਰੰਭ ਕਰ ਦਿੱਤੀ।

**(ਇਹ ਬਚਨ ਰਤਨ ਸਿੰਘ ਢਿੱਲੋਂ ਮਲੂਕੇ ਵਾਲੇ ਤੋਂ ਮਿਲਿਆ।)**

## ਜੇਹੀ ਸੇਵ ਕਰਾਈਐ ਕਰਣੀ ਭੀ ਸਾਈ ॥
## ਸੇਵਕ ਸੇਵਾ ਕਰਕੇ ਹੀ ਸਭ ਕੁਝ ਪ੍ਰਾਪਤ ਕਰਦਾ ਹੈ।
## ਹੁਕਮ ਵੀ ਹੈ : "ਬਿਨ ਸੇਵਾ ਫਲੁ ਕਿਸੈ ਨਹੀਂ ॥"

ਸੇਵਾ ਦਾ ਫਲ ਪ੍ਰਾਪਤ ਕਰਕੇ ਸਿੱਖਾਂ, ਸੇਵਕਾਂ ਨੇ ਸੇਵਾ ਕਰਨ ਕਰਵਾਉਣ ਵੱਲੋਂ ਕਦੇ ਮੋਂਢਾ ਨਹੀਂ ਫੇਰਿਆ। ਜਿਵੇਂ ਸੰਤ ਬਹਾਲ ਦਾਸ ਜੀ ਜੱਸੀ ਪੌ ਵਾਲੇ ਅਤੇ ਸੰਤ ਧੰਨਾ ਭਾਈ ਰੂਪੇ ਵਾਲੇ ਸੇਵਾ ਵਿਚ ਆਪਣੇ ਆਪਣੇ ਅਸਥਾਨਾਂ ਉੱਤੇ ਬੈਠੇ ਹੋਏ ਹੀ ਸੇਵਾ ਵੱਲੋਂ ਕਦੇ ਵੀ ਅਵੇਸਲੇ ਨਹੀਂ ਹੋਏ ਸਨ। ਇਸ



ਜਗ੍ਹਾ ਇਕ ਪ੍ਰਸੰਗ ਸੰਤ ਧੰਨਾ ਜੀ ਦਾ ਸੇਵਾ ਕਰਾਉਣ ਦਾ ਲਿਖ ਦੇਣਾ ਠੀਕ ਰਹੇਗਾ, ਜਿਹੜਾ ਭਾਈ ਰੂਪੇ ਨਗਰ ਵਿਚ ਰਹਿਣ ਵਾਲੇ ਬਜ਼ੁਰਗ ਭਾਈ ਨਿੱਕਾ ਸਿੰਘ ਪਾਸੋਂ ਪ੍ਰਾਪਤ ਹੋਇਆ। ਭਾਈ ਸਰੂਪ ਸਿੰਘ, ਭਾਈ ਨਰੈਣ ਸਿੰਘ ਭਾਈ ਨਿੱਕਾ ਸਿੰਘ ਚੌਥਾ ਭਾਈ ਸੁਰਮੁਖ ਸਿੰਘ ਕਾਂਗੜ ਤੋਂ ਵੀ ਇਨ੍ਹਾਂ ਨਾਲ ਸੀ। ਨਿੱਕਾ ਸਿੰਘ ਦੀ ਉਮਰ ਅਜੇ ਛੋਟੀ ਹੀ ਸੀ ਸੰਤ ਧੰਨਾ ਸਿੰਘ ਜੀ ਦੇ ਹੁਕਮ ਅਨੁਸਾਰ ਦੁੱਧ ਲੈ ਕੇ ਭੁੱਚੋ ਪਹੁੰਚੇ। ਉਸ ਸਮੇਂ ਹਾੜੀ ਦੀ ਵਾਢੀ ਪਈ ਹੋਈ ਸੀ। ਦੁੱਧ ਦੀ ਮੌਸਮ ਅਨੁਸਾਰ ਕਮੀ ਹੋਣ ਕਰਕੇ ਸਾਰੇ ਭਾਈ ਰੂਪੇ ਵਿਚੋਂ ਦੁੱਧ ਇਕੱਠਾ ਕਰਕੇ ਲੈ ਕੇ ਆਏ ਰਸਤੇ ਵਿਚ ਆਉਣ ਸਮੇਂ ਨਿੱਕਾ ਸਿੰਘ ਦਾ ਪੈਰ ਸਰੋਂ ਦੇ ਵੱਢੇ ਹੇਠਲੇ ਹਿੱਸੇ ਵਿਚ ਵੱਜ ਕੇ ਜ਼ਖ਼ਮੀ ਹੋ ਗਿਆ ਸੀ। ਤੁਰਿਆ ਨਹੀਂ ਸੀ ਜਾਂਦਾ ਪੈਰ ਦਰਦ ਬਹੁਤ ਕਰ ਰਿਹਾ ਸੀ। ਜਿਵੇਂ ਕਿਵੇਂ ਕਰਕੇ ਭੁੱਚੋ ਪਹੁੰਚੇ। ਰਾਤ ਕਿਸੇ ਸੇਵਕ ਦੇ ਵੱਲ ਰਹਿਣ ਦਾ ਹੁਕਮ ਹੋਇਆ। ਦਰਸ਼ਨ ਕਰਨ ਸਮੇਂ ਨਿੱਕਾ ਸਿੰਘ ਨਾ ਆ ਸਕਿਆ। ਬਾਬਾ ਜੀ ਨੇ ਪੁੱਛਿਆ ਤੁਹਾਡਾ ਚੌਥਾ ਸਾਥੀ ਕਿੱਥੇ ਹੈ। ਨਾਲ ਨਹੀਂ ਆਇਆ। ਉਨ੍ਹਾਂ ਨੇ ਬੇਨਤੀ ਕੀਤੀ ਉਸ ਦਾ ਪੈਰ ਦੁੱਖਦਾ ਹੈ, ਉਸ ਤੋਂ ਤੁਰਿਆ ਨਹੀਂ ਜਾਂਦਾ ਤਾਂ ਬਾਬਾ ਜੀ ਨੇ ਬਚਨ ਕੀਤਾ ਉਸਦੀ ਹਾਜ਼ਰੀ ਲੱਗ ਗਈ ਹੈ। ਤੁਹਾਡੇ ਘਰ ਅਪੜਨ ਸਾਰ ਆਰਾਮ ਆਇਆ ਹੋਏਗਾ। ਫਿਰ ਕਾਂਗੜ ਵਾਲੇ ਸਰਮੁੱਖ ਸਿੰਘ ਬਾਰੇ ਬੇਨਤੀ ਕੀਤੀ ਕਿ ਉਹ ਤੁਰਿਆ ਜਾਂਦਾ ਡਿੱਗ ਪਿਆ। ਉੱਤਰ ਵਿਚ ਹਜ਼ੂਰ ਨੇ ਬਚਨ ਕੀਤਾ ਕਿ ਸਭ ਗੋਂਦੇ ਮੱਲ ਦਾ ਕਾਰਾ ਹੈ ਉਸਨੇ ਹੀ ਇਹ ਕੰਮ ਕੀਤਾ ਹੈ ਅਤੇ ਆਪਣਾ ਪੈਰ ਵਿਖਾ ਕੇ ਕਹਿਣ ਲੱਗੇ ਅਸੀਂ ਝੂਠ ਨਹੀਂ ਬੋਲਿਆ। ਅਸਾਡਾ ਪੈਰ ਵੀ ਨੀਲਾ ਹੋ ਗਿਆ ਹੈ, ਗੋਂਦਾ ਮੱਲ ਵਲ ਨਹੀਂ ਵੇਖਣਾ। ਫਿਰ ਇਕ ਚੁਟਕੀ ਮਿੱਟੀ ਦੀ ਚੁੱਕ ਕੇ ਬਚਨ ਕੀਤਾ 'ਜਾਉ ਸ਼ੁਧ ਹੈ' ਇਤਨੇ ਦੇਰ ਤੱਕ ਲੰਗਰ ਪੱਕ ਕੇ ਆ ਗਿਆ। ਸੇਵਾਦਾਰ ਨੇ ਬੇਨਤੀ ਕੀਤੀ ਕਿ ਮਹਾਰਾਜ ਲੰਗਰ ਤਿਆਰ ਹੈ ਹੁਕਮ ਕੀਤਾ, "ਭਾਈ ਰੂਪੇ ਵਾਲਿਆਂ ਨੂੰ ਲੰਗਰ ਨਹੀਂ ਛਕਾਉਣਾ ਇਨ੍ਹਾਂ ਦਾ ਅੱਜ ਦਾ ਅੰਨ ਜਲ ਰਾਮਪੁਰੇ ਮੀਤੂ ਝਿਓਰ ਦੇ ਘਰ ਹੈ" ਆਗਿਆ ਦੇ ਕੇ ਚਾਰੇ ਤੌਰ ਦਿੱਤੇ ਤੁਰਨ ਸਮੇਂ ਬਚਨ ਕੀਤਾ ਮੀਤੂ ਝਿਓਰ ਦੇ ਘਰ

ਮਿੱਸੀਆਂ ਤੰਦੂਰ ਦੀਆਂ ਰੋਟੀਆਂ ਤਿਆਰ ਹੋ ਰਹੀਆਂ ਹਨ। ਜਿਸ ਵਕਤ ਹੁਕਮ ਅਨੁਸਾਰ ਰਾਮਪੁਰੇ ਪਹੁੰਚੇ। ਬਾਬਾ ਜੀ ਦੇ ਬਚਨ ਅਨੁਸਾਰ ਸਭ ਤੋਂ ਪਹਿਲਾਂ ਮੀਤੂ ਸਿੰਘ ਦੇ ਘਰ ਪਹੁੰਚ ਅੱਗੇ ਰੋਟੀਆਂ ਪੱਕ ਰਹੀਆਂ ਸਨ ਉਸਨੇ ਮੰਜਾ ਡਾਹ ਦਿੱਤਾ ਅਤੇ ਬੈਠ ਗਏ ਅੱਗੇ ਇਸ ਨਾਲ ਜਾਣ-ਪਛਾਣ ਤਾਂ ਕੋਈ ਨਹੀਂ ਸੀ ਪ੍ਰੰਤੂ ਹਜ਼ੂਰ ਦੇ ਬਚਨ ਅਨੁਸਾਰ ਇਸਨੇ ਇਹਨਾਂ ਦੀ ਬੜੀ ਸੇਵਾ ਕੀਤੀ। ਐਸੀ ਸਮਰਥਾ ਦੇ ਮਾਲਕ ਸਨ ਬਾਬਾ ਮਹਾਂ ਹਰਿਨਾਮ ਸਿੰਘ ਜੀ।

## ਹੁਕਮੈ ਅੰਦਰਿ ਸਭੁ ਕੋ
## ਕੁਦਰਤਿ ਕਿਸ ਦੀ ਕਰੈ ਜਵਾਬਾ॥

ਨਵਾਂ ਪਿੰਡ (ਸ੍ਰੀ ਦਮਦਮਾ ਸਾਹਿਬ ਦੇ ਨਜ਼ਦੀਕ) ਜ਼ਿਲ੍ਹਾ ਬਠਿੰਡਾ ਵਿਚ ਇਕ ਪ੍ਰੇਮੀ ਕਾਲੂ ਨਾਥ ਨਥਾਣੇ ਵਾਲਿਆਂ ਦਾ ਸ਼ਰਧਾਲੂ ਸੀ। ਉਹ ਹਰ ਬਰਸ ਕਾਲੂ ਨਾਥ ਦੇ ਸਥਾਨ ਦੀ ਯਾਤਰਾ ਵਾਸਤੇ ਨਥਾਣੇ ਆਇਆ ਕਰਦਾ ਸੀ। ਇਕ ਵਾਰ ਉਹ ਆਪਣੇ ਪਿੰਡ ਤੋਂ ਹੁੰਦੇ ਹੋਇਆਂ ਰਸਤੇ ਵਿਚ ਭੁੱਚੋ ਵਿਖੇ ਪੁੱਜਿਆ। ਬਾਬਾ ਜੀ ਦੇ ਦਰਸ਼ਨ ਕਰਕੇ ਪ੍ਰਸੰਨ ਹੋ ਗਿਆ ਅਤੇ ਚਰਨਾਂ ਵਿਚ ਬੈਠ ਗਿਆ। ਮਹਾਂਪੁਰਖਾਂ ਨੇ ਪੁੱਛਿਆ, "ਪ੍ਰੇਮੀਆਂ ਕਿੱਥੋਂ ਆਇਆ ਹੈਂ ?" ਪ੍ਰੇਮੀ ਹੱਥ ਜੋੜ ਕੇ ਬੋਲਿਆ ਜੀ ਮੈਂ ਨਵੇਂ ਪਿੰਡ ਤੋਂ ਆਇਆ ਹਾਂ। ਹਜ਼ੂਰ ਨੇ ਪੁੱਛਿਆ, "ਜਾਣਾ ਕਿੱਥੇ ਹੈ ?" ਉਹ ਬੋਲਿਆ ਜੀ ਮੈਂ ਹਰ ਬਰਸ ਕਾਲੂ ਨਾਥ ਦੀ ਯਾਤਰਾ ਕਰਦਾ ਹਾਂ ਤੇ ਹੁਣ ਵੀ ਇਸੇ ਵਾਸਤੇ ਚੱਲਿਆ ਹਾਂ। ਬਾਬਾ ਜੀ ਨੇ ਨਵਾਂ ਪਿੰਡ ਕਹਿ ਕੇ ਪਿਛਲੇ ਬਚਨ ਨੂੰ ਫਿਰ ਦੁਹਰਾਇਆ। ਤੇ ਉਸ ਨੇ ਵੀ ਨਵੇਂ ਪਿੰਡ ਕਹਿ ਕੇ ਫਿਰ ਦੁਹਰਾਇਆ। ਮਹਾਂ ਪੁਰਖਾਂ ਨੇ ਫੁਰਮਾਇਆ, "ਤੇਰੇ ਪਿੰਡ ਬਚਿੱਤਰ ਤੀਰਥ ਹੈ ਤੇ ਕੀਰਤਪੁਰ ਜੈਸੇ ਪਵਿੱਤਰ ਧਾਮ ਨੂੰ ਛੱਡ ਕੇ ਤੁਸੀਂ ਕਾਲੂ ਨਾਥ ਦੇ ਡੇਰੇ ਕੀ ਲੈਣ ਆਉਂਦੇ ਹੋ ? ਤੁਸੀਂ ਕੀਰਤਪੁਰ ਦੀ ਯਾਤਰਾ ਕਰਿਆ ਕਰੋ। ਤੁਹਾਡੀਆਂ ਮਨੋਕਾਮਨਾ ਕੀਰਤਪੁਰ ਤੋਂ ਪੂਰੀਆਂ ਹੋਣਗੀਆਂ।" ਪ੍ਰੇਮੀ ਕੁਝ ਸੰਕੋਚ ਨਾਲ ਬੋਲਿਆ ਜੀ ਬਜ਼ੁਰਗਾਂ ਤੋਂ ਲੈ ਕੇ ਅਸੀਂ ਕਾਲੂ ਨਾਥ ਜੀ ਦੀ ਹੀ ਪੂਜਾ ਕਰਦੇ ਹਾਂ। ਬਾਬਾ ਜੀ ਗੰਭੀਰ ਹੋ ਕੇ ਬੋਲੇ,



"ਤੁਸੀਂ ਕਦੇ ਕਾਲੂ ਨਾਥ ਵੇਖਿਆ ਵੀ ਹੈ ?" ਉਸ ਪ੍ਰੇਮੀ ਨੇ ਉੱਤਰ ਦਿੱਤਾ ਜੀ ਕਦੇ ਨਹੀਂ। ਬਾਬਾ ਜੀ ਮੁਸਕਰਾ ਕੇ ਬੋਲੇ ਜੇਕਰ ਤੈਨੂੰ ਕਾਲੂ ਨਾਥ ਜੀ ਦੇ ਸਾਖ਼ਸ਼ਾਤ ਦਰਸ਼ਨ ਕਰਵਾ ਦੇਈਏ। ਉਸ ਪ੍ਰੇਮੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਫਿਰ ਤਾਂ ਆਪ ਜੀ ਦੀ ਬੜੀ ਮਿਹਰਬਾਨੀ ਹੋਵੇਗੀ। ਬਾਬਾ ਜੀ ਨੇ ਬਚਨ ਕੀਤਾ ਚੰਗਾ ਤਾਂ ਤੂੰ ਅੱਜ ਇੱਥੇ ਹੀ ਰਹਿ। ਇਤਨਾ ਬਚਨ ਕਰਕੇ ਬਾਬਾ ਜੀ ਉੱਠ ਕੇ ਆਪਣੇ ਆਸਣ ਉੱਤੇ ਅੰਦਰ ਚਲੇ ਗਏ। ਨਵੇਂ ਪਿੰਡ ਵਾਲਾ ਪ੍ਰੇਮੀ ਕੁਝ ਚਿਰ ਆਰਾਮ ਕਰਕੇ ਡੇਰੇ ਤੋਂ ਛਿਪਦੇ ਪਾਸੇ ਵੱਲ ਭ੍ਰਮਣ ਕਰਨ ਚਲਾ ਗਿਆ। ਉਸ ਵਕਤ ਇਕ ਪਾਸੇ ਜੰਗਲ ਜਾਂ ਰੇਤ ਦੇ ਟਿੱਬੇ ਸਨ ਉਹ ਤੁਰਦਾ-ਫਿਰਦਾ ਝਾੜੀਆਂ ਵਿਚ ਦੂਰ ਨਿਕਲ ਗਿਆ। ਉਸਨੂੰ ਅੱਗੇ ਇਕ ਸਾਧੂ ਮਿਲਿਆ ਜੋ ਨੱਬੇ-ਪਚਾਨਵੇਂ ਸਾਲ ਦੀ ਉਮਰ ਦਾ ਪ੍ਰਤੀਤ ਹੁੰਦਾ ਸੀ ਜਿਸਦੇ ਕੰਨਾਂ ਵਿਚ ਮੁੰਦਰਾਂ ਸਿਰ ਤੋਂ ਰੋਡਾ, ਲੱਕ ਸਿਰ ਲੰਗੋਟੀ, ਹੱਥ ਵਿਚ ਤੰਬਾ ਤੇ ਚਿਮਟਾ, ਪੈਰਾਂ ਵਿਚ ਪੁਰਾਣੀਆਂ ਖੜਾਵਾਂ, ਕੁੱਬਾ ਹੋਇਆ ਸਰੀਰ, ਅਤਿ ਕਮਜ਼ੋਰ ਹੌਲੀ-ਹੌਲੀ ਤੁਰ ਰਿਹਾ ਸੀ। ਇਸ ਪ੍ਰੇਮੀ ਦੇ ਕੋਲ ਆ ਗਿਆ। ਸਾਧੂ ਜਾਣ ਕੇ ਇਸਨੇ ਨਮਸਕਾਰ ਕੀਤੀ। ਉਪਰੰਤ ਉਹ ਸਾਧੂ ਬੋਲਿਆ ਭਾਈ ਰੂੰਮੀ ਵਾਲੇ ਮਹਾਰਾਜ ਪਾਸ ਦਰਸ਼ਨ ਕਰਨ ਠਹਿਰੇ ਹੋ। ਇਸ ਪ੍ਰੇਮੀ ਦੇ ਹਾਂ ਕਹਿਣ ਤੇ ਉਹ ਸਾਧੂ ਬੋਲਿਆ ਧੰਨ, ਸੰਤ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ, ਜਿਨ੍ਹਾਂ ਦਾ ਨਾਮ ਲਿਆ, ਰਸਨਾ ਪਵਿੱਤਰ ਹੁੰਦੀ ਹੈ। ਇਤਨਾ ਕੁਝ ਕਹਿ ਕੇ ਉਹ ਸਾਧੂ ਅੱਗੇ ਨੂੰ ਤੁਰ ਗਿਆ ਅਤੇ ਨਵੇਂ ਪਿੰਡ ਵਾਲਾ ਪ੍ਰੇਮੀ ਵਾਪਸ ਡੇਰੇ ਆ ਗਿਆ। ਅੱਗੇ ਮਹਾਂਪੁਰਖ ਆਪਣੇ ਆਸਣ ਉੱਤੇ ਬਾਹਰ ਬੈਠੇ ਸਨ। ਹੋਰ ਸੰਗਤ ਵੀ ਬੈਠੀ ਸੀ। ਬਚਨ ਸ੍ਵਣ ਕਰ ਰਹੇ ਸਨ। ਇਹ ਪ੍ਰੇਮੀ ਸੰਗਤ ਵਿਚ ਬੈਠ ਗਿਆ ਕਾਫ਼ੀ ਸਮੇਂ ਤੋਂ ਬਾਅਦ ਮਹਾਂਪੁਰਖਾਂ ਨੇ ਨਵੇਂ ਪਿੰਡ ਵਾਲੇ ਪ੍ਰੇਮੀ ਨੂੰ ਸੰਬੋਧਨ ਕਰਕੇ ਪੁੱਛਿਆ ਕਿਉਂ ਭਾਈ ਕਾਲੂ ਨਾਥ ਦੇ ਦਰਸ਼ਨ ਕੀਤੇ। ਨਵੇਂ ਪਿੰਡ ਵਾਲਾ ਪ੍ਰੇਮੀ ਹੱਥ ਜੋੜ ਕੇ ਬੋਲਿਆ ਜੀ ਅਜੇ ਨਹੀਂ। ਮਹਾਂਪੁਰਖਾਂ ਨੇ ਫੁਰਮਾਇਆ ਭਾਈ ਦਰਸ਼ਨ ਤਾਂ ਹੋਏ ਹਨ। ਉਸਨੇ ਫਿਰ ਕਿਹਾ ਜੀ ਨਹੀਂ ਹੋਏ। ਬਾਬਾ ਜੀ ਨੇ ਫੁਰਮਾਇਆ ਹੋਏ ਕਿਉਂ ਨਹੀਂ ? ਜੋ ਸਾਧੂ ਹੁਣੇ ਹੁਣੇ ਤੁਹਾਨੂੰ ਜੰਗਲ ਵਿਚ ਮਿਲਿਆ ਸੀ ਉਹ ਕਾਲੂ ਨਾਥ ਸੀ। ਉਹ

ਹੈਰਾਨ ਹੋ ਕੇ ਬੋਲਿਆ ਜੀ ਉਹ ਕਾਲੂ ਨਾਥ ਸੀ। ਬਾਬਾ ਜੀ ਨੇ ਸੁਭਾਵਕ ਕਹਿ ਦਿੱਤਾ ਉਹੀ ਕਾਲੂ ਨਾਥ ਸੀ ਨਵੇਂ ਪਿੰਡ ਵਾਲਾ। ਪ੍ਰੇਮੀ ਕੁਝ ਨੇੜੇ ਹੋ ਕੇ ਚਰਨਾਂ ਵਿਚ ਝੁਕ ਕੇ ਅਸਚਰਜ ਹੋ ਬੋਲਿਆ, "ਮਹਾਰਾਜ, ਉਹ ਤਾਂ ਮੰਗਤਾ ਜਿਹਾ ਲੱਗਾ ਸੀ। ਮੈਂ ਸਮਝਦਾ ਸੀ ਕਾਲੂ ਨਾਥ ਬੜਾ ਰਿਸ਼ਟ-ਪੁਸ਼ਟ ਚਮਤਕਾਰੀ ਸੋਹਣਾ ਪੁਰਖ ਹੋਵੇਗਾ, ਜਿਸਦੇ ਵੱਲ ਅਸੀਂ ਵੇਖ ਵੀ ਨਹੀਂ ਸਕਾਂਗੇ। ਪਰ ਇਹ ਤਾਂ ਸਧਾਰਨ ਗਰੀਬ ਜਿਹਾ ਸੰਤ ਸੀ।" ਉਪਰੰਤ ਬਾਬਾ ਜੀ ਨੇ ਉੱਤਰ ਦਿੱਤਾ, "ਭਾਈ ਸੰਤ ਤਾਂ ਗਰੀਬ ਜਿਹੇ ਹੀ ਹੁੰਦੇ ਹਨ।" ਉਸ ਪ੍ਰੇਮੀ ਨੇ ਕਿਹਾ ਜੀ ਮੇਰੇ ਉਪਰ ਉਸਦਾ ਕੋਈ ਅਸਰ ਨਹੀਂ ਹੋਇਆ। ਹਜ਼ੂਰ ਮੁਸਕਰਾ ਕੇ ਬੋਲੇ ਭਾਈ ਇਹ ਤਾਂ ਤੇਰੀ ਮਰਜ਼ੀ ਹੈ। ਜਿਹੋ ਜਿਹੀ ਭਾਵਨਾ ਰੱਖੋ ਪਰ ਅਸੀਂ ਤੈਨੂੰ ਕਿਹਾ ਹੈ ਕਿ ਸਰਬ ਇੱਛਾ ਪੂਰਨ ਕਲਪ ਬ੍ਰਿਖਸ਼ ਪਰਮ ਧਾਮ ਕੀਰਤਪੁਰ ਤੇਰੇ ਆਪਣੇ ਪਿੰਡ ਹੈ। ਉਥੇ ਹਾਜ਼ਰੀ ਭਰਿਆ ਕਰੋ, ਤੁਹਾਨੂੰ ਭੋਗ ਮੋਖ, ਸਰਵ ਪਦਾਰਥ ਪ੍ਰਾਪਤ ਹੋਣਗੇ। ਉਹ ਪ੍ਰੇਮੀ ਬਾਬਾ ਜੀ ਦਾ ਧੰਨਵਾਦ ਕਰਕੇ ਬਚਨ ਮੰਨਦਾ ਹੋਇਆ ਵਾਪਸ ਨਵੇਂ ਪਿੰਡ ਚਲਾ ਗਿਆ। ਉਹ ਸਾਰਾ ਪਰਿਵਾਰ ਹੀ ਅੱਗੇ ਤੋਂ ਕੀਰਤਪੁਰ ਦਾ ਸ਼ਰਧਾਲੂ ਬਣ ਗਿਆ। ਹੁਣ ਤੱਕ ਸੇਵਾ ਕਰ ਰਿਹਾ ਹੈ।

**(ਇਹ ਪ੍ਰਸੰਗ ਸੰਤ ਹਾਕਮ ਸਿੰਘ ਜੀ ਕੀਰਤਪੁਰ ਨਵਾਂ ਪਿੰਡ ਵਾਲਿਆਂ ਨੇ ਸੁਣਾਇਆ ਜੋ ਪਾਠਕਾਂ ਦੇ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਾ ਵਾਲਿਆਂ ਨੇ ਲੇਖਕ ਦਾਸ ਨੂੰ ਲਿਖ ਕੇ ਭੇਜਿਆ।)**

## ਤਉ ਮੈਂ ਆਇਆ ਸਰਨੀ ਆਇਆ ॥
## ਭਰੋਸੇ ਆਇਆ ਕ੍ਰਿਪਾ ਆਇਆ ॥

**(ਅੰਗ ੭੪੬)**

ਸ. ਗੁਰਬਚਨ ਸਿੰਘ ਤਹਿਸੀਲਦਾਰ ਭਦੌੜ ਵਾਲੇ ਦੀ ਭੈਣ ਨਾਭੇ ਸ਼ਹਿਰ ਅੰਦਰ ਬੀਮਾਰ ਸੀ। ਨਾਭੇ ਦੇ ਹਕੀਮਾਂ, ਡਾਕਟਰਾਂ ਨੇ ਉਸ ਨੂੰ ਜਵਾਬ ਦੇ ਦਿੱਤਾ ਸੀ। ਵਾਪਸ ਆਉਂਦਿਆਂ ਗੱਡੀ ਵਿਚ ਇਕ ਮਾਈ ਮਿਲੀ। ਇਸ ਬੀਬੀ ਵੱਲ



ਵੇਖ ਕੇ ਪੁੱਛਿਆ ਬੀਮਾਰ ਹੈ ? ਉਸ ਦੇ ਪੁਛਣ 'ਤੇ ਬੀਬੀ ਦੀ ਮਾਂ ਨੇ ਉਸ ਨੂੰ ਬੈਠਣ ਤੋਂ ਰੋਕ ਦਿੱਤਾ। ਸ. ਗੁਰਬਚਨ ਸਿੰਘ ਜੀ ਦੀ ਭੈਣ ਨੇ ਉਸ ਨੂੰ ਕਿਹਾ ਕਿ ਚੜ੍ਹ ਜਾਣ ਦੇ ਰੋਕ ਨਾ। ਤਾਂ ਅੱਗੋਂ ਉਹ ਕਹਿਣ ਲੱਗੀ ਕਿ ਇਹ ਫਸਟ ਕਲਾਸ ਦਾ ਡੱਬਾ ਹੈ। ਜੇ ਟੀ.ਟੀ. ਆਇਆ ਤਾਂ ਤੰਗ ਕਰੂ। ਤਾਂ ਬੀਬੀ ਨੇ ਕਿਹਾ ਮਾਂ, ਇਸ ਦੀ ਟਿਕਟ ਦੇ ਪੈਸੇ ਤੂੰ ਦੇ ਦੇਵੀਂ। ਨਾਲ ਹੀ ਬਿਠਾ ਲੈ। ਤੇ ਨਾਲ ਹੀ ਮਾਈ ਨੂੰ ਬਿਠਾ ਲਿਆ। ਧੂਰੀ ਆ ਕੇ ਗੱਡੀ ਬਦਲੀ ਤਾਂ ਨਾਲ ਹੀ ਮਾਈ ਉੱਤਰ ਪਈ। ਰਸਤੇ ਵਿਚ ਮਾਈ ਨੇ ਬੀਬੀ ਦੀ ਮਾਂ ਨੂੰ ਪੁੱਛਿਆ ਕਿ ਇਸ ਨੂੰ ਕੀ ਗੱਲ ਹੈ ਤੇ ਅੱਗੋਂ ਜਵਾਬ ਦਿੱਤਾ ਕਿ ਇਹ ਬੀਮਾਰ ਹੈ। ਸਾਰੇ ਵੈਦਾਂ ਹਕੀਮਾਂ ਨੇ ਜਵਾਬ ਦਿੱਤਾ ਹੁਣ ਇਸ ਨੂੰ ਘਰ ਲਿਜਾ ਰਹੀ ਹਾਂ। ਇਹ ਗੱਲ ਉਸਨੇ ਮਾਈ ਦੇ ਕੰਨ ਵਿਚ ਕਹੀ ਤਾਂ ਕਿ ਇਹ ਗੱਲ ਬੀਬੀ ਨੂੰ ਸੁਣ ਨਾ ਸਕੇ। ਪਰ ਬੀਮਾਰ ਪਈ ਬੀਬੀ ਸਭ ਕੁਝ ਸੁਣੀ ਜਾਂਦੀ ਸੀ। ਉਪਰੰਤ ਉਸ ਮਾਈ ਨੂੰ ਪੁੱਛਿਆ ਕਿ ਤੂੰ ਕਿੱਥੇ ਚੱਲੀ ਹੈਂ। ਉਸ ਮਾਈ ਨੇ ਦੱਸਿਆ ਕਿ ਰੂੰਮੀ ਵਾਲੇ ਸੰਤਾਂ ਕੋਲ ਚੱਲੀ ਹਾਂ। ਉਹ ਬੜੇ ਪੂਰਨ ਮਹਾਂਪੁਰਖ ਹਨ। ਅਸੀਂ ਕਈ ਵਾਰ ਦਰਸ਼ਨ ਕੀਤੇ ਹਨ। ਜੇ ਮੇਰੀ ਗੱਲ ਮੰਨੇ ਤਾਂ ਇਸ ਬੀਬੀ ਨੂੰ ਘਰ ਨਾ ਲਿਜਾ। ਉੱਥੇ ਲੈ ਚੱਲ। ਉਥੇ ਪਹਿਲਾਂ-ਪਹਿਲਾਂ ਕੁਝ ਦੇਰ ਤੈਨੂੰ ਅੰਦਰ ਨਹੀਂ ਜਾਣ ਦੇਣਾ। ਤੂੰ ਇਸ ਲੜਕੀ ਨੂੰ ਲੈ ਕੇ ਬੈਠੀ ਰਹੀਂ। ਉਨ੍ਹਾਂ ਦਾ ਉਪਰੋਂ ਉਪਰੋਂ ਸੁਭਾਅ ਗੁੱਸੇ ਵਾਲਾ ਲਗਦਾ ਪਰ ਬਖ਼ਸ਼ਣ ਲੱਗੇ ਦੇਰ ਨਹੀਂ ਕਰਦੇ।

ਅੱਗੋਂ ਮਾਈ ਨੇ ਜਵਾਬ ਦਿੱਤਾ ਕਿ ਇਸ ਵਾਰੀ ਤਾਂ ਮੈਂ ਭਦੌੜ ਪਿੰਡ ਲੈ ਕੇ ਜਾਵਾਂਗੀ। ਫਿਰ ਘਰ ਸਲਾਹ ਕਰਕੇ ਆਵਾਂਗੇ। ਪਰ ਬੀਮਾਰ ਬੀਬੀ ਸਾਰੀਆਂ ਗੱਲਾ ਸੁਨਣ ਤੋਂ ਬਾਅਦ ਕਹਿਣ ਲੱਗੀ ਕਿ ਮੈਨੂੰ ਹੁਣੇ ਹੀ ਬਾਬਾ ਜੀ ਦੇ ਚਰਨਾਂ ਵਿਚ ਲੈ ਚੱਲੋ। ਮੈਂ ਅਜੇ ਘਰ ਨਹੀਂ ਜਾਣਾ। ਜੇ ਮੈਂ ਮਰ ਗਈ, ਫਿਰ ਕੀ ਹੋਵੇਗਾ। ਪਰ ਮਾਂ ਅਜੇ ਵੀ ਨਹੀਂ ਸੀ ਮੰਨਦੀ। ਫਿਰ ਸ. ਗੁਰਬਚਨ ਸਿੰਘ ਤਹਿਸੀਲਦਾਰ ਨਾਲ ਨਹੀਂ ਸਨ। ਪਰ ਇਸ ਵੇਲੇ ਉਨ੍ਹਾਂ ਦੇ ਨਾਲ ਚਪੜਾਸੀ ਸੀ। ਤਾਂ ਚਪੜਾਸੀ ਨੇ ਵੀ ਕਿਹਾ ਮਾਂ ਲੈ ਚੱਲੋ ਦੇਰ ਨਾ ਕਰੋ। ਮੈਂ ਸ. ਸਾਹਿਬ ਨੂੰ ਆਪੇ ਸਮਝਾਂ ਦੇਵਾਂਗਾ ਕਿ ਬਾਬਾ ਜੀ ਦੇ ਚਰਨਾਂ ਵਿਚ

ਲੈ ਕੇ ਗਏ ਸੀ। ਆਖਰ ਨੂੰ ਬਾਬਾ ਜੀ ਦੇ ਪਾਸ ਲੈ ਆਏ। ਜਿਸ ਵਕਤ ਆਏ ਬਾਬਾ ਜੀ ਅੰਦਰ ਨਾ ਆਉਣ ਦੇਣ। ਇਤਨੇ ਚਿਰ ਨੂੰ ਦਿਨ ਛਿਪਣ ਦਾ ਟਾਈਮ ਹੋ ਗਿਆ। ਬਾਬਾ ਜੀ ਦੁੱਧ ਛਕਣ ਵਾਸਤੇ ਆਸਣ ਤੋਂ ਉਠ ਕੇ ਆਏ। ਫਿਰ ਸਾਰੀ ਸੰਗਤ ਨੇ ਬੇਨਤੀ ਕੀਤੀ ਕਿ ਮਹਾਰਾਜ ਜੀ ਉਸ ਮਾਈ ਤੇ ਬੀਬੀ ਨੂੰ ਅੰਦਰ ਬੁਲਾ ਲਵੋ। ਫਿਰ ਅੰਦਰ ਜਾਣ ਦੀ ਆਗਿਆ ਹੋ ਗਈ। ਬੀਬੀ ਨੂੰ ਅੰਦਰ ਬੁਲਾ ਕੇ ਕਹਿਣ ਲੱਗੇ ਤੇਰਾ ਮਰਨ ਨੂੰ ਜੀਅ ਕਰਦਾ ਕਿ ਜਿਊਣ ਨੂੰ ਅੱਗੋਂ ਬੀਬੀ ਨੇ ਜਵਾਬ ਦਿੱਤਾ ਕਿ ਸੱਚੇ ਪਾਤਸਾਹ ਮਾਰੋ ਚਾਹੇ ਰੱਖ ਲਵੋ। ਜਿਵੇਂ ਬਾਣੀ ਵਿਚ ਲਿਖਿਆ :

**ਜਬ ਹਮ ਸਰਣ ਪ੍ਰਭੂ ਕੀ ਆਈ ਰਾਖੁ ਪ੍ਰਭੂ ਭਾਵੈ ਮਾਰਿ॥**

ਬਾਬਾ ਜੀ ਮੁਸਕਰਾ ਕੇ ਬੋਲੇ ਕਿ ਦੇਵੀ ਤੇਰੀ ਉਮਰ ਤਾਂ ਛੋਟੀ ਹੈ ਗੱਲ ਬੜੀ ਵੱਡੀ ਕੀਤੀ। ਸਰਦਾਰਾਂ ਦੀ ਕੁੜੀ ਹੋਣ ਕਰਕੇ ਸਿਆਣੀ ਹੈਂ। ਉਮਰ ਤਾਂ ਤੇਰੀ ਤੇਰਾਂ ਸਾਲ ਦੀ ਹੈ ਫਿਰ ਪੁੱਛਿਆ ਕਿਉਂ ਠੀਕ ਹੈ। ਅੱਗੋਂ ਬੀਬੀ ਦੀ ਮਾਤਾ ਨੇ ਵੀ ਹਾਂ ਸਿਰ ਹਿਲਾਇਆ। ਇਤਨੀ ਦੇਰ ਨੂੰ ਪਰਸ਼ਾਦੇ ਦਾ ਵਕਤ ਹੋ ਗਿਆ ਤਾਂ ਹੁਕਮ ਅਨੁਸਾਰ ਦੋ ਪ੍ਰਸ਼ਾਦੇ ਬਾਜ਼ਰੇ ਦੇ ਤੇ ਡੇਲਿਆਂ ਦਾ ਆਚਾਰ ਨਾਲ ਗੰਢਾ ਦੇ ਦਿੱਤਾ। ਬੀਬੀ ਨੇ ਝੋਲੀ ਵਿਚ ਪੁਆ ਲਿਆ। ਸਣੇ ਛਿਲਕੇ ਗੰਢਾ ਦੋ ਪ੍ਰਸ਼ਾਦੇ ਛੱਕ ਲਏ। ਵੇਖਣ ਵਾਲੀ ਸੰਗਤ ਕਹਿਣ ਲੱਗੀ ਕਿ ਇਹ ਕੁੜੀ ਨਹੀਂ ਬਚਦੀ ਉਪਰੰਤ ਪ੍ਰਸ਼ਾਦੇ ਛਕਣ ਤੇ ਬੀਬੀ ਬੜੇ ਆਰਾਮ ਨਾਲ ਸੌਂ ਗਈ। ਰਾਤ ਨੂੰ ਬਾਰਾਂ ਵਜੇ ਬਾਬਾ ਜੀ ਨੇ ਆਵਾਜ਼ ਦਿਤੀ, "ਮਾਈ ਅਤੇ ਬੀਬੀ ਨੂੰ ਬੁਲਾਉ।" ਹੁਕਮ ਦੇ ਕੇ ਬੱਠਲ ਅਤੇ ਪਾਣੀ ਦੀ ਬਾਲਟੀ ਮੰਗਵਾ ਲਈ। ਇਕ ਨਾਲ ਚਿਮਟਾ ਵੀ ਮੰਗਵਾ ਲਿਆ। ਬਾਲਟੀ ਵੀ ਲੋਹੇ ਦੀ ਚਿਮਟਾ ਵੀ ਲੋਹੇ ਦਾ ਸਿਰਫ਼ ਬੱਠਲ ਹੀ ਮਿੱਟੀ ਦਾ ਸੀ। ਕਿੱਥੇ ਲੋਹਾ ਮੱਥੇ ਨਹੀਂ ਲਾਉਣਾ ਕਿੱਥੇ ਸਭ ਕੋਲੋਂ ਰਖਵਾ ਲਿਆ। ਰਜ਼ਾ ਦੇ ਮਾਲਕ ਨਿਯਮ ਬਣਾ ਦਿੰਦੇ ਹਨ। ਆਪਣੇ ਨਿਯਮ ਨੂੰ ਆਪ ਹੀ ਤੋੜ ਦਿੰਦੇ ਹਨ। ਸੇਵਕਾਂ ਖਾਤਰ ਸਭ ਕੁਝ ਕਰ ਲੈਂਦੇ ਹਨ। ਉਪਰੰਤ ਉਸ ਪਾਣੀ ਨੂੰ ਬੱਠਲ ਵਿਚ ਪਾ ਕੇ, ਮਾਈ ਨੂੰ ਹੁਕਮ ਦਿੱਤਾ ਕਿ ਪਾਣੀ ਸਣੇ ਬੱਠਲ ਚੁੱਕ ਲੈ ਬੀਬੀ ਨੂੰ ਹੁਕਮ ਹੋਇਆ ਕਿ ਕਰੀਰਾਂ



ਵਾਲੇ ਪਾਸੇ ਚਲੀ ਜਾ। ਨਾਲ ਇਕ ਸੇਵਾਦਾਰ ਭੇਜਿਆ ਤੇ ਕਿਹਾ ਤੂੰ ਦੂਰ ਖੜਾ ਰਹੀਂ ਬੀਬੀ ਵੱਲ ਪਿੱਛਾ ਕਰਕੇ ਤੇ ਨਾਲ ਹੀ ਚਿਮਟਾ ਦੇ ਦਿੱਤਾ।

ਬਚਨ ਕੀਤਾ, "ਕਿ ਦੇਖੀ ਡਰ ਨਾ।" ਉਥੇ ਜਾ ਕੇ ਇਸ਼ਨਾਨ ਕਰ ਲੈ ਅਤੇ ਕੱਪੜੇ ਬਦਲ ਕੇ ਆ। ਬੱਠਲ ਮੂਧਾ ਮਾਰ ਦੇਵੀਂ। ਫਿਰ ਸਾਡੇ ਕੋਲ ਆ ਜਾਵੀਂ ਫਿਰ ਬੀਬੀ ਨੂੰ ਵੀ ਬੁਲਾ ਲਿਆ। ਬੀਬੀ ਦੀ ਮਾਂ ਕੋਲੋਂ ਤੇਰਾ ਬਚਨ ਲਏ।

ਤੇਰਾਂ ਵਾਰੀ ਉਸ ਦੀ ਸ਼ਗ੍ਰਾਂ ਕੀਤੀ ਫਿਰ ਤੇਰਾਂ ਵਾਰੀ ਸ਼ੁਕੀਨ ਘਰ ਦੇ ਕੋਲ ਸ਼ਗ੍ਰਾਂ ਕਰਕੇ ਫਿਰ ਤੇਰਾਂ ਵਾਰੀ ਬੀਬੀ ਦੇ ਬਚਨ ਲਏ। ਫਿਰ ਮਾਈ ਨੂੰ ਕਿਹਾ ਕਿ ਬੀਬੀ ਕੋਲੋਂ ਪੁੱਛ ਲੈ ਇਹ ਠੀਕ ਹੋ ਗਈ ਹੈ। ਹੁਣ ਅਸੀਂ ਇਸ ਨੂੰ ਜਾਣ ਨਹੀਂ ਦੇਣਾ। ਜਿੰਨਾ ਚਿਰ ਤੂੰ ਇਸ ਦੀ ਮੰਗਣੀ ਨਹੀਂ ਕਰਦੀ ਫਿਰ ਜਿਸ ਵਕਤ ਬੀਬੀ ਦਾ ਮੰਗਣਾ ਕੀਤਾ ਫਿਰ ਬੀਬੀ ਦਰਸ਼ਨ ਕਰਨ ਆਈ। ਸ. ਗੁਰਬਚਨ ਸਿੰਘ ਤਹਿਸੀਲਦਾਰ ਉਸੇ ਵੇਲੇ ਨਥਾਣੇ ਸਨ। ਬਾਬਾ ਜੀ ਦੇ ਦਰਸ਼ਨ ਕਰਨ ਆਇਆ ਤੋਂ ਬੜੇ ਪ੍ਰਸੰਨ ਹੋਏ। ਫਿਰ ਹੁਕਮ ਹੋਇਆ ਕਿ ਸਾਡੇ ਵਾਸਤੇ ਦੁੱਧ ਭੇਜਿਆ ਕਰੋ। ਅਸੀਂ ਛੱਕਿਆ ਕਰਾਂਗੇ। ਇਕ ਬੰਦਾ ਦੁੱਧ ਦਾ ਦੋਹਣਾ ਲੈ ਕੇ ਸਵੇਰੇ ਸ਼ਾਮ ਦੋ ਟਾਈਮ ਲਿਆਉਣ ਦਾ ਹੁਕਮ ਹੋਇਆ। ਹੁਕਮ ਅਨੁਸਾਰ ਦੋ ਸਾਲ ਦੋਵੇਂ ਟਾਈਮ ਦੁੱਧ ਆਉਂਦਾ ਰਿਹਾ। ਇਕ ਵਾਰ ਤਹਿਸੀਲਦਾਰ ਗੁਰਬਚਨ ਸਿੰਘ ਬਾਬਾ ਜੀ ਨੂੰ ਮੱਥਾ ਟੇਕਣ ਆਇਆ। ਉਸ ਦਿਨ ਬਾਬਾ ਜੀ ਨੇ ਬਚਨ ਕੀਤਾ ਕਿ ਤੂੰ ਇਹ ਨੌਕਰੀ ਛੱਡ ਦੇ ਤੇ ਤਨਖ਼ਾਹ ਦਾ ਪੈਸਾ ਨਾ ਲਿਆ ਕਰ ਘਰੇ ਰਿਹਾ ਕਰ ਤੇ ਪਹਿਲੀ ਪਉੜੀ ਦਾ ਪਾਠ ਕਰਿਆ ਕਰ। ਇਸ ਤੋਂ ਉਪਰੰਤ ਤਹਿਸੀਲਦਾਰ ਸਾਹਿਬ ਨੇ ਨੌਕਰੀ ਵੀ ਛੱਡ ਦਿੱਤੀ ਤੇ ਘਰ ਰਹਿ ਕੇ ਪਾਠ ਕਰਨ ਲੱਗ ਪਏ।

**ਇਹ ਬਚਨ ਬੀਬੀ ਹਰਪਾਲ ਕੌਰ ਸਪੁੱਤਰੀ ਸ. ਗੁਰਬਚਨ ਸਿੰਘ ਭਦੌੜ ਤੋਂ ਪ੍ਰਾਪਤ ਹੋਏ)**

# ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥

**(ਅੰਗ ੧੩੭੫)**

ਇਕ ਵਾਰ ਕਲੇਰਾਂ ਵਾਲੇ ਬਾਬਾ ਜੀ ਭੁੱਚੋ ਆਏ ਸਨ। ਭੁੱਚੋ ਵਾਲੇ ਬਾਬਾ ਜੀ ਨੇ ਬਾਬਾ ਜੀ ਨੂੰ ਸੰਬੋਧਨ ਕਰਕੇ ਬਚਨ ਕੀਤਾ ਕਿ ਮਹਾਂਪੁਰਖੋਂ ਅਸੀਂ ਚਾਹੁੰਦੇ ਹਾਂ ਤੁਸੀਂ ਤਖ਼ਤ ਤੇ ਬੈਠੋ। ਹੁਣ ਤੁਸੀਂ ਭੁੰਜੇ ਬੈਠੇ ਸੋਹੰਦੇ ਨਹੀਂ। ਤੁਹਾਡੇ ਸੀਸ ਤੇ ਚੌਰ ਤੇ ਛੱਤਰ ਹੋਵੇ। ਅਸੀਂ ਅੱਖੀਂ ਵੇਖੀਏ। ਉੱਤਰ ਵਿਚ ਬਾਬਾ ਅਨੰਦ ਸਿੰਘ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਗਰੀਬ ਨਿਵਾਜ, ਤਖ਼ਤ ਉਪਰ ਤਾਂ ਤੁਸੀਂ ਬੈਠੋ। ਚੌਰ ਤੇ ਛੱਤਰ ਵੀ ਤੁਹਾਡੇ ਸੀਸ ਉਪਰ ਹੀ ਹੋਵੇ। ਤੇ ਦਾਸ ਤੁਹਾਡੇ ਚਰਨਾਂ ਵਿਚ ਬੈਠਾ ਹੋਵੇ ਤੇ ਉਪਰੰਤ ਭੁੱਚੋ ਵਾਲੇ ਬਾਬਾ ਜੀ ਨੇ ਕਿਹਾ ਕਿ ਨਹੀਂ, ਹੁਣ ਤੁਹਾਡਾ ਸਮਾਂ ਹੈ। ਬਾਬਾ ਜੀ ਕਲੇਰਾਂ ਵਾਲਿਆਂ ਨੇ ਫਿਰ ਵੀ ਇਨਕਾਰ ਕਰ ਦਿੱਤਾ। ਫਿਰ ਭੁੱਚੋਂ ਵਾਲਿਆਂ ਹੁਕਮ ਕੀਤਾ ਕਿ ਫਿਰ ਮੰਗ ਕੇ ਖਾਓ। ਬਚਨ ਅਨੁਸਾਰ ਬਾਬਾ ਜੀ ਆਪਣਾ ਮਿੱਟੀ ਦਾ ਪਿਆਲਾ ਲੈ ਕੇ ਮੰਗਣ ਤੁਰ ਪਏ। ਸਾਰਾ ਦਿਨ ਬਾਹਰ ਹੀ ਰਹੇ ਪਤਾ ਨਹੀਂ ਕਿੱਥੋਂ ਕੁਝ ਮਿਲਿਆ ਜਾਂ ਨਹੀਂ। ਰਾਤ ਬੀਤ ਜਾਣ ਤੋਂ ਮਗਰੋਂ ਅਗਲੇ ਦਿਨ ਬਾਬਾ ਜੀ ਪਾਸ ਆਏ ਤਾਂ ਫਿਰ ਇਹੋ ਹੀ ਹੁਕਮ ਹੋਇਆ। ਫਿਰ ਬਾਬਾ ਜੀ ਦੇ ਕਹੇ ਤਖ਼ਤ ਤੇ ਬੈਠਣ ਤੋਂ ਇਨਕਾਰ ਕਰਨ ਤੇ ਦੂਜੀ ਵਾਰ ਫਿਰ ਮੰਗ ਕੇ ਖਾਣ ਦਾ ਹੁਕਮ ਹੋਇਆ। ਹੁਕਮ ਅਨੁਸਾਰ ਦੂਸਰੇ ਦਿਨ ਵੀ ਮੰਗਣ ਚਲੇ ਗਏ। ਤੀਸਰੇ ਦਿਨ ਫਿਰ ਚਰਨਾਂ ਵਿਚ ਹਾਜ਼ਰ ਹੋਏ ਫਿਰ ਵੀ ਤਖ਼ਤ 'ਤੇ ਬੈਠਣ ਦਾ ਹੁਕਮ ਹੋਇਆ। ਤੇ ਉਨ੍ਹਾਂ ਦੇ ਇਨਕਾਰ ਕਰਨ ਤੇ ਤੀਜੇ ਦਿਨ ਵੀ ਮੰਗਣ ਦਾ ਹੁਕਮ ਹੋਇਆ। ਤਿੰਨ ਦਿਨ ਇਸ ਤਰ੍ਹਾਂ ਹੁੰਦਾ ਰਿਹਾ। ਪਤਾ ਨਹੀਂ ਕਿ ਕੀ ਪ੍ਰੀਖਿਆ ਸੀ। ਇਹ ਤਾਂ ਮਾਲਕ ਆਪ ਹੀ ਜਾਨਣ। ਚੌਥੇ ਦਿਨ ਹੁਕਮ ਕੀਤਾ ਕਿ ਜਿਸ ਜੋਤ ਦਾ ਧਿਆਨ ਅਸੀਂ ਹਿਰਦੇ ਤੋਂ ਕੀਤਾ ਹੁਣ ਉਹ ਤੁਹਾਡੇ ਹਿਰਦੇ ਤੇ ਹੈ। ਤੇ ਤੁਸੀਂ ਉਸ ਸਰੂਪ ਦਾ ਧਿਆਨ ਸਾਹਮਣੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਰੱਖ ਕੇ ਧਿਆਨ ਕਰਨਾ ਤੇ ਆਪ ਨੀਵੇਂ ਹੋ ਕੇ ਉਨ੍ਹਾਂ ਦੇ ਚਰਨਾਂ ਵਿਚ ਬੈਠਣਾ ਹੁਣ ਘੋਰ ਕਲਜੁਗ ਦਾ ਸਮਾਂ ਹੈ। ਜੋ ਕੁਝ ਵੀ ਕਰਨਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਉਪਦੇਸ਼ ਦੇ ਕੇ ਕਰਨਾ ਤੇ ਕਰਾਉਣਾ। ਤੁਹਾਡੀ ਦਰਗਾਹੋਂ ਇਹੀ ਸੇਵਾ ਲੱਗੀ ਹੈ ਕਿ ਗੁਰੂ ਗ੍ਰੰਥ ਸਾਹਿਬ ਜੀ ਦੀ ਪੂਜਾ ਕਰਨੀ ਕਰਾਉਣੀ। ਇਹੋ ਹੀ ਕਲਜੁਗ ਦੇ ਗੁਰੂ ਹਨ ਤੇ ਸਤਿਗੁਰਾਂ ਦੇ ਸਰੂਪ ਨੂੰ ਹਰ ਵਕਤ ਸਾਹਮਣੇ ਰੱਖਣਾ। ਦੁਨੀਆਂ ਦੇ ਲੋਕ ਸਤਿਗੁਰਾਂ ਦਾ ਸਤਿਕਾਰ ਕਰਨਾ ਭੁੱਲ ਗਏ ਹਨ। ਆਉਣ ਵਾਲੇ ਸਮੇਂ ਵਿਚ ਹੋਰ ਵੀ ਭੁੱਲ ਜਾਣਗੇ। ਇਸ ਤੋਂ ਉਪਰੰਤ ਬਾਬਾ ਅਨੰਦ ਸਿੰਘ ਜੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਪਹਿਲਾਂ ਵੀ ਕਰਦੇ ਸਨ ਪਰ ਹੁਕਮ ਅਨੁਸਾਰ ਹੋਰ ਵੀ ਵੱਧ ਕਰ ਦਿੱਤਾ ਕਿ ਜਿਸ ਦਾ ਅੱਜ ਤੋਂ ਨਾਨਕਸਰ ਠਾਠ ਵਿਚ ਅਤੇ ਬਾਬਾ ਜੀ ਦੇ ਸੇਵਕਾਂ ਦੇ ਘਰ ਵਿਚ ਵੇਖਿਆ ਜਾ ਸਕਦਾ ਹੈ।

**(ਇਹ ਬਚਨ ਸ. ਰਣਪਾਲ ਸਿੰਘ (ਬੈਹੜੀਵਾਲ) ਜਿਸ ਨੂੰ ਬਾਬਾ ਜੀ ਕਲੇਰਾਂ ਵਾਲੇ ਗੋਪਾਲ ਸਿੰਘ ਕਰਕੇ ਬੁਲਾਉਂਦੇ ਹੁੰਦੇ ਸਨ, ਉਨ੍ਹਾਂ ਤੋਂ ਮਿਲੇ)**

# ਟੂਟੀ ਗਾਢਨਹਾਰ ਗੋਪਾਲ ॥

**(ਅੰਗ ੨੮੧)**

ਪਟਿਆਲੇ ਸ਼ਹਿਰ ਵਿਚ ਇਕ ਲੜਕੀ ਸੀ। ਉਸਦੀ ਆਪਣੇ ਪਤੀ ਨਾਲ ਨਹੀਂ ਬਣਦੀ ਸੀ। ਦੋਵੇਂ ਮਾਵਾਂ ਧੀਆਂ ਇਕੱਠੀਆਂ ਹੋ ਕੇ ਬਾਬਾ ਜੀ ਪਾਸ ਟਿੱਲੇ ਤੇ ਆਈਆਂ ਤੇ ਬੇਨਤੀ ਕੀਤੀ। ਬਾਬਾ ਜੀ ਨੇ ਬੇਨਤੀ ਸੁਨਣ ਤੋਂ ਉਪਰੰਤ ਬਚਨ ਕੀਤਾ ਕਿ ਕੰਨਿਆਂ ਦਾ ਕਾਰਜ ਤਾਂ ਹੋ ਜਾਏਗਾ। ਪਰ ਜੋ ਕਹਾਂਗਾ ਕਰਨਾਂ ਪਵੇਗਾ, ਸਿਦਕ ਰੱਖੀਂ। ਉਸ ਵੇਲੇ ਭਾਈ ਘੁੱਕਰ ਸਿੰਘ ਅਕਾਲੀ ਤੇ ਇਸ ਦਾ ਸਾਥੀ ਸੁੰਦਰ ਸਿੰਘ ਬਾਬਾ ਜੀ ਕੋਲ ਬੈਠੇ ਸਨ। ਬਾਬਾ ਜੀ ਨੇ ਉਸ ਨੂੰ ਪੁੱਛਿਆ ਕਿ ਦੇਵੀਂ ਕੁਝ ਪੜ੍ਹੀ ਹੈਂ ?

ਉਸ ਦੇ ਹਾਂ ਕਹਿਣ ਤੇ ਬਚਨ ਲਿਖ ਲੈਣ ਦਾ ਹੁਕਮ ਹੋਇਆ। ਜਦੋਂ ਬਾਬਾ ਜੀ ਨੇ ਬਚਨ ਲਿਖਾਇਆ, ਤਾਂ ਘੁੱਕਰ ਸਿੰਘ ਤੇ ਸੁੰਦਰ ਸਿੰਘ ਸੁਣ ਕੇ ਕਹਿਣ ਲੱਗੇ ਕਿ ਇਹ ਕੀ ਗੱਲ ਹੋਈ। ਅੱਜ ਨਵੀਂ ਗੱਲ ਹੀ ਸੁਣੀ ਹੈ। ਬਾਬਾ ਜੀ ਨੇ ਉੱਤਰ ਦਿੱਤਾ ਕਿ ਇਸ ਲੜਕੀ ਦਾ ਸਿਦਕ ਕਾਇਮ ਹੈ। ਇਸਦੇ ਸਿਦਕ ਆਸਰੇ ਇਸਦਾ ਕਾਰਜ ਸ਼ੁੱਧ ਹੋਣਾ ਹੈ। ਉਹ ਬਚਨ ਲਿਖਣ ਤੋਂ ਬਾਅਦ ਲੜਕੀ ਨੂੰ ਹੁਕਮ ਹੋਇਆ ਕਿ ਇਸ ਦੇ ਤੀਹ ਪਾਠ ਰੋਜ਼ ਕਰਨੇ ਹਨ। ਜੇ ਤਾਂ ਪੰਜਾਹ ਕਰ ਲਵੇਂ ਤਾਂ ਸਭ ਤੋਂ ਚੰਗਾ ਹੋ ਜਾਵੇਗਾ। ਉਸ ਕੰਨਿਆ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਪੰਜਾਹ ਪਾਠ ਸ਼ੁਰੂ ਕਰ ਦਿੱਤੇ। ਕੁਝ ਦਿਨਾਂ ਬਾਅਦ ਹੀ ਉਸਦਾ ਪਤੀ ਲੈਣ ਆ ਗਿਆ। ਪਹਿਲਾਂ ਤਾਂ ਉਸ ਲੜਕੀ ਨੇ ਜਾਣ ਤੋਂ ਇਨਕਾਰ ਕੀਤਾ। ਜਦ ਉਸ ਦੇ ਪਤੀ ਨੇ ਪੁੱਛਿਆ ਕਿ ਤੂੰ ਜਾਂਦੀ ਕਿਉਂ ਨਹੀਂ ਜਦੋਂ ਮੈਂ ਲੈਣ ਆਇਆ ਹਾਂ। ਤਾਂ ਉੱਤਰ ਵਿਚ ਲੜਕੀ ਨੇ ਕਿਹਾ ਤੂੰ ਸ਼ਰਾਬੀ ਕਬਾਬੀ ਹੈਂ। ਤੈਨੂੰ ਸ਼ਰਾਬ ਤੇ ਮਾਸ ਛੱਡਣਾ ਪਵੇਗਾ ਤੇ ਉਸਦੇ ਪਤੀ ਨੇ ਕਿਹਾ ਕਿ ਮੈਂ ਸਾਰਾ ਕੁਝ ਛੱਡਣ ਦਾ ਨਿਯਮ ਕਰਕੇ ਤੈਨੂੰ ਲੈਣ ਵਾਸਤੇ ਆਇਆ ਹਾਂ। ਉਸ ਲੜਕੀ ਨੇ ਕਿਹਾ ਕਿ ਮੈਂ ਪਹਿਲਾਂ ਭੁੱਚੋਂ ਜਾਵਾਂਗੀ ਤੈਨੂੰ ਨਾਲ ਲੈ ਕੇ। ਤੈਨੂੰ ਮੇਰੇ ਨਾਲ ਉਥੇ ਚੱਲਣਾ ਹੋਵੇਗਾ। ਉਪਰੰਤ ਉਹ ਲੜਕੀ ਆਪਣੇ ਪਤੀ ਸਮੇਤ ਬਾਬਾ ਜੀ ਕੋਲ ਆਈ। ਜਿਸ ਵੇਲੇ ਉਹ ਆਈ ਤਾਂ ਅੱਗੇ ਘੁੱਕਰ ਸਿੰਘ ਤੇ ਸੁੰਦਰ ਸਿੰਘ ਬੈਠੇ ਸਨ। ਬਾਬਾ ਜੀ ਨੇ ਘੁੱਕਰ ਸਿੰਘ ਤੇ ਸੁੰਦਰ ਸਿੰਘ ਵੱਲ ਇਸ਼ਾਰਾ ਕਰਕੇ ਕਹਿਣ ਲੱਗੇ ਕਿ ਲੜਕੀ ਆਪਣੇ ਪਤੀ ਨੂੰ ਲੈ ਕੇ ਆ ਗਈ। ਤੁਸੀਂ ਆਪਣੇ ਅੱਖੀਂ ਵੇਖ ਲਵੋ। ਤੁਸੀਂ ਉਸ ਦਿਨ ਹੱਸ ਰਹੇ ਸੀ। ਉਪਰੰਤ ਉਸ ਲੜਕੀ ਨੇ ਤੇ ਉਸਦੇ ਪਤੀ ਨੇ ਬਾਬਾ ਜੀ ਦੇ ਚਰਨਾਂ ਵਿਚ ਮੱਥਾ ਟੇਕਿਆ। ਇਸਦੇ ਸਿਦਕ ਨੂੰ ਭਾਗ ਲੱਗੇ ਹਨ। ਬਾਬਾ ਜੀ ਨੇ ਉਸ ਲੜਕੀ ਨੂੰ ਪੁੱਛਿਆ ਕਿਉਂ ਦੇਵੀ ਹੁਣ ਸੁਭ ਕੁਝ ਠੀਕ ਹੈ ? ਉਸਦੇ ਹਾਂ ਕਹਿਣ ਤੇ ਬਾਬਾ ਜੀ ਨੇ ਆਸ਼ੀਰਵਾਦ ਦੇ ਕੇ ਜਾਣ ਦੀ ਆਗਿਆ ਦਿੱਤੀ।

**(ਇਹ ਬਚਨ ਸ. ਘੁੱਕਰ ਸਿੰਘ ਅਕਾਲੀ ਤੋਂ ਮਿਲੇ ਜਿਸਦੇ ਸਾਹਮਣੇ ਇਹ ਸਭ ਕੁਝ ਹੋਇਆ ਸੀ।)**



# ਜੁਗਹ ਜੁਗੰਤਰਿ ਭਗਤ ਤੁਮਾਰੇ ॥
# ਕੀਰਤੁ ਕਰਹਿ ਸੁਆਮੀ ਤੇਰੇ ਦੁਆਰੇ ॥

**(ਅੰਗ ੫੬੭)**

**੧.**

ਇਕ ਵਾਰ ਬੀਬੀ ਸਾਹਿਬ ਕੌਰ ਬਾਬਾ ਜੀ ਦੇ ਦਰਸ਼ਨ ਕਰਨ ਆਈ। ਬਾਬਾ ਜੀ ਨੇ ਬਚਨ ਕੀਤਾ ਇਹ ਬੀਬੀ ਤਰੇਤੇ ਯੁੱਗ ਤੋਂ ਲੈ ਕੇ ਸਾਡੇ ਨਾਲ ਬੰਦਗੀ ਕਰਦੀ ਆਈ ਹੈ। ਸਾਡੇ ਨਾਲ ਜਨਮ ਲੈਂਦੀ ਰਹਿੰਦੀ ਹੈ। ਤਰੇਤੇ ਯੁੱਗ ਵਿਚ ਇਹ ਬੀਬੀ ਰਾਜੇ ਦੇ ਘਰ ਲੜਕੀ ਸੀ। ਜਿਸ ਰਾਜੇ ਦਾ ਰਾਵੀ ਦੇ ਕੰਢੇ ਤੱਕ ਰਾਜ ਸੀ। ਇਕ ਕੰਢੇ ਤੇ ਬੀਬੀ ਤਪ ਕਰਦੀ ਤੇ ਦੂਜੇ ਕੰਢੇ ਉੱਤੇ ਅਸੀਂ। ਬੀਬੀ ਦਾ ਪਿਤਾ ਰਾਜਾ ਬੀਬੀ ਦੀ ਸ਼ਾਦੀ ਕਰਨਾ ਚਾਹੁੰਦਾ ਸੀ। ਬੀਬੀ ਦੀ ਸ਼ਾਦੀ ਵਾਸਤੇ ਜਿਹੜੇ ਪਦਾਰਥ ਬਣੇ ਸਨ ਬੀਬੀ ਨੇ ਬਚਨ ਕਰਕੇ ਚੌਲਾਂ ਦੀ ਥਾਂ ਪੱਥਰ ਬਣਾ ਦਿੱਤੇ ਤੇ ਅਸੀਂ ਉਸ ਸਮੇਂ ਰਾਵੀ ਦਰਿਆ ਦੇ ਦੂਜੇ ਕਿਨਾਰੇ ਤੇ ਬੰਦਗੀ ਕਰਦੇ ਹੁੰਦੇ ਸੀ। ਕੁਝ ਸਮਾਂ ਆਇਆ। ਅਸੀਂ ਉਸ ਜਗ੍ਹਾ ਨੂੰ ਛੱਡ ਕੇ ਚਲੇ ਗਏ। ਇਹ ਬਚਨ ਕਰਨ ਵੇਲੇ ਸੰਗਤ ਵਿਚ ਇਕ ਬੀਬੀ ਅਮਰ ਕੌਰ ਜੋ ਕਿ ਬੁਲਾਢੇ ਦੀ ਸੀ ਉਹ ਕਹਿਣ ਲੱਗੀ ਕਿ ਮਹਾਰਾਜ ਇਹ ਗੱਲ ਤਾਂ ਸੱਚੀ ਨਹੀਂ ਲੱਗਦੀ। ਬਾਬਾ ਜੀ ਨੇ ਉਸ ਬੀਬੀ ਦੀ ਸ਼ੰਕਾਂ ਦੂਰ ਕਰਨ ਲਈ ਨਿਸ਼ਾਨੀਆਂ ਦੱਸ ਕੇ ਉਸ ਜਗ੍ਹਾ ਤੇ ਭੇਜਿਆ। ਜਿੱਥੇ ਉਸ ਸਮੇਂ ਬੀਬੀ ਸਾਹਿਬ ਕੌਰ ਦੀ ਕੁੱਟੀਆਂ ਹੁੰਦੀ ਸੀ। ਜਿਸ ਥਾਂ ਤੇ ਚੌਲਾਂ ਦੇ ਪੱਥਰ ਬਣੇ ਸਨ। ਬੀਬੀ ਅਮਰ ਕੌਰ ਉਥੇ ਪਹੁੰਚ ਕੇ ਨਿਸ਼ਾਨੀਆਂ ਲੈ ਆਈ। ਬਾਬਾ ਜੀ ਨੇ ਸਾਰੀ ਸੰਗਤ ਨੂੰ ਵਿਖਾਈਆ। ਤੇ ਬੀਬੀ ਅਮਰ ਕੌਰ ਬਾਬਾ ਜੀ ਦੇ ਚਰਨਾਂ ਤੇ ਡਿੱਗ ਪਈ। ਇਸ ਤਰ੍ਹਾਂ ਬਾਬਾ ਜੀ ਨੇ ਸਾਰੀ ਸੰਗਤ ਨਾਲ ਬਚਨ ਬਿਲਾਸ ਕੀਤੇ। ਬਾਬਾ ਜੀ ਨੇ ਬਚਨ ਕੀਤਾ ਕਿ ਕਲਯੁੱਗ ਵਿਚ ਬੀਬੀ ਨੇ ਕੰਨਿਆ ਦਾ ਜਨਮ ਲਿਆ ਹੈ। ਤੇ ਹੁਣ ਕੰਨਿਆਂ ਦੇ ਰੂਪ ਵਿਚ ਰਹਿ ਕੇ ਭਜਨ ਕਰੇਗੀ। ਜਦ

ਬੀਬੀਆਂ ਜਾਣ ਲੱਗੀਆਂ ਤਾਂ ਬੀਬੀ ਸਾਹਿਬ ਕੌਰ ਨੂੰ ਬਾਬਾ ਜੀ ਨੇ ਇਕ ਕੱਪੜਾ ਦਿੱਤਾ। ਉਸ ਵੇਲੇ ਇਕ ਬਚਨ ਕੀਤਾ ਜਦੋਂ ਸਾਡੇ ਦਰਸ਼ਨ ਦੀ ਲੋੜ ਹੋਵੇ ਤਾਂ ਇਹ ਕੱਪੜਾ ਉਪਰ ਲੈ ਲੈਣਾ। ਬੀਬੀ ਜੀ ਕੱਪੜਾ ਲੈ ਕੇ ਘਰ ਚਲੀ ਗਈ। ਜਦੋਂ ਵੀ ਬੀਬੀ ਜੀ ਨੇ ਬਾਬਾ ਜੀ ਦੇ ਹੁਕਮ ਅਨੁਸਾਰ ਦਰਸ਼ਨ ਕਰਨੇ ਹੁੰਦੇ, ਕੱਪੜਾ ਉਪਰ ਲੈ ਲੈਂਦੇ ਤਾਂ ਉਸ ਵੇਲੇ ਚੁਬਾਰੇ ਵਿਚ ਇਸ ਤਰ੍ਹਾਂ ਦਾ ਪ੍ਰਕਾਸ਼ ਹੋ ਜਾਣਾ ਕਿ ਬਾਹਰੋਂ ਵੀ ਕੋਈ ਵੇਖ ਨਾ ਸਕੇ।

ਨੋਟ-ਇਹ ਬਚਨ ਥੋੜ੍ਹੇ ਜਿਹੇ ਫਰਕ ਨਾਲ ਅੱਗੇ ਆ ਚੁੱਕਾ ਹੈ। ਤੇ ਬਚਨ ਇਸ ਤਰ੍ਹਾਂ ਵੀ ਕੀਤਾ ਕਿ ਦੁਆਪਰ ਵਿਚ ਬੀਬੀ ਜੀ ਨੇ ਜਦੋਂ ਜਨਮ ਲਿਆ ਸੀ ਉਸ ਵੇਲੇ ਬੀਬੀ ਦੀ ਅਵਾਜ਼ ਭਜਨ ਕਰਨ ਸਮੇਂ ਮਨਾਂ ਨੂੰ ਮੋਹ ਲੈਂਦੀ ਸੀ। ਭਟਕਦੇ ਹੋਏ ਮਨਾਂ ਨੂੰ ਸ਼ਾਂਤੀ ਆ ਜਾਂਦੀ ਸੀ। ਉਸ ਵੇਲੇ ਦੀ ਬੀਬੀ ਜੀ ਦੀ ਕੁਟੀਆ ਦੀ ਕੰਧ ਅਜੇ ਖੜੀ ਹੈ। ਕੁੱਟੀਆ ਦਾ ਬਾਰ ਧਰੂੰ ਵੱਲ ਹੁੰਦਾ ਸੀ।

## ੨.

ਇਕ ਵਾਰੀ ਫਿਰ ਬੀਬੀ ਬਾਬਾ ਜੀ ਦੇ ਦਰਸ਼ਨ ਕਰਨ ਆਈ ਅਤੇ ਬੇਨਤੀ ਕੀਤੀ ਸੱਚੇ ਪਾਤਸ਼ਾਹ ਕਿ ਚਾਰ ਯੁੱਗ ਮੈਂ ਤੁਹਾਡੇ ਨਾਲ ਤਪੱਸਿਆ ਕੀਤੀ ਹੈ। ਫਿਰ ਮੇਰਾ ਜਨਮ ਰਾਕਸ਼ਾਂ ਵਰਗੇ ਬੰਦਿਆਂ ਦੇ ਘਰ ਕਿਉਂ ਹੋਇਆ। ਬਾਬਾ ਜੀ ਨੇ ਬਚਨ ਕੀਤਾ, ਬੀਬੀ ਜੀ ਪ੍ਰਹਿਲਾਦ ਭਗਤ ਵੀ ਰਾਕਸ਼ਾਂ ਦੇ ਘਰ ਜੰਮਿਆ ਸੀ। ਉਨ੍ਹਾਂ ਦਾ ਉਧਾਰ ਕਰਨਾ ਸੀ। ਇਨ੍ਹਾਂ ਦਾ ਉਧਾਰ ਕਰਨ ਵਾਸਤੇ ਤੇਰਾ ਜਨਮ ਇੱਥੇ ਹੋਇਆ। ਫਿਰ ਬੀਬੀ ਨੇ ਬੇਨਤੀ ਕੀਤੀ ਮੇਰਾ ਇਸਤਰੀ ਦਾ ਜਨਮ ਕਿਉਂ ਨਹੀਂ ਬਦਲਿਆ। ਤਾਂ ਬਾਬਾ ਜੀ ਨੇ ਹੁਕਮ ਦਿੱਤਾ ਤੇਰੇ ਵਿਚ ਬਾਰ-ਬਾਰ ਹੰਕਾਰ ਦਾ ਕਿਣਕਾ ਰਹਿਣ ਕਰਕੇ ਤੈਨੂੰ ਇਸਤਰੀ ਦਾ ਜਾਮ ਮਿਲਿਆ। ਜਦੋਂ ਦਾਣਾ ਭੱਠੀ ਵਿਚ ਭੁੱਜ ਜਾਵੇ ਫਿਰ ਹਰਾ ਨਹੀਂ ਹੁੰਦਾ। ਇਸ ਤੋਂ ਮਗਰੋਂ ਤੇਰਾ ਇਸਤਰੀ ਜਨਮ ਨਹੀਂ ਹੋਵੇਗਾ।

**(ਇਹ ਬਚਨ ਬੀਬੀ ਗੁਰਿਦਿਆਲ ਕੌਰ ਪੁੰਨੀ ਵਾਲਾ ਤੋਂ ਮਿਲਿਆ)**



# ਦਾਤਿ ਪਿਆਰੀ ਵਿਸਰਿਆ ਦਾਤਾਰਾ

## ੧.

ਭੁੱਚੋਂ ਨਗਰ ਦਾ ਪੁਰੂ ਮੱਲ ਇਕ ਸੇਠ ਹੁੰਦਾ ਸੀ। ਆਪਣੇ ਸਾਰੇ ਪਰਿਵਾਰ ਨੂੰ ਲੈ ਕੇ ਬਾਬਾ ਜੀ ਕੋਲ ਬੇਨਤੀ ਕਰਨ ਆਇਆ। ਬਾਬਾ ਜੀ ਨੂੰ ਨਮਸ਼ਕਾਰ ਕਰਨ ਤੋਂ ਬਾਅਦ ਉਸ ਨੇ ਆਪਣੇ ਪੋਤਰੇ ਬਾਰੇ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਤੇ ਕਿਰਪਾ ਕਰੋ। ਮੈਨੂੰ ਪੋਤਰੇ ਦੀ ਦਾਤ ਬਖਸ਼ੋ। ਬਾਬਾ ਜੀ ਨੇ ਬਚਨ ਕੀਤਾ ਕਿ ਤੁਸੀਂ ਬਹਾਲ ਦਾਸ ਜੀ ਦੇ ਚਰਨ ਫੜ ਲਵੋ। ਇਸ ਤੋਂ ਉਪਰੰਤ ਜਦੋਂ ਕਦੇ ਬਹਾਲ ਦਾਸ ਜੀ ਬਾਬਾ ਜੀ ਦੇ ਦਰਸ਼ਨ ਕਰਨ ਆਏ ਤਾਂ ਸੇਠ ਜੀ ਨੇ ਬਹਾਲ ਦਾਸ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਸਾਡੇ ਤੇ ਕਿਰਪਾ ਕਰੋ ਤੇ ਨਾਲ ਹੀ ਬਚਨ ਕੀਤਾ ਕਿ ਵੱਡੇ ਬਾਬਾ ਜੀ ਨੇ ਆਪ ਦੇ ਪਾਸ ਭੇਜਿਆ ਹੈ ਤਾਂ ਬਾਬਾ ਬਹਾਲ ਦਾਸ ਜੀ ਨੇ ਕਿਹਾ ਕਿ ਜੇ ਉਨ੍ਹਾਂ ਦਾ ਹੁਕਮ ਹੈ ਤਾਂ ਸਾਨੂੰ ਕੰਮ ਕਰਨਾ ਪਵੇਗਾ। ਤੇ ਤੂੰ ਸਾਰੇ ਪਿੰਡ ਨੂੰ ਅੰਨ ਪਾਣੀ ਛਕਾਉਣਾ ਹੋਵੇਗਾ। ਕਿਸੇ ਨਾਲ ਵਿਤਕਰਾ ਨਹੀਂ ਕਰਨਾ। ਇੰਨਾਂ ਬਚਨ ਕਰਕੇ ਸਾਰੀ ਮਰਿਆਦਾ ਸਮਝਾਈ ਤੇ ਸੇਠ ਨੇ ਬੇਨਤੀ ਕੀਤੀ ਕਿ ਮਹਾਰਾਜ ਖਰਚ ਬੜਾ ਹੋ ਜਾਏਗਾ। ਸੰਤ ਬਹਾਲ ਦਾਸ ਜੀ ਨੇ ਕਿਹਾ ਕਿ ਆਪਣੀ ਹੈਸੀਅਤ ਮੁਤਾਬਕ ਰਾਸ਼ਨ ਲੈ ਆਵੋ ਤੇ ਕੜਾਹੀ ਚਾੜ੍ਹ ਦੇਣੀ। ਜਿੰਨਾਂ ਚਿਰ ਮੁਕੇ ਨਾ ਸਭ ਨੂੰ ਛਕਾਈ ਜਾਈ। ਅਮੀਰ ਗ਼ਰੀਬ ਕੋਈ ਆਵੇ ਸਭ ਨੂੰ ਛਕਾ ਦੇਣਾ। ਸੇਠ ਜੀ ਨੇ ਕਿਹਾ ਕਿ ਮਹਾਰਾਜ ਤੁਸੀਂ ਵੀ ਦਰਸ਼ਨ ਦੇਣੇ ਤੇ ਬਹਾਲ ਦਾਸ ਜੀ ਨੇ ਕਿਹਾ ਕਿ ਸਮਾਂ ਦੇਖਾਂਗੇ। ਇਕ ਸਾਲ ਬਾਅਦ ਉਨ੍ਹਾਂ ਦੇ ਪੋਤਰਾ ਪੈਦਾ ਹੋਇਆ। ਉਨ੍ਹਾਂ ਜੱਗ ਦੀ ਤਿਆਰੀ ਕੀਤੀ। ਜਦੋਂ ਜੱਗ ਕੀਤਾ ਤੇ ਪਿੰਡ ਦੇ ਪੰਡਿਤਾਂ ਤੇ ਜਿੰਮੀਂਦਾਰਾ ਜਿਨ੍ਹਾਂ ਨਾਲ ਮੇਲ ਮਿਲਾਪ ਸੀ ਉਨ੍ਹਾਂ ਨੂੰ ਹੀ ਅੰਨ ਪਾਣੀ ਛਕਾਇਆ। ਜਿਹੜਾ ਬਚ ਗਿਆ ਉਹ ਵੀ ਜਿੰਮੀਂਦਾਰ ਦੇ ਘਰ ਵੰਡ

ਦਿੱਤਾ। ਇਤਨੇ ਚਿਰ ਸੰਤ ਬਹਾਲ ਦਾਸ ਜੀ ਬਾਬਾ ਜੀ ਦੇ ਡੇਰੇ ਪਹੁੰਚੇ। ਜਦੋਂ ਪੂਰੂ ਮਲ ਸੇਠ ਨੂੰ ਪਤਾ ਲੱਗਾ ਤਾਂ ਉਹ ਵੀ ਮਿਲਣ ਲਈ ਆਇਆ ਤੇ ਸੇਠ ਬਾਬਾ ਜੀ ਬਹਾਲ ਦਾਸ ਕੋਲ ਕਹਿਣ ਲੱਗਾ ਕਿ ਅਸੀਂ ਜੀ ਜੱਗ ਕਰ ਦਿੱਤਾ ਹੈ ਤਾਂ ਬਾਬਾ ਜੀ ਬਹਾਲ ਦਾਸ ਜੀ ਨੇ ਕਿਹਾ ਕਿ ਜਿਸ ਤਰ੍ਹਾਂ ਅਸੀਂ ਕਿਹਾ ਸੀ ਉਵੇਂ ਹੀ ਕੀਤਾ। ਕਹਿਣ ਲੱਗਾ ਜੀ ਅਸੀਂ ਤਾਂ ਪੰਡਿਤਾਂ ਤੇ ਜ਼ਿਮੀਂਦਾਰਾਂ ਨੂੰ ਹੀ ਛਕਾਇਆ ਹੈ। ਬਹਾਲ ਦਾਸ ਜੀ ਨੇ ਪੁੱਛਿਆ ਕਿ ਕਿਸੇ ਗ਼ਰੀਬ ਨੂੰ ਨਹੀਂ ਛਕਾਇਆ। ਇਹ ਬਚਨ ਬਹਾਲ ਦਾਸ ਜੀ ਨੇ ਦੋ ਵਾਰੀ ਪੁੱਛਿਆ ਤਾਂ ਸੇਠ ਨੇ ਕਿਹਾ ਕਿ ਨਹੀਂ ਜੀ। ਤਾਂ ਬਹਾਲ ਦਾਸ ਜੀ ਚੁੱਪ ਕਰ ਗਏ। ਫਿਰ ਸੇਠ ਨੇ ਬੇਨਤੀ ਕੀਤੀ ਕਿ ਸਾਡੇ ਘਰ ਚਰਨ ਪਾਓ ਤਾਂ ਉਹ ਚੁੱਪ ਕਰ ਗਏ ਤੇ ਗੁੱਸੇ ਨਾਲ ਉਠ ਕੇ ਚਲੇ ਗਏ ਤੇ ਕਿਹਾ ਇਸ ਨੇ ਸਾਡੇ ਕਹੇ ਅਨੁਸਾਰ ਜੱਗ ਨਹੀਂ ਕੀਤਾ। ਥੋੜ੍ਹੇ ਚਿਰ ਬਾਅਦ ਪੂਰੂ ਮੱਲ ਦਾ ਪੋਤਰਾ ਮਰ ਗਿਆ। ਉਸ ਤੋਂ ਬਾਅਦ ਕੋਈ ਲੜਕਾ ਨਹੀਂ ਹੋਇਆ। ਆਖਰ ਨੂੰ ਕਿਸੇ ਹੋਰ ਦਾ ਬੱਚਾ ਲੈ ਕੇ ਝੋਲੀ ਪਾਉਣਾ ਪਿਆ।

**(ਇਹ ਪ੍ਰਸੰਗ ਪੂਰੂ ਮੱਲ ਦੇ ਪੁੱਤਰ ਵੇਦਾ ਰਾਮ ਤੋਂ ਮਿਲਿਆ)**

## ੨.

ਭਾਈ ਮਾੜਾ ਸਿੰਘ ਦਾ ਤਾਇਆ ਬਖਤੌਰ ਸਿੰਘ ਭੁੱਲਰ ਆਪਣੇ ਖੇਤ ਨੂੰ ਹੱਲ ਜੋੜ ਕੇ ਜਾ ਰਿਹਾ ਸੀ। ਰਸਤੇ ਵਿਚ ਜੋੜਿਆਂ ਵਾਲਾ ਛੱਪੜ ਆਉਂਦਾ ਸੀ ਤਾਂ ਬਖਤੌਰ ਸਿੰਘ ਬਲਦਾਂ ਨੂੰ ਪਾਣੀ ਪਿਲਾਉਣ ਲੱਗ ਪਿਆ ਬਖਤੌਰ ਸਿੰਘ ਨੇ ਭੱਜ ਕੇ ਬਲਦ ਦੇ ਸੋਟੀ ਮਾਰੀ ਤੇ ਮੂੰਹੋਂ ਬੋਲਿਆ ਕਿ ਰੁੰਮੀ ਵਾਲੇ ਸਾਧ ਵਾਂਗੂ ਟੇਢਾ ਕਰੀਰਾਂ ਵਿਚ ਜਾਂਦਾ ਹੈ। ਬਾਬਾ ਜੀ ਜਦੋਂ ਬਾਹਰ ਜਾਂਦੇ ਸਨ ਤਾਂ ਰਾਹ ਤੋਂ ਪਾਸੇ ਹੋ ਕੇ ਤੁਰਦੇ ਸਨ। ਜਦੋਂ ਬਖਤੌਰ ਸਿਉਂ ਸ਼ਾਮ ਨੂੰ ਘਰੇ ਵਾਪਸ ਆਉਣ ਲੱਗਾ ਤੇ ਜਾਣੀ ਜਾਣ ਬਾਬਾ ਜੀ ਰਾਹ ਅੱਗੇ ਹੋ ਕੇ ਖਲੋ ਗਏ ਤੇ ਬਚਨ ਕੀਤਾ ਕਿ ਭਾਈ ਅੱਜ ਤੂੰ ਸਾਨੂੰ ਬਲਦ ਬਣਾਉਂਦਾ ਸੀ ਤੇ ਬਲਦ ਬਣਾ ਕੇ ਜੋੜੀ ਰੱਖਿਆ। ਬਾਬਾ ਜੀ ਦੇ ਬਚਨ ਸੁਣਦੇ ਹੀ ਬਖਤੌਰ ਸਿੰਘ ਨੇ ਕੱਖਾਂ ਦੀ ਪੰਡ ਸੁੱਟਦੇ ਹੀ ਚਰਨ ਫੜ ਲਏ ਤਾਂ ਬਾਬਾ ਜੀ ਨੇ ਕਿਹਾ,



"ਸ਼ੁੱਧ ਹੈ" ਅੱਗੇ ਵਾਸਤੇ ਇਉਂ ਨਹੀਂ ਕਰਨਾ। ਉਪਰੰਤ ਬਖਤੌਰ ਸਿੰਘ ਸਾਰੀ ਉਮਰ ਫਿਰ ਸੇਵਾ ਵਿਚ ਲੱਗਿਆ ਰਿਹਾ।

**(ਇਹ ਬਚਨ ਮਾੜੂ ਸਿੰਘ ਭੁੱਲਰ ਪਾਸੋਂ ਮਿਲਿਆ)**

## ੩.

ਇਕ ਵਾਰੀ ਬਾਬਾ ਜੀ ਕੋਲ ਪਿੰਡ ਦੇ ਸੇਵਾਦਾਰ ਬੈਠੇ ਸਨ। ਸੁੰਦਰ ਸਿੰਘ ਨੰਦੇਕਾ, ਘੁੱਕਰ ਸਿੰਘ ਅਕਾਲੀ, ਨਿੱਕਾ ਸਿੰਘ ਭੁੱਲਰ, ਬੁੱਧ ਸਿੰਘ ਢਿੱਲੋਂ ਤੇ ਨਿਧਾਨ ਸਿੰਘ ਨੰਦੇ ਕਾ। ਇਨ੍ਹਾਂ ਸਾਰਿਆਂ ਬੇਨਤੀ ਕੀਤੀ ਕਿ ਮਹਾਰਾਜ ਜੀ ਤੁਹਾਡੇ ਡੇਰੇ ਵਿਚ ਬੂਟੇ ਲਾ ਦੇਈਏ। ਨਾਲੇ ਬਾਗ ਲੱਗ ਜਾਵੇਗਾ ਤੇ ਨਾਲ ਹੀ ਸੰਗਤ ਛਾਂ ਵਿਚ ਬੈਠੇਗੀ। ਬਾਬਾ ਜੀ ਨੇ ਬਚਨ ਕੀਤਾ, "ਭਾਈ, ਕਲਕੱਤੇ ਤੱਕ ਆਪਣੇ ਹੀ ਬਾਗ ਐ ਜਦੋਂ ਦਿਲ ਕਰਿਆ ਫਲ ਮੰਗਵਾ ਲਿਆ ਕਰਾਂਗੇ।" ਉਹ ਬਚਨ ਅੱਜ ਸੱਤ ਹੋ ਰਹੇ ਹਨ। ਰੋਜ਼ ਫਲਾਂ ਦਾ ਪ੍ਰਸ਼ਾਦਿ ਹੀ ਵਰਤਾਇਆ ਜਾਂਦਾ ਹੈ।

## ੪.

ਹੀਰਾ ਸਿੰਘ ਬੀੜ ਵਾਲੇ ਦੀ ਮਾਤਾ ਇਸ ਨੂੰ ਲੈ ਕੇ ਭੁੱਚੋ ਆਈ। ਜਿਸ ਵੇਲੇ ਹੀਰਾ ਸਿੰਘ ਨੂੰ ਮੱਥਾ ਟਿਕਾਇਆ ਤਾਂ ਹੀਰਾ ਸਿੰਘ ਵੱਲ ਵੇਖ ਕੇ ਬਾਬਾ ਜੀ ਨੇ ਬਚਨ ਕੀਤਾ "ਉਏ ਬੂਬਨਿਆਂ, ਤੂੰ ਤਾਂ ਪਹਾੜਾਂ ਵਿਚ ਬੈਠਾ ਸੀ। ਤੂੰ ਇੱਥੇ ਕਿੱਥੇ ਆ ਗਿਆ?" ਫਿਰ ਉਸ ਦੀ ਮਾਤਾ ਨੂੰ ਸੰਬੋਧਨ ਕਰਕੇ ਬਚਨ ਕੀਤਾ ਕਿ ਇਹ ਇਕ ਤਪਸਵੀ ਸਾਧ ਸੀ। ਇਸ ਨੂੰ ਗ੍ਰਿਹਸਥ ਦੀ ਇੱਛਾ ਹੋਈ ਤਾਂ ਇਸ ਨੇ ਜਨਮ ਲੈ ਲਿਆ।

**(ਇਹ ਬਚਨ ਹੀਰਾ ਸਿੰਘ ਬੀੜ ਵਾਲੇ ਤੋਂ ਮਿਲਿਆ)**

# ਸਭੁ ਕਿਛੁ ਵਸਗਤਿ ਸਾਹਿਬੈ ਆਪੇ ਕਰਣ ਕਰੇਵ ॥

**(ਅੰਗ ੪੪)**

ਗਰਮੀ ਦਾ ਮਹੀਨਾ ਸੀ। ਹਾੜ੍ਹੀ ਦੀ ਵਾਢੀ ਦੇ ਦਿਨ ਸਨ। ਦਾਸ ਦੇ ਪਿਤਾ ਨੂੰ ਨਾਨਕੇ ਹਾੜ੍ਹੀ ਵੱਢਣ ਵਾਸਤੇ ਆਪਣੇ ਕੋਲ ਲੈ ਆਏ ਸਨ ਕਿਉਂਕਿ ਉਨ੍ਹਾਂ ਦੇ ਨਾਨਕੇ ਭਗਤੇ ਸਨ ਤੇ ਇੱਥੋਂ ਭਗਤੇ ਤੋਂ ਕਿਸੇ ਪ੍ਰੇਮੀ ਕੋਲੋਂ ਬਾਬਾ ਜੀ ਦੀ ਸਿਫਤ ਸੁਣੀ ਤੇ ਕਿਹਾ ਕਿ ਹਾੜ੍ਹੀ ਵੱਢਣ ਵਿਚ ਤਾਂ ਹਾਲੇ ਦਿਨ ਰਹਿੰਦੇ ਹਨ। ਕਿਉਂ ਨ ਭੁੱਚੋ ਜਾ ਕੇ ਸੰਤਾਂ ਦੇ ਦਰਸ਼ਨ ਕਰ ਆਈਏ। ਇਉਂ ਵਿਚਾਰ ਕੇ ਆਪਣੇ ਮਾਮਾ ਜੀ ਨੂੰ ਦੱਸਿਆ ਕਿ ਮੈਂ ਭੁੱਚੋ ਸੰਤਾਂ ਦੇ ਦਰਸ਼ਨ ਕਰ ਆਵਾਂ। ਅੱਗੋਂ ਮਾਮੇ ਨੇ ਰੋਕਿਆ ਤੇ ਕਿਹਾ ਕਿ ਉਹ ਸਾਧ ਤਾਂ ਕਿਸੇ ਨੂੰ ਮੁੜ ਕੇ ਆਉਣ ਜੋਗਾ ਨਹੀਂ ਛੱਡਦਾ ਤੇ ਨਾਂ ਜਾਣ ਵਿਚ ਹੀ ਭਲਾ ਹੈ। ਅੱਗੋਂ ਆਪ ਨੇ ਜਵਾਬ ਦਿੱਤਾ ਕਿ ਮੇਰੀ ਜਾਣ ਵਿਚ ਦੇਰ ਹੈ, ਮੁੜਨ ਵਿਚ ਦੇਰੀ ਨਹੀਂ ਲੱਗਦੀ। ਇਹ ਆਪਣੇ ਮਾਮੇ ਨੂੰ ਕਹਿ ਕੇ ਭੁੱਚੋ ਪਹੁੰਚ ਗਏ। ਜਿਸ ਵੇਲੇ ਡੇਰੇ ਆਏ ਤਾਂ ਬਾਬਾ ਜੀ ਨੇ ਆਉਣ ਸਾਰ ਨਾ ਕੁਝ ਪੁੱਛਿਆ ਨ ਕੁਝ ਦੱਸਿਆ। ਸੇਵਾਦਾਰ ਪਿੰਡ ਵਿਚ ਡਾਲੀ ਲੈਣ ਲਈ ਜਾ ਰਹੇ ਸਨ। ਉਨ੍ਹਾਂ ਦੇ ਨਾਲ ਤੋਰ ਦਿੱਤਾ। ਤੇ ਨਾ ਚਾਹੁੰਦੇ ਹੋਏ ਵੀ ਜਵਾਬ ਨਾ ਦੇ ਸਕੇ। ਉਸ ਦਿਨ ਸਾਰੇ ਪਿੰਡ ਵਿਚੋਂ ਡਾਲੀ ਕੀਤੀ ਤੇ ਵਾਪਸ ਪਹੁੰਚੇ। ਸ਼ਾਮ ਨੂੰ ਇਸੇ ਤਰ੍ਹਾਂ ਡਾਲੀ ਮੰਗਾਈ ਤੇ ਰੋਟੀਆਂ ਚੂਰਾ ਕਰ ਕੇ ਕੁੱਤਿਆਂ ਨੂੰ ਪਾਉਣ ਦਾ ਹੁਕਮ ਹੋਇਆ। ਬਾਬਾ ਜੀ ਕੋਲ ਜਾਣ ਵਾਸਤੇ ਆਗਿਆ ਲੈਣ ਲਈ ਸਾਹਮਣੇ ਤਾਂ ਜਾਣ ਪਰ ਜਾ ਕੇ ਬੋਲਣ ਦੀ ਹਿੰਮਤ ਨਾ ਪਏ। ਇਕ ਦਿਨ ਪਿੰਡ ਵਿਚ ਇਕ ਘਰ ਡਾਲੀ ਲੈਣ ਵਾਸਤੇ ਗਏ ਤਾਂ ਘਰ ਵਾਲੀ ਮਾਈ ਨੇ ਪ੍ਰਸ਼ਾਦਾ ਫੜਾਉਂਦਿਆਂ ਕਿਹਾ ਕਿ ਭਾਈ ਕਾਕਾ ਤੂੰ ਕਿਥੇ ਆ ਗਿਆ। ਤੇਰੇ ਵਰਗੇ ਅਨਥੱਕ ਮੁੰਡੇ ਤਾਂ ਇਥੇ ਚਾਹੀਦੇ ਹੀ ਹਨ। ਫਿਰ ਬੋਲੀ ਇਹ ਬਾਬਾ ਸ਼ੇਰ ਵੀ



ਬਣ ਜਾਂਦਾ। ਦਿਨ ਛਿਪਣ ਵਾਲਾ ਸੀ ਤੇ ਇਤਨੇ ਨੂੰ ਡੇਰੇ ਵੱਲੋਂ ਭਾਰੀ ਅਵਾਜ਼ ਆਈ ਜੋ ਕਿ ਗਰਜਣ ਦੀ ਆਵਾਜ਼ ਸੀ। ਮਾਈ ਬੋਲੀ ਕਿ ਵੇਖ ਅੱਜ ਸ਼ੇਰ ਬਣ ਗਿਆ ਬਾਬਾ, ਤੇ ਹੁਣ ਸਾਹਮਣੇ ਨ ਜਾਈਂ ਉਥੇ ਜਾ ਕੇ। ਇਸ ਤੋਂ ਉਪਰੰਤ ਅਗਲਿਆਂ ਘਰਾਂ ਤੋਂ ਹੁੰਦੇ ਹੋਏ ਰਸਤੇ ਵਿਚੋਂ ਲੰਘੇ ਤਾਂ ਸੱਥ ਵਿਚ ਬੈਠੇ ਬੰਦਿਆਂ ਨੇ ਵੀ ਇਹੋ ਹੀ ਗੱਲ ਕਹੀ। ਇਹ ਹੌਲੀ-ਹੌਲੀ ਤੁਰਦੇ ਡੇਰੇ ਪਹੁੰਚ ਗਏ। ਇਸ ਤਰ੍ਹਾਂ ਕਰਦਿਆਂ ਚਾਲੀ ਦਿਨ ਬਤੀਤ ਹੋ ਗਏ ਨਾਂ ਆਗਿਆ ਮੰਗੀ ਤੇ ਨਾਂ ਹੀ ਹੌਂਸਲਾ ਪਿਆ। ਇਸ ਤੋਂ ਬਾਅਦ ਇਕ ਰਾਤ ਦਿਨ ਦੇ ਛੁਪਣ ਨਾਲ ਆਪਣੇ ਆਪ ਹੀ ਤੁਰ ਪਏ ਤੇ ਰਾਤੋਂ ਰਾਤ ਭਗਤੇ ਪਹੁੰਚ ਗਏ। ਇਹ ਸੀ ਪਹਿਲੀ ਵਾਰ ਦਰਸ਼ਨ ਤੇ ਸੇਵਾ ਦਾ ਮੌਕਾ।

**(ਇਹ ਬਚਨ ਪਿਤਾ ਜੀ ਪਾਸੋਂ ਮਿਲਿਆ)**

# ਸਾਧੂ ਸੰਗੁ ਮਸਕਤੇ ਤੂਠੈ ਪਾਵਾ ਦੇਵ ॥

**(ਅੰਗ ੪੪)**

ਨਗਰ ਦੁੱਲੇ ਵਾਲਾ ਦੇ ਰਹਿਣ ਵਾਲੇ ਇਸ ਪ੍ਰੇਮੀ ਦਾ ਨਾਮ ਸਰਦਾਰਾ ਸਿੰਘ ਸੀ। ਉਮਰ ਤਕਰੀਬਨ ਪੰਜਾਹ ਸਾਲ ਹੋਵੇਗੀ "ਪੂਰਬ ਅੰਕੁਰ ਜਬ ਪ੍ਰਗਟੈ ਭੇਟਿਓ ਪੁਰਖ ਰਸਿਕ ਬੈਰਾਗੀ॥" ਦੇ ਬਚਨ ਅਨੁਸਾਰ ਇਸਦਾ ਜਨਮ ਨਾਨਕੇ ਘਰ ਫਰਵਾਲੀ ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਪਿਤਾ ਦਾ ਨਾਮ ਧਿਆਨ ਸਿੰਘ ਅਤੇ ਮਾਤਾ ਬੀਬੀ ਚੰਦ ਕੌਰ ਸੀ। ਕੰਮ ਖੇਤੀਬਾੜੀ ਦਾ ਮਿਹਨਤ ਨਾਲ ਕਰਦੇ ਸਨ। ਆਪ ਜੀ ਦੀ ਸ਼ਾਦੀ ਬੀਬੀ ਜੀਵੀ ਨਾਲ ਹੋਈ। ਘਰ ਵਿਚ ਵਾਹਿਗੁਰੂ ਨੇ ਤਿੰਨ ਪੁੱਤਰ ਵੀ ਬਖਸ਼ੇ ਸ. ਝੰਡਾ ਸਿੰਘ ਬਹਾਲਾ ਸਿੰਘ ਅਤੇ ਸ. ਗੰਡਾ ਸਿੰਘ ਸਨ। ਘਰ ਵਿਚ ਸਾਰੇ ਪਦਾਰਥ, ਪੁੱਤਰ ਆਗਿਆਕਾਰ ਫਿਰ ਬਾਬਾ ਜੀ ਦੀ ਸੇਵਾ ਪ੍ਰਾਪਤ ਹੋ ਗਈ ਅਤੇ ਤਨ, ਮਨ, ਧਨ ਨਾਲ ਸੇਵਾ ਕੀਤੀ। ਹਰ ਪੂਰਨਮਾਸ਼ੀ ਨੂੰ ਪਿੰਡ ਦੁਲੇ ਵਾਲਾ ਤੋਂ ਦੁੱਧ ਆਟਾ ਅਤੇ ਦਾਲ ਆਪਣੇ ਸਿਰ ਉਪਰ ਚੁੱਕ ਕੇ ਲੈ ਆਉਂਦੇ ਸਨ। ਫਿਰ ਤਿੰਨ ਦਿਨ ਲਗਾਤਾਰ ਰਹਿਕੇ

ਅਤਿਅੰਤ ਸੇਵਾ ਕਰਨੀ। ਪਿੰਡ ਦੇ ਲੋਕਾਂ ਨੇ ਕਹਿਣਾ "ਸਰਦਾਰਾ ਸਿਆਂ, ਉਹ ਜੋ ਕੁਝ ਤੂੰ ਇਥੋਂ ਲੈ ਕੇ ਭੁੱਚੋ ਜਾਂਦਾ ਹੈਂ ਕੀ ਇਹ ਕੁਝ ਉਥੇ ਨਹੀਂ ਹੈ ?" ਪ੍ਰੰਤੂ ਸਰਦਾਰਾ ਸਿੰਘ ਨੇ ਸਭ ਦੀ ਗੱਲ ਅਨਸੁਣੀ ਕਰ ਦੇਣੀ ਅਤੇ ਸੇਵਾ ਨਹੀਂ ਛੱਡੀ। ਸਰਦਾਰਾ ਸਿੰਘ ਦਾ ਭਾਈ ਭਾਗ ਸਿੰਘ ਸੀ। ਉਸਨੇ ਵੀ ਸਰਦਾਰਾ ਸਿੰਘ ਨੂੰ ਰੋਕਣਾ ਕਿ ਤੂੰ ਉਥੇ ਲੈਣ ਕੀ ਜਾਂਦਾ ਹੈ ਨਾਲੇ ਘਰ ਦਾ ਕੰਮ ਛੱਡਦਾ ਹੈਂ। ਉਪਰੰਤ ਸਰਦਾਰਾ ਸਿੰਘ ਨੇ ਆਪਣੇ ਭਰਾ ਭਾਗ ਸਿੰਘ ਨੂੰ ਕਿਹਾ ਕਿ ਵੀਰ ਤੂੰ ਇਕ ਵਾਰ ਮੇਰੇ ਨਾਲ ਤਾਂ ਚੱਲ ਤੈਨੂੰ ਪਤਾ ਲੱਗੇਗਾ ਕਿ ਓਹ ਕੀ ਹਨ ਇਹ ਬਚਨ ਸੁਣਕੇ ਅਤੇ ਇਸ ਦਾ ਨਿਸ਼ਚਾ ਵੇਖ ਕੇ ਭਾਗ ਸਿੰਘ ਵੀ ਇਕ ਪੂਰਨਮਾਸ਼ੀ ਉਤੇ ਸਰਦਾਰਾ ਸਿੰਘ ਦੇ ਨਾਲ ਹੀ ਗਿਆ ਜਦੋਂ ਭਾਗ ਸਿੰਘ ਨੇ ਬਾਬਾ ਜੀ ਦੇ ਦਰਸ਼ਨ ਕੀਤੇ ਤਾਂ "ਦੇਖ ਸਰੂਪ ਪੂਰਨ ਭਈ ਆਸਾ ਦਰਸ਼ਨ ਭੇਟਤ ਉਤਰੀ ਭੁੱਖ" ਵਾਲੀ ਗੱਲ ਪ੍ਰਤੱਖ ਹੋ ਗਈ। ਨਿਹਾਲ ਹੋ ਗਿਆ। ਭਾਗ ਸਿੰਘ ਨੇ ਕਿਹਾ ਸਰਦਾਰਾ ਸਿੰਘ, "ਮੈਂ ਤੈਨੂੰ ਰੋਕ ਕੇ ਗਲਤੀ ਕਰਦਾ ਸੀ, ਤੂੰ ਠੀਕ ਹੈਂ। ਅੱਗੇ ਵਾਸਤੇ ਮੈਨੂੰ ਨਾਲ ਲੈ ਕੇ ਆਇਆ ਕਰੀਂ। ਇਹ ਤਾਂ ਸੱਚੇ ਗੁਰੂ ਦਾ ਘਰ ਹੈ।" ਉਪਰੰਤ ਸਰਦਾਰਾ ਸਿੰਘ ਦੇ ਨਾਲ ਭਾਗ ਸਿੰਘ ਵੀ ਸੇਵਾ ਵਿਚ ਲੱਗ ਪਿਆ ਜੋ ਅੰਤ ਤੱਕ ਨਾਲ ਨਿਭਿਆ ਦੋਹਾਂ ਭਾਈਆਂ ਨੇ ਅਤੁੱਟ ਸੇਵਾ ਕੀਤੀ। ਇਸ ਸਰਦਾਰਾ ਸਿੰਘ ਨੇ ਆਪਣੇ ਨਗਰ ਦੁੱਲੇ ਵਾਲਾ ਤੋਂ ਚੱਲਣ ਸਮੇਂ ਅਰਦਾਸ ਕੀਤੀ ਰਾਜਸਥਾਨ ਇਕ ਨਵਾਂ ਚੱਕ ਅਬਾਦ ਹੋ ਗਿਆ ਸੀ। ਉਥੇ ਪਹੁੰਚਣਾ ਸੀ ਅਤੇ ਪਿੰਡੋਂ ਤੁਰ ਪਏ। ਗੱਜ ਸਿੰਘ ਪੁਰੇ ਨੂੰ ਚੱਲ ਪਏ। ਆਪਣਾ ਮਾਲ ਡੰਗਰ ਵੀ ਨਾਲ ਹੀ ਲਈ ਜਾ ਰਹੇ ਸਨ। ਰਸਤੇ ਵਿਚ ਇਕ ਢਾਬ ਚੂਨੇ ਵੱਲ ਆਈ ਉਥੇ ਆਪ ਤਾਂ ਇਸ਼ਨਾਨ ਕਰਨ ਲੱਗ ਪਏ ਅਤੇ ਪਸ਼ੂ ਡੰਗਰ ਅੱਗੇ ਤੋਰ ਦਿੱਤੇ। ਇਸ਼ਨਾਨ ਕਰਕੇ ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ ਛਤਰੀ ਤਾਣ ਕੇ ਕਛਹਿਰਾ ਸੁਕਾਉਂਦੇ ਤੁਰੇ ਜਾ ਰਹੇ ਸਨ। "ਮੰਨੇ ਕੀ ਗਤਿ ਕਹੀ ਨ ਜਾਇ" ਪਾਠ ਕਰਨ ਸਮੇਂ ਉਨ੍ਹਾਂ ਦੀ ਗੋਡੀ ਲੱਗ ਗਈ। ਕੋਲ ਉਸ ਵੇਲੇ ਬਾਗੜੀਏਂ ਹੀ ਸਨ। ਉਨ੍ਹਾਂ ਨੇ ਸਰਦਾਰਾਂ ਸਿੰਘ ਨੂੰ ਸੰਭਾਲਿਆ ਤੇ ਅੱਗੇ ਜਾ ਰਹੇ ਪਰਿਵਾਰ ਨੂੰ ਖਬਰ ਕੀਤੀ ਕਿ ਤੁਹਾਡੇ ਨਾਲ



ਦਾ ਸਿੱਖ ਚਲਾਣਾ ਕਰ ਗਿਆ ਹੈ।

ਫਿਰ ਪਰਿਵਾਰ ਵੀ ਉਥੇ ਮੁੜ ਕੇ ਆ ਗਿਆ। ਉਥੇ ਉਨ੍ਹਾਂ ਨੇ ਲਕੜੀਆਂ ਲੈ ਕੇ ਇਸ਼ਨਾਨ ਕਰਾ ਕੇ ਅੰਤਿਮ ਸੰਸਕਾਰ ਕੀਤਾ। ਸਰੀਰ ਛੱਡਣ ਸਮੇਂ ਬਾਰਿਸ਼ ਵੀ ਹੋਈ ਜੋ ਕਿ ਕਾਫੀ ਸਮੇਂ ਤੋਂ ਨਹੀਂ ਸੀ ਹੋਈ। ਉਪਰੰਤ ਬਾਗੜੀਆਂ ਨੇ ਹੀ ਇਸਦੀ ਸਮਾਧ ਵੀ ਬਣਾ ਦਿੱਤੀ ਜੋ ਅੱਜ ਤੱਕ ਕਾਇਮ ਹੈ ਅਤੇ ਲੋਕਾਂ ਦੀਆਂ ਸੁਖਣਾਂ ਪੂਰੀਆਂ ਹੁੰਦੀਆਂ ਹਨ। ਇਸ ਸ. ਸਰਦਾਰਾ ਸਿੰਘ ਦੀ ਇਕ ਪੋਤਰੀ ਪੱਤੋ ਹੀਰਾ ਸਿੰਘ ਵਿਆਹੀ ਹੋਈ ਹੈ। ਉਹ ਸਾਰਾ ਪਰਿਵਾਰ ਹੀ ਹਜ਼ੂਰ ਦੇ ਘਰ ਦਾ ਸੇਵਕ ਹੈ ਹੁਣ ਤੱਕ ਕਰ ਰਿਹਾ ਹੈ ਅਤੇ ਭੁੱਚੋ ਹਾਜ਼ਰੀ ਭਰਦੇ ਹਨ। ਜਿਵੇਂ ਕਾਗਜ਼ ਅਤੇ ਲੂਣ ਪਾਣੀ ਵਿਚ ਠਹਿਰ ਨਹੀਂ ਸਕਦੇ ਤੇ ਗੱਲ ਜਾਂਦੇ ਹਨ ਪਰ ਜੇ ਘਿਓ ਅਤੇ ਲੂਣ ਮਿਲਾ ਕੇ ਕਾਗਜ਼ ਪਾਣੀ ਵਿਚ ਛੱਡੀਏ ਤਾਂ ਕੁਝ ਰਹਿ ਸਕਦੇ ਹਨ "ਕਾਗਦੁ ਲੂਣ ਰਹੈ ਘ੍ਰਿਤ ਸੰਗੇ ਪਾਣੀ ਕਮਲ ਰਹੈ॥ ਐਸੇ ਸੰਤ ਮਿਲਹਿ ਜਨੇ ਨਾਨਕ ਤਿਨ ਜਮੁ ਕਿਆ ਕਰੈ॥"

**ਗ:ਮ:੧, ਅੰਗ ੮**

**ਕਬਿਤ**

**ਮਾਇਆ ਕਮਜਾਤ ਜਾਤ ਜਾਤ ਦੇ ਧੁਆਏ ਪੈਰ**
**ਪੈਰ ਤੁਰੀ ਜਾਏ ਠਹਿਰਦੀ ਨਾ ਇਕ ਪਲ**
**ਪਲਕ ਫੁਰਨ ਵਿਚ ਵਲ ਛਲ ਕਰ ਜਾਂਦੀ**
**ਸੁਰ, ਨਰ, ਰਾਖਸ਼ ਭ੍ਰਮਾਏ ਪਰੀ ਹਲ ਚਲ**
**ਚਲਤ ਨਾ ਮਨ ਟਿਕ ਜਾਏ ਸਾਧ ਸੰਗ ਵਿਚ**
**ਮਹਾਂ ਹਰਿਨਾਮ ਹਰੀ ਛੋਡ ਕਹਾਂ ਜਾਏ ਖਲ**
**ਲਮਕੈ ਨਾ ਪੁਠਾ ਮਾਤਾ ਦੇ ਗਰਭ ਵਿਚ**
**ਸਤਿਨਾਮ ਜਪੁ, ਸਤਿਸੰਗ ਕਰ ਹਰ ਪਲ।**

# ਨਾਨਕ ਦਾਸੁ ਮੁਖ ਤੇ ਜੋ ਬੋਲੈ
# ਈਹਾ ਊਹਾ ਸਚੁ ਹੋਵੈ ॥

**(ਅੰਗ ੬੮੧)**

ਪਿੰਡ ਨਥਾਣੇ ਦੇ ਰਹਿਣ ਵਾਲਾ ਰਾਜਾ ਸਿੱਖ ਬਾਬਾ ਜੀ ਦੇ ਦਰਸ਼ਨ ਕਰਨ ਆਇਆ। ਮਨ ਵਿਚ ਪੁੱਤਰ ਦੀ ਇੱਛਾ ਸੀ। ਹਜੂਰ ਟਿੱਲੇ ਉੱਪਰ ਬੈਠੇ ਰੱਬੀ ਰੰਗ ਵਿਚ ਮਸਤ ਬਚਨ ਕਰ ਰਹੇ ਸਨ "ਬਾਜਾਂ ਨਾਲ ਬਟੇਰੀ ਖਹਿੰਦੀ ਫਿਰਦੀ ਖੰਭ ਖਹਾਉਣ ਨੂੰ" ਤੇ ਉਸ ਨੇ ਵੀ ਜਾ ਨਮਸ਼ਕਾਰ ਕੀਤੀ। ਮੱਥਾ ਟੇਕਣ ਅਨੁਸਾਰ ਉਸ ਨੇ ਆਪਣੇ ਆਪ ਨੂੰ ਹੱਥ ਲਾ ਕੇ ਕਿਹਾ ਜੇ ਇਹ ਬਟੇਰੀ ਬਾਜ ਦੇ ਕੰਮ ਆ ਜਾਏ ਤਾਂ ਮੇਰਾ ਆਉਣਾ ਸਫਲ ਹੋ ਜਾਏ ਤੇ ਉਸ ਤੋਂ ਉਪਰੰਤ ਬਾਬਾ ਜੀ ਦੇ ਬਚਨ ਕਹਿਣ ਤੋਂ ਬਾਅਦ ਬਾਬਾ ਜੀ ਦੇ ਹੱਥ ਵਿਚ ਇਕ ਚਾਂਦੀ ਦਾ ਰੁਪਿਆ ਸੀ। ਬਾਬਾ ਜੀ ਨੇ ਰੁਪਿਆ ਵਗਾਹ ਕੇ ਮਾਰਿਆ। ਉਹ ਰੁੜ੍ਹਦਾ-ਰੁੜ੍ਹਦਾ ਟਿੱਲੇ ਤੋਂ ਥੱਲੇ ਆ ਗਿਆ ਤੇ ਬਚਨ ਕੀਤਾ ਭੱਜ ਕੇ ਰੁਪਿਆ ਚੁੱਕ ਲਿਆ। ਜਾ ਵੇਖਿਆ ਤਾਂ ਰੁਪਿਆ ਇਕ ਹੀ ਸੀ ਮਨ ਵਿਚ ਖਿਆਲ ਆਇਆ ਕਿ ਚਾਹੀਦੇ ਤਾਂ ਦੋ ਰੁਪਏ ਸਨ ਇਕ ਹੀ ਹੈ। ਜੇ ਦੋ ਹੋ ਜਾਂਦੇ ਤਾਂ ਜੋੜੀ ਬਣ ਜਾਂਦੀ। ਇਸ ਖਿਆਲ ਨਾਲ ਮੁੜ ਕੇ ਫਿਰ ਟਿੱਲੇ ਉਪਰ ਆ ਗਿਆ ਤੇ ਆਪਣੇ ਮੰਨ ਦੀ ਮੰਗ ਦੱਸੀ ਤੇ ਬਾਬਾ ਜੀ ਨੇ ਬਚਨ ਕੀਤਾ "ਇਕੋ ਹੀ ਬਹੁਤ ਹੈ ਦੂਜਾ ਕੀ ਕਰਨਾ" ਉਸ ਨੇ ਦੁਬਾਰਾ ਫਿਰ ਬੇਨਤੀ ਕੀਤੀ ਜੀ ਨਹੀਂ ਦੋ ਦੇ ਦਿਓ। ਬਾਬਾ ਜੀ ਨੇ ਫਿਰ ਬਚਨ ਕੀਤਾ "ਜਿਹੜਾ ਤੈਨੂੰ ਇਕ ਦਿੱਤਾ ਬੜਾ ਨੇਕ ਪੁਰਸ਼ ਹੈ। ਜੇ ਉਹ ਦੂਜਾ ਆ ਗਿਆ ਤਾਂ ਤੈਨੂੰ ਠਾਣਿਆਂ ਵਿਚ ਹੀ ਰੱਖੂਗਾ।" ਉਸ ਨੇ ਹੱਥ ਜੋੜ ਕੇ ਬੇਨਤੀ ਕੀਤੀ ਜੀ ਮਹਾਰਾਜ ਕ੍ਰਿਪਾ ਕਰ ਦਿਓ ਪੁੱਤ ਫਿਰ ਵੀ ਪੁੱਤ ਹੀ ਹੁੰਦਾ ਹੈ। ਉਪਰੰਤ ਹੁਕਮ ਹੋਇਆ, "ਚੰਗਾ, ਫਿਰ ਜਾ, ਉਹ ਵੀ ਆ ਜਾਏਗਾ।"



ਕੁਝ ਸਮੇਂ ਬਾਅਦ ਇਸ ਦੇ ਦੋ ਪੁੱਤਰ ਹੋਏ ਜਦੋਂ ਵੱਡੇ ਹੋ ਗਏ ਤਾਂ ਹੁਕਮ ਅਨੁਸਾਰ ਉਨ੍ਹਾਂ ਦੇ ਕਰੱਤਵ ਵੀ ਸਾਹਮਣੇ ਆਉਣ ਲੱਗੇ। ਛੋਟੇ ਨੂੰ ਤਾਂ ਹਰ ਵੇਲੇ ਪੁਲੀਸ ਹੀ ਭਾਲਦੀ ਫਿਰਦੀ ਰਿਹਾ ਕਰੇ। ਇਕ ਵਾਰ ਅਫਸਰ ਨੇ ਪੁੱਛਿਆ ਕਿ ਇਸ ਦੇ ਦੋ ਪੁੱਤਰ ਹਨ। ਇਕ ਚੰਗਾ ਤੇ ਇਕ ਬੁਰਾ ਕਿਉਂ ਹੈ? ਤੇ ਨਗਰ ਵਾਲੇ ਲੋਕਾਂ ਨੇ ਦੱਸਿਆ ਕਿ ਇਹ ਰੂੰਮੀ ਵਾਲੇ ਸੰਤਾਂ ਦੀ ਕ੍ਰਿਪਾ ਹੋਈ ਹੈ ਜੋ ਵੀ ਹੋਈ ਹੈ ਤੇ ਉਨ੍ਹਾਂ ਦੇ ਬਾਪ ਨੇ ਵੀ ਇਹੋ ਗੱਲ ਦੀ ਤਸਦੀਕ ਕੀਤੀ। ਉਪਰੰਤ ਉਹ ਅਫਸਰ ਵੀ ਇੱਥੇ ਦਰਸ਼ਨ ਕਰਨ ਆਇਆ। ਬਾਬਾ ਜੀ ਨੇ ਪੁੱਛਿਆ ਕਿ ਦਰਸ਼ਨ ਕਰਨੇ ਹਨ ਕਿ ਪ੍ਰਸ਼ਨ ਉਸ ਨੇ ਬੇਨਤੀ ਕੀਤੀ ਜੀ ਪ੍ਰਸ਼ਨ ਵੀ ਹੈ। ਤਾਂ ਬਚਨ ਹੋਇਆ ਕੀ ਪ੍ਰਸ਼ਨ ਵੀ ਹੈ ਤਾਂ ਉਸ ਨੇ ਨਥਾਣੇ ਵਾਲੇ ਸਿੱਖ ਦੀ ਵਾਰਤਾਂ ਪੁੱਛੀ ਤਾਂ ਬਾਬਾ ਜੀ ਨੇ ਬਚਨ ਕੀਤਾ ਕਿ ਇਸ ਤਰ੍ਹਾਂ ਹੀ ਹੈ। ਉਸ ਨੇ ਬੇਨਤੀ ਕੀਤੀ "ਜੀ ਮਹਾਰਾਜ! ਉਹ ਕਿਸ ਤਰ੍ਹਾਂ ਠੀਕ ਹੋ ਸਕਦਾ?" ਤਾਂ ਬਾਬਾ ਜੀ ਨੇ ਬਚਨ ਕੀਤਾ ਉਹ ਇਸ ਤਰ੍ਹਾਂ ਹੀ ਰਹੇਗਾ ਤੂੰ ਹੋਰ ਗੱਲ ਦੱਸ। ਨਹੀਂ ਫਿਰ ਆਗਿਆ। ਉਪਰੰਤ ਉਹ ਅਫਸਰ ਚਲਾ ਗਿਆ।

**(ਇਹ ਬਚਨ ਵੱਡੇ ਝੰਡਾ ਸਿੰਘ ਸੇਮਾ ਤੋਂ ਮਿਲੇ)**

# ਅੰਤਰਜਾਮੀ ਸਭੁ ਕਿਛੁ ਜਾਨੈ
# ਉਸ ਤੇ ਕਹਾ ਚੁਪਾਇਆ ॥

**(ਅੰਗ ੩੮੧)**

## ੧.

ਬਾਬਾ ਜੀ ਦਾ ਇਕ ਸੇਵਕ ਜਿਸ ਦਾ ਨਾਮ ਹਰਿਨਾਮ ਸਿੰਘ ਸੀ ਅਤੇ ਜਿਸ ਦਾ ਪਿੰਡ ਫੂਸ ਮੰਡੀ ਸੀ। ਉਥੋਂ ਦੁੱਧ ਹਰ ਰੋਜ਼ ਲੈ ਕੇ ਆਇਆ ਕਰਦਾ ਸੀ। ਇਕ ਦਿਨ ਮਨ ਵਿਚ ਖਿਆਲ ਆਇਆ ਕਿ ਅੱਜ ਬਾਬਾ ਜੀ ਜਾਣ ਸਾਰ ਆਗਿਆ ਦੇ ਦੇਣ ਤਾਂ ਚੰਗਾ ਹੈ। ਜਿਸ ਵੇਲੇ ਦੁੱਧ ਲੈ ਕੇ ਬਾਬਾ ਜੀ ਦੇ ਡੇਰੇ ਵਿਚ ਆਇਆ, ਆਉਣ ਸਾਰ ਹੀ ਸੇਵਾਦਾਰ ਨੂੰ ਹੁਕਮ ਦਿੱਤਾ ਇਸ ਨੂੰ ਦੋ ਰੋਟੀਆਂ ਉਪਰ ਖੰਡ ਘਿਓ ਪਾ ਦਿਓ। ਦੁੱਧ ਲੈਣ ਸਾਰ ਹੀ ਦੋ ਰੋਟੀਆਂ

ਉਪਰ ਖੰਡ ਘਿਓ ਪਾ ਕੇ ਦੇ ਦਿੱਤੀਆਂ। ਹੁਕਮ ਦਿੱਤਾ "ਖਾਣ ਸਾਰ ਹੀ ਤੁਰ ਜਾ।" ਉਹ ਵਾਪਸ ਚਲਾ ਗਿਆ। ਇਸ ਦਾ ਪਿਤਾ ਨਿਧਾਨ ਸਿੰਘ ਦਰਸ਼ਨ ਕਰਨ ਵਾਸਤੇ ਆਇਆ। ਬਾਬਾ ਜੀ ਨੇ ਇਸ ਪਾਸੋਂ ਤਿੰਨ ਸੌ ਰੁਪੈ ਮੰਗੇ। ਇਸ ਨੇ ਜਵਾਬ ਦੇ ਦਿੱਤਾ। ਉਪਰੰਤ ਬਾਬਾ ਜੀ ਨੇ ਦੱਸਿਆ ਕਿ ਤੇਰੇ ਘਰ ਭਰਤ ਦੀ ਪਤੀਲੀ ਵਿਚ ਪਏ ਹਨ। ਉਹ ਪਤੀਲੀ ਮੰਜੀ ਹੇਠ ਦੱਬੀ ਹੈ। ਘਰ ਜਾ ਕੇ ਮੰਜੀ ਤੇ ਪੈ ਗਿਆ। ਮੰਜੀ ਤੋਂ ਨਾ ਉਠੇ ਘਰ ਵਾਲੀ ਨੇ ਪੁੱਛਿਆ ਕਿ ਤੂੰ ਮੰਜੀ ਉਪਰੋਂ ਕਿਉਂ ਨਹੀਂ ਉਠਦਾ। ਇਸ ਨੇ ਦੱਸਿਆ ਕਿ ਬਾਬਾ ਜੀ ਤਿੰਨ ਸੌ ਰੁਪੀਆ ਮੰਗਦੇ ਹਨ। ਘਰ ਵਾਲੀ ਨੇ ਕਿਹਾ ਦੇ ਦੇ, ਇਸ ਨੇ ਰੁਪੀਏ ਲਿਆ ਕਿ ਬਾਬਾ ਜੀ ਦੇ ਚਰਨਾਂ ਵਿਚ ਰੱਖ ਦਿੱਤੇ ਤੇ ਆਗਿਆ ਲੈ ਕੇ ਵਾਪਸ ਚਲਾ ਗਿਆ। ਕੁਝ ਸਮੇਂ ਬਾਅਦ ਇਸ ਦੇ ਦੋਹਤੀ ਹੋਈ। ਉਸ ਵੇਲੇ ਰੁਪਏ ਦੀ ਲੋੜ ਪਈ ਤੇ ਬੇਨਤੀ ਕਰਕੇ ਬਾਬਾ ਜੀ ਨੇ ਸਣੇ ਵਿਆਜ ਦੇਣ ਦਾ ਬਚਨ ਕੀਤਾ ਪਰ ਇਹ ਲਵੇ ਨਾ। ਹਜ਼ੂਰ ਨੇ ਕਿਹਾ ਇਹ ਤਾਂ ਲੈਣਾ ਪਵੇਗਾ। ਬਚਨ ਅਨੁਸਾਰ ਫਿਰ ਸਮੇਤ ਵਿਆਜ ਮੋੜੇ।

## ੨.

ਇਕ ਮਾਈ ਜਿਸ ਦਾ ਨਾਮ ਦਾਨ ਕੌਰ ਸੀ ਨੇ ਪੁੱਤਰ ਦੀ ਮੰਗ ਕੀਤੀ ਹੁਕਮ ਕੀਤਾ ਨਾ ਲਓ। ਉਸ ਪੁੱਤਰ ਨੇ ਤੁਹਾਡੀ ਸੇਵਾ ਨਹੀਂ ਕਰਨੀ। ਮਾਈ ਦੇ ਦੁਬਾਰਾ ਕਹਿਣ ਤੇ ਪੁੱਤਰ ਹੋ ਗਿਆ, ਪਰ ਉਸ ਨੇ ਸੇਵਾ ਨਹੀਂ ਕੀਤੀ।

**(ਇਹ ਦੋਨੋਂ ਬਚਨ ਮਾ: ਕਰਨੈਲ ਸਿੰਘ ਬੀਬੀ ਕਾ ਪਾਸੋਂ ਮਿਲੇ)**

ਵੱਡੇ ਝੰਡਾ ਸਿੰਘ ਸੇਮੇ ਵਾਲੇ ਨੂੰ ਇਕ ਵਾਰ ਬਚਨ ਹੋਇਆ ਕਿ "ਤੈਨੂੰ ਅਸੀਂ ਨਥਾਣੇ ਤੋਂ ਐਥੇ ਲੈ ਆਂਦਾ। ਤੇਰਾ ਪਿਛਲਾ ਜਨਮ ਨਥਾਣੇ ਪਿੰਡ ਰਾਗੀਆਂ ਦੇ ਘਰ ਹੁੰਦਾ ਸੀ ਤੇਰੀ ਉਸ ਵੇਲੇ ਅਠਾਰਾਂ ਸਾਲ ਦੀ ਉਮਰ ਸੀ। ਇਹ ਬਚਨ ਸੁਣ ਕੇ ਹੈਰਾਨ ਜਿਹਾ ਹੋਇਆ। ਬਾਅਦ ਵਿਚ ਇਸ ਨੇ ਨਥਾਣੇ ਪਿੰਡ ਪਤਾ ਵੀ ਕੀਤਾ। ਉਥੇ ਜਾ ਕੇ ਜਦੋਂ ਸਾਰੀ ਗੱਲ ਪੁੱਛੀ ਤਾਂ ਸਹੀ ਪਾਈ। ਜਿਸ ਵੇਲੇ ਵਾਪਸ ਆਇਆ ਤਾਂ ਬਾਬਿਆਂ ਨੇ ਪੁੱਛਿਆ "ਕਿ ਕਿਉਂ ਹੁਣ ਸੱਚ ਸਾਹਮਣੇ ਆ ਗਿਆ" ਉਪਰੰਤ ਫਿਰ ਝੰਡਾ ਸਿੰਘ ਚਲਾ ਗਿਆ।

**(ਇਹ ਬਚਨ ਵੀ ਝੰਡਾ ਸਿੰਘ ਸੇਮਾ ਪਾਸੋਂ ਮਿਲਿਆ)**



## ੪.

ਇਕ ਵਾਰ ਇਹੋ ਭਾਈ ਝੰਡਾ ਸਿੰਘ ਜਿਸ ਦਾ ਪੂਰਾ ਨਾਮ ਬਾਬਾ ਜੀ ਦੇ ਹੁਕਮ ਅਨੁਸਾਰ ਵੱਡਾ ਝੰਡਾ ਸਿੰਘ ਸੀ, ਕਿਸੇ ਗੱਲੋਂ ਆਪਣੇ ਪਿਤਾ ਨਾਲ ਨਰਾਜ਼ ਹੋ ਕੇ ਆਪਣੇ ਟੱਬਰ ਨੂੰ ਲੈਣ ਆ ਰਿਹਾ ਸੀ। ਰਸਤੇ ਵਿਚ ਬਾਬਾ ਜੀ ਕੋਲ ਠਹਿਰਿਆ ਗੱਲ ਵਿਚ ਇਸ ਦੇ ਸੋਨੇ ਦਾ ਕੰਠਾ ਸੀ। ਬਾਬਾ ਜੀ ਕੋਲ ਆਏ ਤਾਂ ਬਾਬਾ ਜੀ ਨੇ ਇਸ ਨੂੰ ਜਲੇਬੀਆਂ ਖਾਣ ਲਈ ਦਿੱਤੀਆਂ ਤੇ ਗੱਲ ਵਾਲਾ ਕੰਠਾ ਆਪਣੇ ਕੋਲ ਰਖਵਾ ਲਿਆ। ਜੋ ਇਸ ਨੂੰ ਜਲੇਬੀਆਂ ਦਿੱਤੀਆਂ ਸਨ ਉਹ ਇਸ ਨੇ ਸਾਰੀਆਂ ਨਾ ਖਾਧੀਆਂ ਤੇ ਬਾਬਾ ਜੀ ਤੋਂ ਛੁਪਾ ਕੇ ਪੱਗ ਦੇ ਲੜ ਬੰਨ ਲਈਆਂ ਤੇ ਰਾਤ ਨੂੰ ਇਥੇ ਹੀ ਸੌਂ ਗਿਆ। ਰਾਤ ਸਮੇਂ ਇਸ ਦੇ ਸਰ੍ਹਾਣੇ ਬਾਬਾ ਜੀ ਅਚਾਨਕ ਹੀ ਆ ਬੈਠੇ ਤੇ ਇਸ ਦੀ ਪੱਗ ਨੂੰ ਹੱਥ ਲਾ ਕਹਿੰਦੇ ਕਿ ਤੂੰ ਜਲੇਬੀਆਂ ਇਥੇ ਕਿਉਂ ਬੰਨ੍ਹੀਆਂ ਹਨ। ਤੈਨੂੰ ਖਾਣ ਵਾਸਤੇ ਦਿੱਤੀਆਂ ਸਨ ਤਾਂ ਬੇਨਤੀ ਕੀਤੀ ਜੀ ਭਰਾ ਵਾਸਤੇ ਰੱਖੀਆਂ ਹਨ। ਬਾਬਾ ਜੀ ਕਹਿਣ ਲੱਗੇ, "ਜੀ ਠੀਕ ਹੈ ਭਰਾ ਹੋਵੇ ਤਾਂ ਐਸਾ ਹੋਵੇ ਭਰਾ ਬੜੀ ਚੰਗੀ ਚੀਜ਼ ਹੁੰਦੇ ਹਨ।" ਇਸ ਤੋਂ ਬਾਅਦ ਸਵੇਰੇ ਬਾਬਾ ਜੀ ਨੂੰ ਦੱਸੇ ਬਿਨਾ ਸਹੁਰੇ ਘਰ ਚਲਾ ਗਿਆ। ਪਰ ਅੱਗੋਂ ਇਸ ਦੇ ਸਹੁਰੇ ਨੇ ਇਸ ਦੀ ਘਰ ਵਾਲੀ ਨੂੰ ਨਾ ਤੋਰਿਆ। ਜਦ ਦੁਬਾਰਾ ਵਾਪਸ ਬਾਬਾ ਜੀ ਪਾਸ ਆਇਆ ਤਾਂ ਬਾਬਾ ਜੀ ਹੱਸ ਕੇ ਕਹਿਣ ਲੱਗੇ, ਕਿਉਂ ਲੈ ਆਇਆ ਟੱਬਰ ਨੂੰ ? ਫਿਰ ਇਸ ਨੇ ਮੁਆਫੀ ਮੰਗੀ ਤੇ ਕਿਹਾ ਭੁੱਲ ਹੋ ਗਈ। ਫਿਰ ਸੋਨੇ ਦਾ ਕੰਠਾ ਕੱਢ ਕੇ ਬਾਬਾ ਜੀ ਨੇ ਵਾਪਸ ਦੇ ਦਿੱਤਾ ਦੇ ਕਿਹਾ "ਹੁਣ ਸਹੁਰੇ ਚਲਾ ਜਾ ਤੇ ਟੱਬਰ ਨੂੰ ਲੈ ਆ।" ਫਿਰ ਬਚਨ ਕੀਤਾ ਕਿ ਕੰਠਾ ਸਹੁਰਿਆਂ ਵਾਲਿਆਂ ਦੀ ਨਿਸ਼ਾਨੀ ਹੁੰਦੀ ਹੈ। ਫਿਰ ਆਗਿਆ ਲੈ ਕੇ ਝੰਡਾ ਸੇਮੇ ਚਲਾ ਗਿਆ।

**(ਇਹ ਬਚਨ ਵੀ ਝੰਡਾ ਸਿੰਘ ਪਾਸੋਂ ਮਿਲੇ)**

## ੫.

ਇਕ ਵਾਰ ਸੇਮੇ ਪਿੰਡ ਵਿਚ ਪਸ਼ੂਆਂ ਦੀ ਬੀਮਾਰੀ ਪੈ ਗਈ। ਬਹੁਤ ਭਜ-ਨੱਸ ਕੀਤੀ ਪਰ ਆਰਾਮ ਨਾ ਆਇਆ। ਜਿਸ ਵੇਲੇ ਭੁੱਚੋ ਆਏ ਤਾਂ ਬਚਨ ਕੀਤਾ "ਜਾ ਆਏ ਸਾਰੇ।" ਫਿਰ ਅੱਠ ਦਿਨ ਪਹਿਰੇ ਪੈਣ ਦਾ ਹੁਕਮ ਹੋਇਆ

ਤੇ ਗੁਰਦਿੱਤ ਸਿੰਘ ਨੂੰ ਰੂੰਮੀ ਸਾਹਿਬ ਜੰਡ ਹੇਠਾਂ ਪੈਣ ਦਾ ਹੁਕਮ ਹੋਇਆ, ਇਕ ਨੂੰ ਮੱਟ ਕੋਲ, ਦੋ ਟਿੱਲੇ ਤੇ। ਜਦੋਂ ਇਹ ਗੁਰਦਿੱਤ ਸਿੰਘ ਕੋਲ ਪਿੰਡ ਗਏ ਤਾਂ ਉਸ ਨੇ ਕਿਹਾ ਕਿ ਮੈਂ ਉਨ੍ਹਾਂ ਕੋਲ ਨਹੀਂ ਜਾਣਾ। ਮੈਂ ਨਾਰਾਜ਼ ਹਾਂ। ਉਸ ਨੂੰ ਇਹ ਗੱਲ ਬਾਬਾ ਜੀ ਨੇ ਦੱਸੀ ਸੀ ਕਿ ਤੂੰ ਇਨ੍ਹਾਂ ਦੇ ਆਖੇ ਨਾ ਲੱਗੀ ਤਾਂ ਉਸ ਨੇ ਜਵਾਬ ਦੇ ਦਿੱਤਾ ਪਰ ਜਦੋਂ ਬਾਬਾ ਜੀ ਦਾ ਦੁਬਾਰਾ ਨਾ ਲੈ ਕੇ ਵੇਰਵਾ ਪਾਇਆ ਤਾਂ ਗੁਰਦਿੱਤ ਸਿੰਘ ਮੰਨ ਕੇ ਪਹਿਰੇ ਬੈਠ ਗਿਆ। ਉਸ ਤੋਂ ਬਾਅਦ ਪਸ਼ੂਆਂ ਨੂੰ ਆਰਾਮ ਆ ਗਿਆ।

## ਕਬੀਰ ਸਾਚਾ ਸਤਿਗੁਰੁ ਕਿਆ ਕਰੈ
## ਜਉ ਸਿਖਾਂ ਮਹਿ ਚੂਕ ॥

**(ਅੰਗ ੧੩੭੨)**

ਕਿਸੇ ਸਮੇਂ ਕੋਈ ਕਰਮ ਕਰ ਲੈਂਦਾ ਹੈ। ਕਰਮ ਕਰਨ ਸਮੇਂ ਉਸਦੇ ਫਲ ਦਾ ਗਿਆਨ ਨਹੀਂ ਹੁੰਦਾ। ਜਿਸ ਵਕਤ ਉਸ ਦਾ ਫਲ ਦੁਖ ਦੇ ਰੂਪ ਵਿਚ ਪ੍ਰਗਟ ਹੁੰਦਾ ਹੈ ਤਾਂ ਫਿਰ ਪਸ਼ਚਾਤਾਪ ਕਰਨ ਤੇ ਮਹਾਂਪੁਰਖਾਂ ਦੀ ਸੰਗਤ ਵਿਚ ਉਹੀ ਕਰਮ ਕਿਸੇ ਨਾ ਕਿਸੇ ਰੂਪ ਵਿਚ ਸਾਹਮਣੇ ਆ ਜਾਂਦਾ ਹੈ। ਇਕ ਸਿਹੀਏ ਵਾਲੇ ਦਾ ਸਿੰਘ ਸੰਤਾਂ ਸਿੰਘ ਨਾਮ ਦਾ ਸੀ। ਉਸਨੇ ਆਪਣੀ ਦੋਹਤੀ ਕੋਲ ਰੱਖ ਕੇ ਪਾਲੀ ਅਤੇ ਫਿਰ ਆਪ ਹੀ ਤੁੰਗਵਾਲੀ ਨਗਰ ਵਿਚ ਵਿਆਹ ਦਿੱਤੀ। ਉਸ ਦੇ ਘਰ ਕੋਈ ਬੱਚੀ ਬੱਚਾ ਨਹੀਂ ਹੋਇਆ। ਸੰਤਾ ਸਿੰਘ ਬਾਬਾ ਜੀ ਦੇ ਘਰ ਦਾ ਸੇਵਕ ਸੀ ਇਸ ਨੇ ਬਾਬਾ ਜੀ ਕੋਲੇ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਦੋਹਤੀ ਤੁੰਗਵਾਲੀ ਵਿਆਹੀ ਹੋਈ ਹੈ, ਅਤੇ ਵਿਆਹ ਹੋਏ ਨੂੰ ਬਹੁਤ ਚਿਰ ਹੋ ਗਿਆ ਉਸਦੇ ਘਰ ਕੋਈ ਬੱਚੀ ਬੱਚਾ ਨਹੀਂ ਹੋਇਆ। ਬੇਨਤੀ ਸੁਣਕੇ ਹਜ਼ੂਰ ਕਿਹਾ, "ਸੰਤਾ ਸਿਆਂ ਉਸ ਕੰਨਿਆ ਨੂੰ ਇਕ ਵਾਰ ਇਥੇ ਲੈ ਆ ਫਿਰ ਗੱਲ ਕਰਾਂਗੇ।" ਉਪਰੰਤ ਸੰਤਾਂ ਸਿੰਘ ਨੇ ਦੋ ਚਾਰ ਵਾਰ ਮਿਲਕੇ ਲੈ ਆਉਣ ਦੀ ਕੋਸ਼ਿਸ ਕੀਤੀ। ਉਸ ਲੜਕੀ ਦੀ ਜਠਾਣੀ ਜਿਸ ਦਾ ਘਰ ਵਿਚ ਅਖਤਿਆਰ ਸੀ ਉਹ ਕੋਈ ਨਾ ਕੋਈ ਬਹਾਨਾ ਕਰਕੇ ਆਉਣ ਨਾ ਦੇਵੇ।



ਹਰ ਵਾਰ ਟਾਲ ਦੇਵੇ। ਉਪਰੰਤ ਸੰਤਾ ਸਿੰਘ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਤਾਂ ਅਗੋਂ ਹਜ਼ੂਰ ਨੇ ਬਚਨ ਕੀਤਾ "ਸੰਤਾ ਸਿਆਂ, ਉਸਦੀ ਜਠਾਣੀ ਦੀ ਹੀ ਸਾਰੀ ਰੋਕ ਹੈ। ਜੇ ਲੜਕੀ ਆ ਜਾਏ ਤਾਂ ਚੰਗਾ ਹੈ ਨਹੀਂ ਤਾਂ ਉਸਦੀ ਜਠਾਣੀ ਵੀ ਐਵੇਂ ਹੀ ਜਾਏਗੀ।" ਫਿਰ ਪੁੱਛਿਆ ਇਸ ਲੜਕੀ ਦੇ ਪੇਕੇ ਕਿਹੜੇ ਪਿੰਡ ਦੇ ਹਨ ਤਾਂ ਸੰਤਾ ਸਿੰਘ ਨੇ ਬੇਨਤੀ ਕੀਤੀ ਜੀ, "ਗੁਰੂ ਕੇ ਕੋਠੇ ਹਨ ਬਚਨ ਕੀਤਾ" ਗੁਰੂ ਕੇ ਕੋਠੇ ਤਾਂ ਅਸੀਂ ਵੀ ਰਹੇ ਹਾਂ ਤੇ ਸਿਹੀਏ ਵਾਲੇ ਭੀ ਤੂੰ ਕਿਵੇਂ ਨਾ ਕਿਵੇਂ ਲੜਕੀ ਨੂੰ ਇਥੇ ਇਕ ਵਾਰ ਲੈ ਆ।" ਪਰ ਜਠਾਣੀ ਨੇ ਨਹੀਂ ਆਉਣ ਦਿੱਤੀ ਪਰ ਬੱਚਾ ਉਸਦੀ ਜਠਾਣੀ ਦੇ ਵੀ ਕੋਈ ਨਾ ਹੋਇਆ।

**(ਇਹ ਬਚਨ ਉਸ ਬੀਬੀ ਦੇ ਨਾਨਕੇ ਸਿਹੀਏ ਵਾਲੇ ਤੋਂ ਮਿਲਿਆ)**

ਇਕ ਸਿੰਘ ਹਰਰਾਏਪਰ ਪਿੰਡ ਤੋਂ ਦੁੱਧ ਲੈ ਕੇ ਆਇਆ ਸੀ ਕਿਸੇ ਦੇ ਘਰੋਂ। ਜਦੋਂ ਉਹ ਆਪਣੇ ਘਰ ਗਿਆ ਤਾਂ ਉਸ ਦੀ ਮੱਝ ਮਿਲਣੋ ਹੱਟ ਗਈ। ਉਸਨੇ ਆ ਕੇ ਮੱਝ ਬਾਰੇ ਬੇਨਤੀ ਕੀਤੀ ਕਿ ਮਹਾਰਾਜ ਮੇਰੀ ਮੱਝ ਨਹੀਂ ਮਿਲਦੀ ਅਗੋਂ ਬਾਬਾ ਜੀ ਨੇ ਉਸਨੂੰ ਆਪਣੇ ਕੋਲੋਂ ਅੱਠ ਆਨੇ ਦੇ ਕੇ ਬਚਨ ਕੀਤਾ ਕਿ ਇਹ ਅੱਠ ਆਨੇ ਉਸਨੂੰ ਦੇਹ। ਤੇਰੀ ਮੱਝ ਮਿਲ ਪਵੇਗੀ। ਉਸਦੇ ਇਸ ਤਰ੍ਹਾਂ ਕਰਨ ਨਾਲ ਉਸਦੀ ਮੱਝ ਠੀਕ ਹੋ ਗਈ।

**ਕਬਿਤੁ**

**ਮੰਨ ਨਾਮ ਜਪੁ ਕੰਮ ਇਹ ਆਵੇ ਕੰਮ,**
**ਹੋਰ ਤੇਰੇ ਕਿਸੇ ਕੰਮ ਨਹੀਂ ਆਵਣੇ।**

ਬਦੀਆਂ ਨੂੰ ਬੰਨ, ਬੰਨ ਮਾਰ ਜਾਂਦੇ ਮਨ ਤਾਂਈ ਇਹ ਬੰਨ, ਬੰਨ ਹੋਰ ਬੰਨ ਢਹਿ ਜਾਵਣੇ–

**ਹਰ ਦਮ ਕੰਮ ਕੰਮ ਮੰਗਦਾ ਹੈ ਭੋਲਿਆ ਓਇ,**
**ਦੰਮ ਨੂੰ ਸਮਾਲ ਕੰਮ ਇਥੇ ਰਹਿ ਜਾਵਣ**
**ਨਾਮ "ਸਤਿਨਾਮ ਹਰੀ ਜਪੁ ਸਾਸੁ ਸਾਸ ਨਾਮ"**
**"ਮਹਾਂ ਹਰਿਨਾਮ ਹਰੀ ਸਤਿ ਕਹਿਲਾਵਣੇ"**

## ਤੁਮਰੀ ਗਤਿ ਮਿਤਿ ਤੁਮ ਹੀ ਜਾਨੀ
## ਸੇ ਸੇਵਕ ਜਿਨ ਭਾਗ ਮਥੋਰੀ ॥

**(ਅੰਗ ੨੦੮)**

ਪੰਡਿਤ ਬੇਦਾਰਾਮ ਸੇਮੇ ਨਗਰ ਦੇ ਰਹਿਣ ਵਾਲਾ ਸੀ। ਬਾਬਾ ਜੀ ਪਾਸ ਹਰ ਰੋਜ਼ ਆਉਂਦਾ ਹੁੰਦਾ ਸੀ। ਇਕ ਵਾਰੀ ਹਜੂਰ ਨੇ ਬੰਦਾ ਭੇਜ ਕੇ ਬੇਦਾ ਰਾਮ ਨੂੰ ਬੁਲਾਇਆ ਅਤੇ ਹੁਕਮ ਦਿੱਤਾ ਕਿ "ਬੇਦਾ ਰਾਮ ਆਪਾ ਰੂੰਮੀ ਗਊਆਂ ਵਾਸਤੇ ਪਾਣੀ ਪੀਣ ਲਈ ਇੱਕ ਟੋਆ ਪੁੱਟਣਾ ਹੈ।" ਉਸਨੇ ਸੇਮੇ ਤੋਂ ਬੰਦੇ ਲੈ ਕੇ ਟੋਆ ਪੁੱਟਿਆ ਜਿਹੜਾ ਕਿ ਛੱਪੜ ਸੀ। ਪੁੱਟਣ ਆਏ ਪੰਜਾਹ-ਸੱਠ ਆਦਮੀ ਸਨ। ਟੋਆ ਪੁੱਟਣ ਉਪਰੰਤ ਸਾਰੇ ਕਹਿਣ ਲੱਗੇ ਆਪਾ ਬਾਬਾ ਜੀ ਨੂੰ ਖ਼ਬਰ ਕਰ ਦੇਈਏ। ਫਿਰ ਬੇਦਾ ਰਾਮ ਅਤੇ ਹਰਦਿੱਤ ਸਿੰਘ ਨੂੰ ਸਭ ਨੇ ਸਲਾਹ ਕਰਕੇ ਤੋਰ ਦਿੱਤਾ। ਇਹ ਦੋਵੇਂ ਰਸਤੇ ਵਿਚ ਗਲਾਂ ਕਰਨ ਲੱਗੇ ਕਿ ਆਪਾਂ ਤਾਂ ਟੋਆ ਡੂੰਘਾ ਪੁੱਟ ਦਿੱਤਾ ਹੈ ਅਤੇ ਬਾਬਾ ਜੀ ਤਾਂ ਬਚਨ ਕਰਦੇ ਸਨ ਇਥੇ ਇੱਕ ਤਲਾਅ ਹੈ ਅਤੇ ਨਿਕਲੇਗਾ। ਬਈ ਹੋਣਾ ਨਹੀਂ ਜੇ ਹੁੰਦਾ ਤਾਂ ਨਿਕਲ ਆਉਂਦਾ। ਇਸ ਤਰ੍ਹਾਂ ਗੱਲਾਂ ਕਰਦੇ ਕਰਦੇ ਭੁੱਚੋ ਪਹੁੰਚੇ ਗਏ। ਬਾਬਾ ਜੀ ਅੱਗੇ ਆਸਣ ਵਾਲੀ ਜਗ੍ਹਾਂ ਤੋਂ ਬਾਹਰ ਬੈਠੇ ਸੰਗਤ ਨਾਲ ਬਚਨ ਕਰ ਰਹੇ ਸਨ। ਇਨ੍ਹਾਂ ਨੇ ਵੀ ਜਾ ਮੱਥਾ ਟੇਕਿਆ। ਬੈਠ ਗਏ ਉਪਰੰਤ ਬਾਬਾ ਜੀ ਨੇ ਪੁੱਛਿਆ ਕਿਉਂ ਭਾਈ ਪੁੱਟ ਆਏ ਛੱਪੜ, ਦੋਨਾਂ ਸੇਵਕਾਂ ਨੇ ਕਿਹਾ ਹਾਂ ਤੇ ਫਿਰ ਬਾਬਾ ਜੀ ਬੜੀ ਗਰਜਵੀਂ ਆਵਾਜ਼ ਵਿਚ ਬੋਲੇ, "ਤੁਸੀਂ ਆਖਦੇ ਸੀ ਐਨਾਂ ਪੁੱਟਣ ਤੇ ਵੀ ਤਲਾਅ ਨਹੀਂ ਨਿਕਲਿਆ।" ਇੰਨ੍ਹਾਂ ਨੇ ਹੱਥ ਜੋੜ ਕੇ ਖਿਮਾ ਮੰਗੀ ਤੇ ਕਿਹਾ। ਗਰੀਬ ਨਿਵਾਜ, ਅਸੀਂ ਤਾਂ ਸੁਤੇ ਸਿੱਧ ਹੀ ਗੱਲਾਂ ਕਰਦੇ ਸੀ ਅੱਗੋਂ ਫਿਰ ਬਚਨ ਕੀਤਾ "ਤੁਸੀਂ ਤਾਂ ਹੁਣੇ ਤਲਾਅ ਭਾਲਦੇ ਹੋ। ਕੋਈ ਸਮਾਂ ਆਏਗਾ ਤਿੰਨ ਪਿੰਡਾਂ ਦੀ ਸੰਗਤ ਹੋਏਗੀ ਕੱਚੀ ਭੁੱਚੋ, ਪੱਕੀ ਭੁੱਚੋ ਅਤੇ ਸੇਮਾਂ ਪਿੰਡ ਵਾਲੇ ਟੱਕ ਲਾਉਣਗੇ। ਪਟਿਆਲੇ ਵਾਲੇ ਰਾਜਾ ਅਤੇ ਰਾਣੀ



ਸਿਰ ਤੇ ਟੋਕਰੀ ਚੁੱਕਣਗੇ। ਰਾਜੇ ਜਨਮੇਜੇ ਦਾ ਤਲਾਅ ਹੈ।"

ਲਖਪਤ, ਪ੍ਰਜਾਪਤ ਦੀਆਂ ਇੱਟਾਂ ਪੱਕੀਆਂ ਹਨ। ਇਹ ਤਲਾਬ ਸਾਰਾ ਜਿਉਂ ਦਾ ਤਿਉਂ ਕਾਇਮ ਹੈ। ਗੋਬਿੰਦ ਪੁਰੇ ਵਾਲੀ ਬਾਹੀ ਤੇ ਪਉੜੀਆ, ਪੌੜੀਆਂ ਕੋਲੋਂ ਪੱਟੀਆਂ ਹਨ ਬਾਕੀ ਸਾਰਾ ਕਾਇਮ ਹੈ ਅਜੇ ਸਮਾਂ ਨਹੀਂ ਆਇਆ ਸਮਾਂ ਆਉਣ ਤੇ ਸਾਰਾ ਕੁਝ ਹੋਇਆ।

**(ਇਹ ਬਚਨ ਪੰਡਿਤ ਬੇਦਾ ਰਾਮ ਤੋਂ ਸੁਣ ਕੇ ਸ. ਬੰਤਾ ਸਿੰਘ ਨੇ ਲਿਖਵਾਏ।)**

## ਸਤਿਗੁਰ ਕੀਨੀ ਦਾਤਿ ਮੂਲਿ ਨ ਨਿਖੁਟਈ

**(ਅੰਗ ੧੩੬੩)**

ਇਕ ਗ੍ਰੰਥੀ ਨਾਮ ਦਾ ਸੰਪੂਰਨ ਸਿੰਘ ਚੌਦਾਂ ਨੰਬਰ ਪਲਟਨ ਵਿਚ ਰਹਿੰਦਾ ਸੀ। ਭੁੱਚੋ ਨਗਰ ਦੇ ਨਿਵਾਸੀ ਜਥੇਦਾਰ ਹਰਿਨਾਮ ਸਿੰਘ ਦੇ ਨਾਲ ਮਿਲ ਕੇ ਦਰਸ਼ਨਾਂ ਲਈ ਆਇਆ। ਗ੍ਰੰਥੀ ਸੰਪੂਰਨ ਸਿੰਘ ਨੇ ਸਵਾ ਰੁਪਿਆ ਮੱਥਾ ਟੇਕਿਆ। ਸੇਵਕ ਨੂੰ ਬਚਨ ਹੋਇਆ ਕਿ ਇਸ ਦੀ ਪੱਗ ਦੇ ਲਮਕਦੇ ਲੜ ਨਾਲ ਬੰਨ ਦਿਓ। ਉਪਰੰਤ ਬਚਨ ਹੋਇਆ, "ਕਿ ਇਸ ਨੂੰ ਖਜਾਨੇ ਵਿਚ ਰੱਖੀਂ। ਕਾਰੋਬਾਰ ਬਹੁਤ ਚੰਗਾ ਹੋ ਜਾਵੇਗਾ। ਮੁਰੱਬਿਆਂ ਦਾ ਮਾਲਕ ਬਣ ਜਾਏਂਗਾ।" ਇਨ੍ਹਾਂ ਦੇ ਬੈਠਿਆਂ ਤੋਂ ਹੀ ਇਕ ਪ੍ਰੇਮੀ ਹੋਰ ਦਰਸ਼ਨ ਕਰਨ ਆਇਆ। ਉਸ ਨੇ ਚੌਰਾਸੀ ਰੁਪਏ ਮੱਥਾ ਟੇਕੇ। ਉਸ ਨੂੰ ਵੀ ਪੱਗ ਦੇ ਲੜ ਨਾਲ ਬੰਨਣ ਦਾ ਹੁਕਮ ਹੋਇਆ। ਉਸ ਨੇ ਬੇਨਤੀ ਕੀਤੀ ਕਿ ਮਹਾਰਾਜ ਪਟਿਆਲੇ ਵਾਲੇ ਰਾਜੇ ਨੇ ਮੇਰੇ ਭਰਾ ਨੂੰ ਕੈਦ ਕੀਤਾ ਹੋਇਆ ਹੈ ਛੱਡ ਨਹੀਂ ਰਿਹਾ ਤੇ ਬਾਬਾ ਜੀ ਨੇ ਕਿਹਾ "ਫਿਕਰ ਨ ਕਰ" ਤੇ ਸਵੇਰੇ (ਕੱਲ) ਚਾਹ ਪੀਣ ਦੇ ਵੇਲੇ ਅਵਾਜ਼ ਦੇਵੇਗਾ। ਇੰਨੇ ਨੂੰ ਚੌਥਾ ਸੇਵਕ ਵੀ ਮਿਸ਼ਰੀ ਦਾ ਪ੍ਰਸ਼ਾਦ ਲੈ ਕੇ ਆਇਆ, ਉਸ ਨੇ ਆ ਮੱਥਾ ਟੇਕਿਆ। ਨੀਲਾ ਸਿੰਘ ਨੂੰ ਹੁਕਮ ਹੋਇਆ ਕਿ ਆਪਣੇ ਖਜਾਨੇ ਵਿਚ ਵੇਖੋ ਮਿਸ਼ਰੀ ਕਿਤਨੀ ਹੈ। ਨੀਲਾ ਸਿੰਘ ਨੇ ਵੇਖ ਕੇ ਕਿਹਾ ਜੀ ਮਹਾਰਾਜ ਤਿੰਨ ਪਾਅ ਮਿਸ਼ਰੀ ਹੈ। ਹੁਕਮ ਹੋਇਆ ਤੂੰ ਮੋੜ

ਕੇ ਲੈ ਜਾ ਸਾਨੂੰ ਕੋਈ ਲੋੜ ਨਹੀਂ। ਹੁਕਮ ਹੋਇਆ "ਜੇ ਕੋਈ ਪ੍ਰਸ਼ਨ ਹੈ ਤਾਂ ਦੱਸ।" ਉਹ ਬੋਲਿਆ ਜੀ ਜਦੋਂ ਮੇਰੀ ਭੇਟਾ ਮਨਜ਼ੂਰ ਨਹੀਂ ਕੀਤੀ ਮੈਂ ਕੀ ਬੋਲਾਂ। ਮੈਂ ਤਾਂ ਬੜੀ ਆਸਾ ਨਾਲ ਆਇਆ ਸੀ। ਆਪ ਜੀ ਬੋਲੇ "ਆਸਾਂ ਮੁਰਾਦਾਂ ਵੀ ਪੂਰੀਆਂ ਹੋ ਜਾਣਗੀਆਂ ਦੱਸ ਤਾਂ ਸਹੀ।" ਤਾਂ ਉਸ ਸੇਵਕ ਨੇ ਡਰਦੇ ਡਰਦੇ ਹੱਥ ਜੋੜਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਕਿ ਮੇਰਾ ਗ਼ਰੀਬ ਦਾ ਸਭ ਕੁਝ ਰੁੜ੍ਹ ਗਿਆ ਹੈ।

ਕਹਿਣ ਲੱਗੇ, "ਦੱਸ ਤਾਂ ਸਹੀ।" ਉਸ ਨੇ ਬੇਨਤੀ ਕੀਤੀ ਕਿ ਮੈਂ ਇਕੱਲਾ ਹਾਂ ਤੇ ਮੇਰੇ ਆਂਢੀ ਗੁਆਂਢੀ ਹਨ ਤੇ ਮੈਨੂੰ ਖੇਤ ਤੇ ਘਰ ਤੰਗ ਕਰਦੇ ਹਨ। ਨਾ ਮੇਰੇ ਕੋਲ ਧੰਨ ਆਇਆ ਤੇ ਨਾਂ ਹੀ ਧਰਮ ਰਿਹਾ। ਪੁੱਛਿਆ ਧਰਮ ਕਿਉਂ ਨਹੀਂ ਰਿਹਾ ਉਸ ਨੇ ਬੇਨਤੀ ਕੀਤੀ ਕਿ ਜਦੋਂ ਮੈਨੂੰ ਬਾਹਰ ਨਹੀਂ ਜਾਣ ਦਿੰਦੇ ਤਾਂ ਮੈਂ ਕੀ ਕਰਾਂ, ਅੱਗੇ ਆਪੇ ਸਮਝ ਲਵੋ। ਆਪ ਹੱਸ ਕੇ ਕਹਿਣ ਲੱਗੇ ਫਿਕਰ ਨ ਕਰ ਬੇ-ਫਿਕਰ ਹੋ ਕੇ ਘਰ ਚਲਾ ਜਾ। ਕੋਈ ਤੇਰੀ ਹਵਾ ਵੱਲ ਨਹੀਂ ਵੇਖੇਗਾ। ਅਸੀਂ ਤੇਰੇ ਨਾਲ ਹਾਂ ਤੇ ਨਾਲ ਹੀ ਇਕ ਬਾਣੀ ਦੀ ਪੰਗਤੀ ਪੜ੍ਹੀ "ਜਿਸ ਕੇ ਸਿਰ ਊਪਰਿ ਤੂੰ ਸੁਆਮੀ ਸੋ ਦੁਖੁ ਕੈਸਾ ਪਾਵੈ।" ਇਸ ਪੰਗਤੀ ਦਾ ਪਾਠ ਕਰਦਾ ਰਿਹਾ ਕਰ। ਤੇਰੇ ਵਾਲੇ ਦੁੱਖ ਉਨ੍ਹਾਂ ਨੂੰ ਹੋ ਜਾਣਗੇ ਤੇ ਕਦੇ ਨ ਕਦੇ ਸੰਗਤ ਵਿਚ ਆ ਕੇ ਸੇਵਾ ਕਰ ਜਾਇਆ ਕਰ।" ਉਪਰੰਤ ਉਸ ਪ੍ਰੇਮੀ ਨੇ ਕਈ ਵਾਰ ਦਰਸ਼ਨ ਕਰਨ ਆਉਣਾ ਤੇ ਕਦੇ ਰਹਿਣਾ ਵੀ। ਹੁਕਮ ਅਨੁਸਾਰ ਸਾਰੇ ਦੁੱਖ ਤਕਲੀਫਾਂ ਦੂਰ ਹੋ ਗਈਆਂ।

**(ਇਹ ਬਚਨ ਜਥੇਦਾਰ ਹਰਿਨਾਮ ਸਿੰਘ ਭੁੱਚੋ ਕਲਾਂ ਤੋਂ ਮਿਲਿਆ)**

## ੨.

ਇਸੇ ਜਥੇਦਾਰ ਹਰਿਨਾਮ ਸਿੰਘ ਦੀ ਮਾਤਾ ਜਿਸ ਦਾ ਨਾਂ ਜਿਊਣ ਕੌਰ ਸੀ ਤੇ ਜਥੇਦਾਰ ਦੀ ਉਸ ਵੇਲੇ ਛੋਟੀ ਉਮਰ ਸੀ ਤੇ ਰਸਤੇ ਵਿਚ ਇਨ੍ਹਾਂ ਨੂੰ

ਸ਼ਹਿਰ ਵਾਲੀਆਂ ਬਨਿਆਣੀਆਂ ਦਰਸਨ ਕਰਨ ਆਉਣ ਸਮੇਂ ਮਿਲ ਗਈਆਂ। ਸਾਰਿਆਂ ਰਲ ਕੇ ਮੱਥਾ ਟੇਕਿਆ। ਉਨ੍ਹਾਂ ਆਉਣ ਸਾਰ ਵੇਖਿਆ ਕਿ ਇਥੇ ਘੱਗਰੀਆਂ-ਘੱਗਰੀਆਂ ਪਈਆਂ ਵੇਖ ਕੇ ਮਾਈ ਕਹਿਣ ਲੱਗੀ ਜੀ ਮਹਾਰਾਜ ਇਤਨੀਆਂ ਘੱਗਰੀਆਂ ਸਾਡੇ ਆਉਣ ਤੋਂ ਪਹਿਲਾਂ ਕਿਥੋਂ ਆ



ਗਈਆਂ। ਕਹਿਣ ਲੱਗੇ ਇਧਰੋਂ ਆਈਆਂ ਉਧਰ ਚਲੀਆਂ ਜਾਣਗੀਆਂ। ਮਾਈ ਹੈਰਾਨ ਹੋ ਗਈ। ਮੱਥਾ ਟੇਕ ਕੇ ਮਾਈ ਨੇ ਜਾਣ ਲੱਗੇ ਫਿਰ ਇਹੋ ਗੱਲ ਪੁੱਛੀ ਤਾਂ ਬਚਨ ਕੀਤਾ "ਮਾਈ ਝੱਟ ਨੂੰ ਆ ਕੇ ਵੇਖ ਜਾਵੀਂ।" ਜਿਸ ਵਕਤ ਮਾਈ ਦੁਬਾਰਾ ਆਈ ਉਸ ਨੇ ਆਉਣ ਜਾਣ ਵਿਚ ਦੇਰ ਨਹੀਂ ਕੀਤੀ ਤੇ ਨਾਂ ਕੋਈ ਆਇਆ ਤੇ ਨਾ ਗਿਆ। ਆਉਣ ਸਾਰ ਮਾਈ ਨੇ ਬਾਬਾ ਜੀ ਨੂੰ ਬਚਨ ਕੀਤਾ "ਲੈ ਮਾਈ ਘੱਗਰੀ ਵੇਖ ਕੋਈ ਹੈ?" ਮਾਈ ਵੇਖ ਕੇ ਹੈਰਾਨ ਹੋ ਗਈ ਤੇ ਪੁੱਛਿਆ ਜੀ ਮਹਾਰਾਜ ਉਹ ਕਿਥੇ ਗਈਆਂ। ਜੀ ਉਹ ਕਿਸ ਦੀਆਂ ਸਨ। ਇਹ ਤਾਂ ਦੱਸ ਦਿਓ। ਬਾਬਾ ਜੀ ਕਹਿਣ ਲੱਗੇ ਇਹ ਘੱਗਰੀਆਂ ਕਲਯੋਗਨਾਂ ਦੀਆਂ ਸਨ। ਸੁਨਣ ਸਾਰ ਮਾਈ ਸੁੰਨ ਹੋ ਗਈ ਤੇ ਬਾਅਦ ਵਿਚ ਮਾਈ ਘਰ ਚਲੀ ਗਈ।

## ੩.

ਇਕ ਵਾਰੀ ਪਿੰਡ ਵਿਚ ਪੰਡਿਤਾਂ ਦੀ ਬਰਾਤ ਆਈ। ਵਿਆਹ ਤੋਂ ਅਗਲੇ ਦਿਨ ਬਾਬਾ ਜੀ ਦੇ ਦਰਸ਼ਨਾਂ ਵਾਸਤੇ ਆਏ। ਬਚਨ ਹੋਇਆ ਕਿ ਦਰਸ਼ਨ ਕਰਨੇ ਹਨ ਕਿ ਪ੍ਰਸ਼ਨ ਇਨ੍ਹਾਂ ਦੇ ਨਾਲ ਇਕ ਮਜ਼੍ਹਬੀ ਵੀ ਸੀ ਜਿਸ ਦਾ ਨਾਂ ਮੰਗੂ ਸੀ। ਫਿਰ ਪੁੱਛਿਆ ਕਿ ਕਦੋਂ ਵਾਪਸ ਜਾਣਾ ਹੈ। ਇਨ੍ਹਾਂ ਕਿਹਾ ਕਿ ਜੀ ਅੱਜ ਵਾਪਸ ਜਾਵਾਂਗੇ। ਬਚਨ ਹੋਇਆ "ਅੱਜ ਨਹੀਂ ਜਾ ਸਕਦੇ।" ਇਹ ਹੈਰਾਨ ਹੋ ਗਏ। ਜਦੋਂ ਘਰ ਜਾ ਕੇ ਜਾਣ ਦੀ ਤਿਆਰੀ ਕਰਨ ਲੱਗੇ ਤਾਂ ਬਾਰਸ਼ ਹੋ ਗਈ ਜਿਸ ਕਰਕੇ ਉਹ ਜਾ ਨਹੀਂ ਸਕੇ। ਜਦੋਂ ਦੁਬਾਰਾ ਦਰਸ਼ਨਾਂ ਵਾਸਤੇ ਆਏ ਤਾਂ ਬਾਬਾ ਜੀ ਕਹਿਣ ਲੱਗੇ "ਕਿਉਂ, ਗਏ ਕਿਉਂ ਨਹੀਂ?" ਇਸ ਤੋਂ ਬਾਅਦ ਜਾਣ ਲੱਗਿਆਂ ਆਗਿਆ ਮੰਗੀ ਤਾਂ ਫਿਰ ਬਾਬਾ ਜੀ ਨੇ ਬਚਨ ਕੀਤਾ ਕਿ ਜਦੋਂ ਪਿੰਡ ਵਿਚ ਕੋਈ ਬੀਮਾਰੀ ਪੈ ਜਾਏ ਤਾਂ ਸਭ ਕੰਨਿਆਂ ਨੂੰ ਭੋਜਨ ਛਕਾ ਦੇਣਾ ਸਭ ਦੁੱਖ ਦੂਰ ਹੋ ਜਾਣਗੇ।

# ਦੂਖ ਰੋਗ ਭਏ ਗਤੁ ਤਨ ਤੇ
# ਮਨ ਨਿਰਮਲੁ ਹਰਿ ਹਰਿ ਗੁਣ ਗਾਇ॥

**(ਅੰਗ ੩੭੩)**

ਸੇਵਕਾਂ ਦੀ ਮਹਾਂਪੁਰਖ ਕਿਵੇਂ ਰੱਖਿਆ ਕਰਦੇ ਹਨ। ਆਪਣਿਆਂ ਦੀ ਆਪ ਲਾਜ ਰੱਖਦੇ ਹਨ। ਭਾਈ ਅਰਜਨ ਸਿੰਘ ਰੂਮੀ ਰਹਿਣ ਸਮੇਂ ਬਾਬਾ ਜੀ ਦੇ ਰੂਮੀ ਤੋਂ ਭੁੱਚੋ ਆਉਣ ਸਮੇਂ ਵੀ ਸੇਵਾ ਕਰਦਾ ਰਹਿੰਦਾ ਸੀ ਅਤੇ ਅਰਜਨ ਸਿੰਘ ਦੇ ਘਰੋਂ ਮਾਈ ਹਰਿਨਾਮ ਕੌਰ ਵੀ ਸੇਵਾ ਕਰਦੀ ਹੁੰਦੀ ਸੀ। ਉਹ ਮਾਈ ਇਹ ਲਿਖਣ ਸਮੇਂ ਤੱਕ ਮੌਜੂਦ ਹੈ ਅਤੇ ਮਾਈ ਦੀ ਉਮਰ ਵੀ ਬਹੁਤ ਹੈ। ਇਕ ਵਾਰ ਅਰਜਨ ਸਿੰਘ ਬੀਮਾਰ ਹੋ ਗਿਆ ਉਸ ਦੇ ਘਰੋਂ ਮਾਈ ਹਰਿਨਾਮ ਕੌਰ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਘਰ ਵਿਚ ਇਹ ਹੀ ਬੰਦਾ ਹੈ ਅਤੇ ਉਹ ਬੀਮਾਰ ਹੈ। ਮੈਥੋਂ ਉਸ ਨੂੰ ਸੰਭਾਲਣਾ ਮੁਸ਼ਕਿਲ ਹੈ ਜੇ ਮੈਂ ਉਸ ਨੂੰ ਸੰਭਾਲਦੀ ਹਾਂ ਤਾਂ ਫਿਰ ਹਾਜ਼ਰ ਨਹੀਂ ਹੋ ਸਕਦੀ। ਮੈਂ ਨਹੀਂ ਚਾਹੁੰਦੀ ਕਿ ਸੇਵਾ ਵਿਚ ਗੈਰ ਹਾਜ਼ਰੀ ਲੱਗੇ। ਤੁਸੀਂ ਬਖਸ਼ਣਹਾਰ ਹੋ ਕ੍ਰਿਪਾ ਕਰੋ। ਉਹ ਵੀ ਸੇਵਾ ਕਰੇ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਕਿ "ਬੀਬੀ ਉਸਦੇ ਮੰਜੇ ਕੋਲ ਪਾਨੀ ਦਾ ਘੜਾ ਰੱਖ ਦੇਣਾ ਤੇ ਘੜੇ ਦੇ ਮੂੰਹ ਤੇ ਰੁਮਾਲ ਬੰਨ੍ਹ ਕੇ ਉਤੇ ਭਾਂਡਾ ਰੱਖ ਦੇਈਂ।" ਮਾਈ ਨੇ ਬਚਨ ਅਨੁਸਾਰ ਇਵੇਂ ਹੀ ਕੀਤਾ ਤੇ ਜਦੋਂ ਰਾਤ ਦਾ ਵੇਲਾ ਹੋਇਆ ਤਾਂ ਬਾਬਾ ਜੀ ਉਸ ਦੇ ਘਰ ਗਏ ਤੇ ਮੰਜੇ ਕੋਲ ਖੜ ਕੇ ਥਾਪੀ ਦੇ ਕੇ ਬਚਨ ਕੀਤਾ, "ਭਾਈ ਤੂੰ ਪਰਿਵਾਰ ਨੂੰ ਉਦਾਸ ਕਿਉਂ ਕੀਤਾ ਹੈ ਤਕੜਾ ਹੋ।" ਉਸ ਦੇ ਬਾਅਦ ਅਰਜਨ ਸਿੰਘ ਹੋਰੀਂ ਠੀਕ ਹੋ ਗਏ। ਉਪਰੰਤ ਬਾਬਾ ਜੀ ਨੇ ਮਾਈ ਹਰਿਨਾਮ ਕੌਰ ਨੂੰ ਕਿਹਾ "ਇਹ ਜੋ ਖਾਣ ਨੂੰ ਮੰਗੇ ਦੇ ਦੇਣਾ।" ਇਹ ਬਚਨ ਕਰਕੇ ਬਾਬਾ ਜੀ ਆਪਣੇ ਅਸਥਾਨ ਤੇ ਆ ਗਏ। ਅਰਜਨ ਸਿੰਘ ਨੇ ਖਾਣ ਨੂੰ ਲੱਡੂ ਮੰਗਿਆ ਅਤੇ ਮਾਈ ਨੇ ਦਿੱਤਾ।



ਉਪਰੰਤ ਅਰਜਨ ਸਿੰਘ ਤੰਦਰੁਸਤ ਹੋ ਗਿਆ। ਸੇਵਾ ਫਿਰ ਵੀ ਕਰਦੇ ਰਹੇ। ਇਕ ਦਿਨ ਅਰਜਨ ਸਿੰਘ ਬਾਬਾ ਜੀ ਦੀ ਸੇਵਾ ਵਿਚ ਹਾਜ਼ਰ ਸੀ। ਹਜ਼ੂਰ ਨੇ ਬਚਨ ਕੀਤਾ ਕਿ "ਤੂੰ ਅਸਾਡਾ ਸੇਵਕ ਬਣ ਜਾ, ਤੂੰ ਸਾਡਾ ਸੇਵਕ ਬਣ ਜਾ" ਇਉਂ ਤਿੰਨ ਵਾਰ ਬਚਨ ਕੀਤਾ, ਪ੍ਰੰਤੂ ਤਿੰਨ ਵਾਰ ਹੀ ਅਰਜਨ ਸਿੰਘ ਨੇ ਇਨਕਾਰ ਕੀਤਾ। ਕਿਹਾ ਕਿ ਮੈਂ ਘਰ ਵੀ ਇਕੱਲਾ ਹਾਂ, ਘਰ ਵਿਚ ਨਹੀਂ ਸਰਦਾ ਬਚਨ ਸਤਿ ਨਾ ਕਰ ਸਕਿਆ। ਸੇਵਾ ਕਰਦਾ ਰਿਹਾ। ਘਰ ਵੀ ਆਉਣਾ ਜਾਣਾ ਨਾ ਛੱਡਿਆ ਇਕ ਵਾਰ ਮਾਈ ਹਰਿਨਾਮ ਕੌਰ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਕਮਾਈ ਕਰਦੇ ਹਾਂ, ਬਰਕਤ ਨਹੀਂ ਪੈਂਦੀ। ਸੋਨੇ ਨੂੰ ਹੱਥ ਲਾਈਏ ਤਾਂ ਮਿੱਟੀ ਬਣ ਜਾਂਦਾ ਹੈ ਅਤੇ ਘਰ ਵਿਚ ਵਾਧਾ ਨਹੀਂ ਹੁੰਦਾ। ਤੁਸੀਂ ਹੀ ਕੋਈ ਕ੍ਰਿਪਾ ਕਰੋ। ਮਾਈ ਦੀ ਬੇਨਤੀ ਸੁਨਣ ਉਪਰੰਤ ਬਾਬਾ ਜੀ ਨੇ ਚਾਰ ਆਨੇ ਦਿੱਤੇ ਤੇ ਬਚਨ ਕੀਤਾ ਕਿ "ਤੁਹਾਡੀ ਆਈ ਚਲਾਈ ਚੱਲੀ ਜਾਏਗੀ" ਸੋ ਅੱਜ ਤੱਕ ਚਵਾਨੀ ਇਹਨਾਂ ਨੇ ਸੰਭਾਲ ਕੇ ਰੱਖੀ ਹੋਈ ਹੈ। ਉਪਰੰਤ ਕਿਸੇ ਸਮੇਂ ਮਾਈ ਦਾ ਪੁੱਤਰ ਹਰਨੇਕ ਸਿੰਘ ਚੋਰੀ ਚੁਆਨੀ ਚੁੱਕ ਕੇ ਲੈ ਗਿਆ ਤੇ ਉਸ ਚੁਆਨੀ ਦੀਆਂ ਬੀੜੀਆਂ ਪੀ ਗਿਆ।

ਸਮੇਂ ਅਨੁਸਾਰ ਜਿਸ ਹੱਥ ਨਾਲ ਉਸਨੇ ਚੁਆਨੀ ਚੁੱਕੀ ਓਹੀ ਬਾਂਹ ਵੱਢੀ ਗਈ। ਉਹ ਅੱਜ ਤੱਕ ਬੀੜੀਆਂ ਪੀਂਦਾ ਹੈ ਅਤੇ ਅਰਜਨ ਸਿੰਘ ਦੇ ਲੜਕੇ ਮੌਜੂਦਾ ਹਨ। ਇਹ ਬਚਨ ਮਾਈ ਹਰਿਨਾਮ ਕੌਰ ਨੇ ਲਿਖਾਇਆ।

# ਜੇਵਡੁ ਆਪਿ ਤੇਵਡ ਤੇਰੀ ਦਾਤਿ ॥

**(ਅੰਗ ੯)**

ਭੁੱਚੋ ਨਗਰ ਵਿਚ ਇਕ ਪ੍ਰੇਮੀ ਜਿਸਦਾ ਨਾਮ ਅਨੋਖ ਸਿੰਘ ਸੀ, ਇਸ ਦੇ ਘਰਵਾਲੀ ਦਾ ਨਾਮ ਮਾਈ ਰੱਤੋ ਸੀ। ਸੋ ਇਸ ਰੱਤੋ ਮਾਈ ਨੇ ਬਾਬਾ ਜੀ ਦੀ ਸੇਵਾ ਵੀ ਕਰਨੀ ਅਤੇ ਦਰਸ਼ਨ ਵੀ। ਇਕ ਵਾਰ ਮਾਈ ਨੇ ਬਾਬਾ ਜੀ ਨੂੰ ਪ੍ਰਸੰਨ ਬੈਠੇ ਵੇਖ ਕੇ ਬੜੀ ਨਿਮਰਤਾ ਨਾਲ ਚਰਨਾਂ ਵਿਚ ਬੈਠ ਕੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਤੇਰੇ ਘਰੋਂ ਕੋਈ ਖਾਲੀ ਨਹੀਂ ਮੁੜਿਆ ਤਾਂ ਹਜ਼ੂਰ

ਨੇ ਬਚਨ ਕੀਤਾ ਕਿ "ਮਾਈ ਕੀ ਮੰਗਦੀ ਹੈ" ਉੱਤਰ ਵਿਚ ਮਾਈ ਰੱਤੋ ਨੇ ਬੇਨਤੀ ਕੀਤੀ ਮਹਾਰਾਜ ਤੁਸੀਂ ਜਾਣੀ ਜਾਣ ਹੋ। ਅਸੀਂ ਗ੍ਰਿਹਸਤੀ ਕੰਮ ਕਾਰ ਵਾਲੇ ਮੋਹ ਮਾਇਆ ਵਿਚ ਫਸੇ ਹੋਏ ਹਾਂ। ਸਾਡੇ ਕੋਲ ਕੋਈ ਬੱਚਾ ਨਹੀਂ ਹੈ, ਉੱਤਰ ਵਿਚ ਬਾਬਾ ਜੀ ਨੇ ਬਚਨ ਕੀਤਾ ਮਾਈ ਬੱਚੇ ਦਾ ਫਿਕਰ ਕਰਦੀ ਹੈ ਬੱਚਿਆਂ ਦੀ ਪਲਟਨ ਆਉਗੀ। ਉਸ ਤੋਂ ਉਪਰੰਤ ਸਮੇਂ ਸਮੇਂ ਅਨੁਸਾਰ ਮਾਈ ਦੇ ਘਰ ਛੇ ਬੱਚੇ ਹੋਏ। ਨਿਧਾਨ ਸਿੰਘ, ਮੱਲ ਸਿੰਘ, ਭਾਗ ਸਿੰਘ, ਅਰਜਨ ਸਿੰਘ, ਸਰਬਣ ਸਿੰਘ, ਬਖ਼ਸ਼ੀ ਸਿੰਘ। ਉਪਰੰਤ ਮਾਈ ਨੇ ਸੇਵਾ ਨਹੀਂ ਤਿਆਗੀ। ਨੇਮ ਨਾਲ ਸੇਵਾ ਕਰਦੀ ਰਹੀ। ਨਾਲ ਨੂੰਹਾਂ ਨੂੰ ਵੀ ਸੇਵਾ ਵਿਚ ਲੈ ਕੇ ਆਉਂਦੀ ਅਤੇ ਤਾਕੀਦ ਕਰਦੀ ਮੈਨੂੰ ਇਥੋਂ ਹੀ ਭਾਗ ਲੱਗੇ ਹਨ। ਤੁਹਾਨੂੰ ਵੀ ਇਥੋਂ ਹੀ ਸਭ ਕੁਝ ਮਿਲੇਗਾ। ਦੋ ਨੂੰਹਾਂ ਪੰਜਾਬ ਕੌਰ ਤੇ ਬਚਨ ਕੌਰ ਨੂੰ ਵੀ ਬਾਬਾ ਜੀ ਨੇ ਬਚਨ ਕੀਤਾ "ਗੱਫੇ ਮਿਲ ਜਾਣਗੇ, ਸੇਵਾ ਨਾ ਛੱਡਿਓ।" ਫਿਰ ਮਗਰੋਂ ਮਾਈ ਰਤੋਂ ਦੀ ਨੂੰਹ ਪੰਜਾਬ ਕੌਰ ਦੇ ਦੋ ਲੜਕੇ ਹੋਏ ਅਤੇ ਦੋ ਲੜਕੀਆਂ ਹੋਈਆਂ ਉਪਰੰਤ ਬਚਨ ਕੌਰ ਦੇ ਦੋ ਲੜਕੇ ਤੇ ਦੋ ਲੜਕੀਆਂ। ਦੋ ਲੜਕੇ ਧਰਮ ਸਿੰਘ ਅਤੇ ਕਰਮ ਸਿੰਘ ਹੋਏ ਇਨ੍ਹਾਂ ਨੂੰ ਹੁਕਮ ਸੀ ਹੋਰ ਕਿਤੇ ਜਾਣਾ ਨਹੀਂ। ਵਹਿਮਾਂ ਭਰਮਾਂ ਵਿਚ ਨਹੀਂ ਪੈਣਾ।

**(ਇਹ ਬਚਨ ਮਾਈ ਰੱਤੋ ਦੇ ਪੋਤਰੇ ਧਰਮ ਸਿੰਘ ਨੇ ਲਿਖਾਏ)**

# ਕਿਆ ਵੇਚਾਰਾ ਜੰਤੁ ਜਾ ਆਪਿ ਭੁਲਾਇਆ ॥

**(ਅੰਗ ੭੦੭)**

ਇੱਕ ਸੇਵਕ ਭੁੱਚੋ ਨਗਰ ਦੇ ਰਹਿਣ ਵਾਲਾ ਕਦੇ ਕਦੇ ਸੇਵਾ ਵੀ ਕਰ ਜਾਂਦਾ ਹੁੰਦਾ ਸੀ। ਸੰਗਤ ਵਿਚ ਲੰਗਰ ਵਰਤਦਾ ਹੁੰਦਾ ਸੀ ਕਈ ਵਾਰ ਲੰਗਰ ਵਰਤਦੇ ਤੋਂ ਹੋਰ ਸੰਗਤ ਆ ਜਾਂਦੀ ਸੇਵਕ ਨੇ ਹੁਕਮ ਅਨੁਸਾਰ ਬਾਬਾ ਜੀ ਪਾਸ ਬੇਨਤੀ ਕੀਤੀ ਤੇ ਅੱਗੋਂ ਬਾਬਾ ਜੀ ਨੇ ਮਰਿਆਦਾ ਕਰਵਾ ਕੇ ਬਚਨ ਕਰਨਾ "ਸ਼ੁੱਧ ਹੈ।" ਫਿਰ ਓਹੀ ਲੰਗਰ ਜਿਹੜਾ ਕਿ ਉਸ ਸਮੇਂ ਵੇਖਣ ਵਿਚ



ਥੋੜ੍ਹਾ ਲੱਗਦਾ ਅਤੇ ਅਤੁੱਟ ਵਰਤਦਾ ਸੀ। ਇਹ ਹੁਕਮ ਅਨੁਸਾਰ ਹੀ ਹੁੰਦਾ ਸੀ ਹਮੇਸ਼ਾਂ ਦਾ ਕੰਮ ਸੀ, ਪਰ ਨਵੀਂ ਸੰਗਤ ਆਈ ਤੇ ਹੋਰ ਤਿਆਰ ਨਹੀਂ ਸੀ ਕਰਦੇ "ਭਰੇ ਭੰਡਾਰ ਅਤੁਟ ਅਤੋਲ" ਦੇ ਪ੍ਰਤੱਖ ਨਜ਼ਾਰੇ ਦਿੱਸਦੇ ਸਨ। ਕਈ ਵਾਰ ਧੰਨਾ ਭਗਤ ਕਦੇ ਕਦੇ ਭਰਮ ਵਿਚ ਪੈ ਜਾਂਦਾ ਸੀ। ਇਸਨੇ ਲੰਗਰ ਥੋੜ੍ਹਾ ਅਤੇ ਸੰਗਤ ਬਹੁਤੀ ਵੇਖ ਕੇ ਦਾਲ ਪ੍ਰਸ਼ਾਦੇ ਅੱਡ ਲੁਕੋ ਕੇ ਰੱਖ ਲੈਣੇ। ਅੰਤਰਯਾਮੀ ਬਾਬਾ ਜੀ ਸਭ ਜਾਣਦੇ ਉਸਦੇ ਰਖੇ ਹੋਏ ਦਾਲ ਪ੍ਰਸ਼ਾਦੇ ਕਢਾਕੇ ਵਿਚ ਰਖਾ ਕੇ ਬਚਨ ਕਹਿਣਾ "ਭਾਈ ਇਹ ਘਰ ਗੁਰੂ ਨਾਨਕ ਦਾ ਹੈ। ਇਥੇ ਤੋਟ ਨਾ ਆਏਗੀ। ਤੂੰ ਆਪਣੇ ਇਕੱਲੇ ਢਿੱਡ ਦਾ ਫ਼ਿਕਰ ਨਾ ਕਰਿਆ ਕਰ।" ਪ੍ਰੰਤੂ ਧੰਨਾ ਭਗਤ ਸਭ ਕੁਝ ਵੇਖਕੇ ਸੁਣ ਕੇ ਵੀ ਭੁੱਲ ਜਾਂਦਾ। ਉਸਨੇ ਫੇਰ ਉਹੀ ਗੱਲ ਕਰਨੀ ਵੇਖ ਕੇ ਬਾਬਾ ਜੀ ਨੇ ਹੱਸ ਪੈਣਾ ਗੁਰ ਵਾਕ ਹੈ, "ਕਿਆ ਵੇਚਾਰਾ ਜੰਤ ਜਾ ਆਪਿ ਭੁਲਾਇਆ" ਇਹ ਕਰਮ ਕਿਤਨੀ ਦੇਰ ਲਗਾਤਾਰ ਚਲਦਾ ਰਿਹਾ। ਇਕ ਵਾਰ ਇਹੀ ਧੰਨਾ ਭਗਤ ਇਸ ਨੂੰ ਬਾਬਾ ਜੀ ਨੇ ਪਹਿਰੇ ਪੈਣ ਦਾ ਹੁਕਮ ਕੀਤਾ "ਕਿ ਤੂੰ ਸੌਣਾ ਨਹੀਂ। ਸਾਡੇ ਟਿੱਲੇ ਦੇ ਨਾਲ ਆਪਣਾ ਹੱਥ ਜਾਂ ਸਰੀਰ ਦਾ ਕੋਈ ਹਿੱਸਾ ਲਾ ਕੇ ਬੈਠੇ ਰਹਿਣਾ ਹੈ ਤੇ ਅਸੀਂ ਬਾਹਰ ਨੂੰ ਜਾ ਰਹੇ ਹਾਂ।" ਉਪਰੰਤ ਧੰਨਾ ਸਿੰਘ ਬੈਠਾ ਰਿਹਾ। ਜਿਸ ਵਕਤ ਅੱਧੀ ਰਾਤ ਦੇ ਕਰੀਬ ਬਾਬਾ ਜੀ ਬਾਹਰੋਂ ਆਏ ਪੁੱਛਿਆ ਕਿਉਂ ਧੰਨਾ ਸਿੰਘ, ਜਾਗਦਾ ਹੈਂ? ਜੀ ਹਾਂ। "ਕਿ ਤੂੰ ਕੀ ਵੇਖਿਆ?" ਉਸਨੇ ਦੱਸਿਆ ਜੀ ਨਗਰ ਵੱਲ ਮੇਰੀ ਭੈਣ ਖੜੀ ਵੇਖੀ ਜਿਹੜੀ ਆਪਣੇ ਹੱਥ ਤੇ ਦੰਦੀਆਂ ਵੱਢੀ ਜਾਂਦੀ ਸੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ ਕਿ "ਇਹ ਤੁਹਾਨੂੰ ਕੁਝ ਨਾ ਆਖੇਗੀ ਅੱਗੇ ਤੋਂ ਇਹ ਆਪਣਾ ਆਪ ਹੀ ਖਾਏਗੀ।" ਧੰਨਾ ਭਗਤ ਨੂੰ ਕਦੇ ਟਿੱਲੇ ਉਪਰ ਆਪਣੇ ਕੋਲ ਪਾ ਲੈਣਾ ਕਈ ਤਰ੍ਹਾਂ ਦੇ ਬਚਨ ਕਰਦੇ ਇਸ ਨਾਲ। ਪਰ ਸਾਰੇ ਹੀ ਧੰਨੇ ਭਗਤ ਦੀ ਸਮਝ ਤੋਂ ਬਾਹਰ ਹੀ ਸਨ ਜੋ ਕਿ ਕਹਿਣ ਅਤੇ ਲਿਖਣ ਵਿਚ ਨਹੀਂ ਆਏ।

ਇਸ ਤਰ੍ਹਾਂ ਸਮਾਂ ਲੰਘਦਾ ਗਿਆ। ਉਪਰੰਤ ਇਕ ਸਮਾਂ ਉਹ ਆ ਹੀ ਗਿਆ ਜਿਵੇਂ ਸਕੂਲ ਦੇ ਵਿਦਿਆਰਥੀ ਦਾ ਇਮਤਿਹਾਨ ਹੁੰਦਾ ਹੈ। ਇਮਤਿਹਾਨ ਬਗੈਰ ਪਾਸ ਨਹੀਂ ਹੋ ਸਕਦਾ ਅਤੇ ਪਾਸ ਹੋਏ ਬਗੈਰ ਪ੍ਰਮਾਰਥ

ਦੀ ਮੰਜ਼ਲ ਤੇ ਚੜ੍ਹਾਈ ਨਹੀਂ ਹੋ ਸਕਦੀ। ਇਹ ਮਰਿਆਦਾ ਧੁਰ ਤੋਂ ਹੀ ਚੱਲੀ ਆਈ ਹੈ ਇਸ ਸਮੇਂ ਰਿਆਇਤ ਵੀ ਨਹੀਂ ਹੋ ਸਕਦੀ। ਹਜ਼ੂਰ ਨੇ ਇਕ ਦਿਨ ਬਚਨ ਕੀਤਾ ਕਿ "ਤੈਨੂੰ ਕਿਹਾ ਜਿਹਾ ਸਾਧੂ ਬਣਾਈਏ। ਜੈਸਾ ਚਾਹੇਂਗਾ ਤੈਸਾ ਹੀ ਬਣ ਜਾਏਂਗਾ, ਸੰਨਿਆਸੀ, ਬੈਰਾਗੀ, ਉਦਾਸੀ, ਜੋਗੀ, ਰਿਖੀ, ਮੁੰਨੀ, ਸਿੱਧ, ਨਾਥ ਕਿ ਪੀਰ? ਤੂੰ ਗ੍ਰਿਹਿਸਤੀ ਵੀ ਬਣ ਸਕਦਾ ਹੈਂ।" ਇਸ ਸਮੇਂ ਧੰਨਾ ਭਗਤ ਰਮਜ਼ ਨਾ ਸਮਝ ਸਕਿਆ, ਐਸੇ ਸਮੇਂ ਲਈ ਬਾਬਾ ਅਨੰਦ ਸਿੰਘ ਜੀ ਸੰਗਤ ਵਿਚ ਬਚਨ ਕਰਿਆ ਕਰਦੇ ਸਨ। ਜੇ ਕਿਸੇ ਸਮੇਂ ਕੋਈ ਰਮਜ਼ ਦੀ ਸਮਝ ਨਾ ਆਵੇ ਤਾਂ ਚੁੱਪ ਰਹਿਣਾ ਹੀ ਭਲਾ ਹੈ। ਕੋਈ ਸਮਾਂ ਫਿਰ ਵੀ ਮਿਲ ਸਕਦਾ ਹੈ। ਜੇ ਸਮਝ ਵੀ ਨਾ ਆਵੇ ਤਾਂ ਬੋਲੇ ਤਾਂ ਭੀ ਠੀਕ ਨਹੀਂ। ਸ੍ਰੀ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਆਪ ਸਰੀਰ ਦੇ ਹੁੰਦਿਆਂ ਕਿਸੇ ਵੀ ਬਾਹਰਲੇ ਭੇਖ ਵਿਚ ਨਹੀਂ ਬੱਝੇ। ਬਹੁਤ ਹੀ ਸਧਾਰਨ ਕ੍ਰਿਆ ਰੱਖੀ। ਉਪਰੰਤ ਬਾਣੀ ਵਿਚ ਅਸਲੀ ਜੋ ਗ੍ਰਿਹਿਸਤੀ ਦਾ ਲਛਣ ਇਉਂ ਵਰਨਣ ਕੀਤਾ ਹੈ, ਸੋ ਗਿਰਹੀ ਜੋ ਨਿਗ੍ਰਹੁ ਕਰੈ॥ ਜਪੁ ਤਪੁ ਸੰਜਮੁ ਭੀਖਿਆ ਕਰੈ। ਪੁੰਨ ਦਾਨ ਕਾ ਕਰੇ ਸਰੀਰੁ॥ ਸੋ ਗਿਰਹੀ ਗੰਗਾ ਕਾ ਨੀਰੁ॥

**ਅੰਗ ੯੫੨**

ਸਾਰਿਆਂ ਭੇਖਾਂ ਦੇ ਅੰਤਰੀਵ ਸਰੂਪ ਸਾਹਿਬ ਨੇ ਵਰਨਣ ਕੀਤੇ ਹਨ। ਕਿਸੇ ਵੀ ਬਾਹਰਲੇ ਚਿੰਨ੍ਹ ਨੂੰ ਸਾਹਿਬ ਨੇ ਬਾਣੀ ਵਿਚ ਪ੍ਰਧਾਨਗੀ ਨਹੀਂ ਦਿੱਤੀ।

ਮਾਰੂ ਰਾਗ ਵਿਚ ਸਤਿਗੁਰੂ ਨਾਨਕ ਪਾਤਸ਼ਾਹ ਫੁਰਮਾਨ ਕਰਦੇ ਹਨ :

**ਸੋ ਸੰਨਿਆਸੀ ਜੋ ਸਤਿਗੁਰ ਸੇਵੈ ਵਿਚਹੁ ਆਪੁ ਗਵਾਏ ॥**
**ਛਾਦਨ ਭੋਜਨ ਕੀ ਆਸ ਨ ਕਰਈ ਅਚਿੰਤੁ ਮਿਲੈ ਸੋ ਪਾਏ ॥**
**ਬਕੈ ਨ ਬੋਲੈ ਖਿਮਾ ਧਨੁ ਸੰਗ੍ਰਹੈ ਤਾਮਸੁ ਨਾਮਿ ਜਲਾਏ ॥**
**ਧਨੁ ਗਿਰਹੀ ਸੰਨਿਆਸੀ ਜੋਗੀ ਜਿ ਹਰਿ ਚਰਣੀ ਚਿਤੁ ਲਾਏ ॥੭॥**

## ੨.

**ਆਸ ਨਿਰਾਸ ਰਹੈ ਸੰਨਿਆਸੀ ਏਕਸੁ ਸਿਉ ਲਿਵ ਲਾਏ ॥**
**ਹਰਿ ਰਸੁ ਪੀਵੈ ਤਾ ਸਾਂਤਿ ਆਵੈ ਨਿਜ ਘਰਿ ਤਾੜੀ ਲਾਏ ॥**



**ਮਨੂਆ ਨ ਡੋਲੈ ਗੁਰਮੁਖਿ ਬੂਝੈ ਧਾਵਤੁ ਵਰਜਿ ਰਹਾਏ ॥**
**ਗ੍ਰਿਹੁ ਸਰੀਰੁ ਗੁਰਮਤੀ ਖੋਜੇ ਨਾਮੁ ਪਦਾਰਥੁ ਪਾਏ ॥੮॥**

**ਅੰਗ ੧੦੧੩**

ਅਖੀਰ ਤੇ ਧੰਨਾ ਭਗਤ ਆਪ ਦੇ ਆਪ ਬੋਲ ਹੀ ਪਿਆ ਜੀ ਮੈਂ ਫਿਰ ਤੁਰ ਕੇ ਮੇਲਾ ਵੇਖਿਆ ਕਰਾਂ। ਉਪਰੰਤ ਹਜ਼ੂਰ ਨੇ ਬਚਨ ਕੀਤਾ ਜੇ ਤੇਰੀ ਮਰਜ਼ੀ ਇਵੇਂ ਹੀ ਹੈ ਤਾਂ ਵੇਖ ਲੇ। ਨੌਂ ਕੋਹ ਵਾਟ ਕਰਕੇ ਹੀ ਤੈਨੂੰ ਰੋਟੀ ਮਿਲਿਆ ਕਰੇਗੀ ਸ਼ੁਧ ਹੈ। ਨੌ ਦੁਆਰੇ ਹਨ ਨਾ। ਜਿਵੇਂ ਬਾਣੀ ਵਿਚ ਸਾਹਿਬ ਨੇ ਬਚਨ ਕੀਤਾ ਹੈ।

ਨਉ ਦੁਆਰੇ ਪ੍ਰਗਟ ਕੀਏ ਦਸਵਾ ਗੁਪਤ ਰਖਾਇਆ ਨੌਂ ਦਰਵਾਜ਼ੇ ਦੁਆਰਾ ਮਨ ਨੇ ਭਟਕਣਾ ਬੇਅੰਤ ਕੀਤੀ।

ਬਾਬਾ ਜੀ ਦੇ ਬਚਨ ਅਨੁਸਾਰ ਉਸ ਨੇ ਕਦੇ ਵੀ ਦੋ ਰਾਤਾਂ ਇਕੱਠੀਆਂ ਕਿਤੇ ਨਹੀਂ ਕੱਟੀਆਂ ਸਨ।

# ਨੇੜੈ ਦਿਸੈ ਮਾਤ ਲੋਕ ਤੁਧੁ ਸੁਝੈ ਦੂਰੁ॥

**(ਅੰਗ ੯੬੭)**

## ੧.

ਜਿਸ ਤਰ੍ਹਾਂ ਪਿੱਛੇ ਜ਼ਿਕਰ ਆਇਆ ਹੈ। ਹਰ ਇੱਕ ਆਉਣ ਵਾਲੇ ਨਵੇਂ ਯਾਤਰੂ ਦੇ ਬਾਬਾ ਜੀ ਗੋਤ, ਜਾਤ, ਨਾਨਕੇ, ਦਾਦਕੇ, ਸਹੁਰੇ, ਆਂਢੀ, ਗੁਆਂਢੀਆਂ ਦੇ ਨਾਮ ਵੀ ਪੁਛ ਕੇ ਲਿਖਦੇ ਸਨ ਅਤੇ ਉਹ ਰਜਿਸਟਰ ਕਈ ਬੋਰੀਆਂ ਵਿਚ ਭਰੇ ਹੋਏ ਅਜੇ ਤੱਕ ਉਵੇਂ ਹੀ ਪਏ ਹਨ। ਸੰਤ ਨਰੈਣ ਸਿੰਘ ਜੀ ਮੈਹਿਣਿਆਂ ਵਾਲੇ ਅਤੇ ਸੰਤ ਈਸ਼ਰ ਸਿੰਘ ਜੀ ਰੋੜੀ ਢੰਡਾਲ ਵਾਲੇ ਅਤੇ ਤੀਸਰੇ ਸੰਤ ਖੇਮ ਸਿੰਘ ਜੀ ਹੁਕਮ ਅਨੁਸਾਰ ਕਿਸੇ ਨੇ ਵੀ ਅੱਜ ਤੱਕ ਉਨ੍ਹਾਂ ਨੂੰ ਛੇੜਿਆ ਨਹੀਂ। ਵੱਡਿਆਂ ਦਾ ਹੁਕਮ ਵੀ ਨਹੀਂ ਹੈ ਇਕ ਵਾਰ ਇਕ ਪ੍ਰੇਮੀ ਨੇ ਨਾਮ ਲਿਖਵਾਉਣ ਦਾ ਕਾਰਨ ਵੀ ਪੁੱਛਿਆ ਤਾਂ ਤੁਰੰਤ ਹੀ ਬਾਬਾ ਜੀ ਨੇ ਬਚਨ ਕੀਤਾ ਕਿ ਜਦੋਂ 96 ਕਰੋੜ ਨਾਮ ਹੋ ਗਏ ਜਾਂ ਅੱਖਰ ਲਿਖੇ ਗਏ ਅਸੀਂ ਉਦੋਂ ਸਰੀਰ ਛੱਡਾਂਗੇ ਅਤੇ ਫਿਰ ਅਜੇ ਅਸੀਂ ਦਰਗਾਹ ਨੂੰ ਨਹੀਂ ਜਾਣਾ।

ਸੌ ਸਾਲ ਤੱਕ ਪੁਰੀਆਂ ਦੀ ਸੈਰ ਕਰਾਂਗੇ ਉਸ ਤੋਂ ਬਾਅਦ ਗਜ਼ਨੀ ਸ਼ਹਿਰ ਵਿਚ ਰੰਘੜ ਦੇ ਘਰ ਜਨਮ ਲਵਾਂਗੇ ਤੇ ਜਿਨ੍ਹਾਂ ਦੇ ਨਾਮ ਲਿਖਵਾ ਰਹੇ ਹਾਂ ਇਹ ਸਾਰੇ ਜਨਮ ਲੈ ਕੇ ਅਸਾਡੇ ਨਾਲ ਹੋਣਗੇ ਅਤੇ ਫਿਰ ਅੰਮ੍ਰਿਤਸਰ ਸਾਹਿਬ ਆਵਾਂਗੇ। ਉਥੇ ਬੜਾ ਭਾਰੀ ਜੰਗ ਹੋਵੇਗਾ। ਜੰਗ ਜਿਤਕੇ ਫਿਰ ਗੁਰੂ ਕੀ ਨਗਰੀ ਵਿੱਚ ਅੰਮ੍ਰਿਤ ਪਾਨ ਕਰਾਂਗੇ। ਉਥੇ ਗੁਰ ਮਰਿਆਦਾ ਸੰਪੂਰਨ ਕਰਕੇ ਮਲੇਛਾ ਦਾ ਕਬਜ਼ਾ ਤੋੜ ਕੇ ਫਿਰ ਆਪਣੇ ਅਸਥਾਨ ਉੱਤੇ ਆਵਾਂਗੇ। ਇਥੇ ਅਸਾਡੀ ਤਿੰਨ ਮੰਜ਼ਲੀ ਕੋਠੀ ਬਣੀ ਹੋਵੇਗੀ। ਅਸਾਨੂੰ ਕਿਸੇ ਸਿਆਨਣਾ ਨਹੀਂ। ਬਸ ਰਾਜਾ ਹੀ ਸਮਝਣਗੇ। ਇਥੇ ਬੈਠ ਕੇ ਸਭ ਕਾਰੋਬਾਰ ਚੱਲੇਗਾ ਰਾਜ ਭਾਗ ਧਰਮ ਦਾ ਹੋਵੇਗਾ ਅੰਮ੍ਰਿਤਸਰ ਤੋਂ ਘੋੜੇ ਤੇ ਚੜ੍ਹ ਕੇ ਹੀ ਆਵਾਂਗੇ, ਇਸ ਨਾਲ ਦੇ ਭਵਿੱਖਤ ਬਚਨ ਛੇਵੇਂ ਹਿੱਸੇ ਵਿਚ ਵੀ ਆਏ ਹਨ। ਕੁਝ ਸਮੇਂ ਪ੍ਰਸੰਗ ਅਨੁਸਾਰ ਦਰਜ ਕੀਤੇ ਹਨ। ਇਹ ਉਪਰ ਲਿਖੇ ਹੋਏ ਬਚਨ ਭਾਗੀ ਬਾਂਦਰ ਵਾਲੇ ਭਾਈ ਸ਼ੇਰ ਸਿੰਘ ਜਿਸਨੂੰ ਹਜ਼ੂਰ ਕੋਡਾ ਰਾਕਸ਼ ਕਿਹਾ ਕਰਦੇ ਸਨ। ਇਕ ਵਾਰ ਮੋਗੇ ਤੋਂ ਸੰਗਤ ਦਰਸ਼ਨ ਕਰਨ ਆਈ ਅਤੇ ਭਾਗੀ ਬਾਂਦਰ ਵਾਲੇ ਸਿੰਘ ਨੂੰ ਬਾਬਾ ਜੀ ਨੇ ਅੰਦਰੋਂ ਆਪਣਾ ਰਜਿਸਟਰ ਲੈ ਆਉਣ ਦਾ ਹੁਕਮ ਕੀਤਾ। ਇਸਨੇ ਰਜਿਸਟਰ ਤਾਂ ਲੈ ਆਂਦਾ। ਉਪਰੰਤ ਉਸਨੇ ਨਾਮ ਲਿਖਣ ਦਾ ਕਾਰਨ ਪੁੱਛਿਆ। ਉਸ ਸਮੇਂ ਉਸ ਨਾਲ ਇਹ ਬਚਨ ਹੋਏ।

**(ਇਹ ਬਚਨ ਮਲੂਕੇ ਸੰਤ ਸ੍ਰੀ ਰਾਮ ਸਿੰਘ ਜੀ ਦੇ ਸੇਵਕ ਸੰਤ ਬਚਿਤ੍ਰ ਸਿੰਘ ਜੀ ਰਾਹੀਂ ਮਿਲਿਆ ਹੈ।)**

## ੨.

ਇਹ ਧਨ ਸਿਉਂ ਖਾਨੇ ਦਾ ਸਰਦਾਰ ਜਿਸਦਾ ਨਾਮ ਜਿਊਣ ਸਿੰਘ ਸੀ ਬਾਬਾ ਜੀ ਪਾਸ ਆਉਂਦਾ ਹੁੰਦਾ ਸੀ। ਉਸਨੇ ਇਕ ਵਾਰ ਬੇਨਤੀ ਕੀਤੀ ਕਿ ਮਹਾਰਾਜ ਪਟਿਆਲੇ ਵਾਲਾ ਮਹਾਰਾਜਾ ਮੇਰੀ ਭਾਣਜੀ ਦਾ ਰਿਸਤਾ ਨਹੀਂ ਲੈਂਦਾ। ਜੇ ਆਪ ਦੀ ਕ੍ਰਿਪਾ ਹੋਵੇ ਤਾਂ ਮੇਰੀ ਇਹ ਮੰਗ ਪੂਰੀ ਕਰ ਦਿਓ। ਅੱਗੋਂ ਸ੍ਰੀ ਮਹਾਂ ਹਰਿਨਾਮ ਸਿੰਘ ਜੀ ਨੇ ਉੱਤਰ ਦਿੱਤਾ "ਸਾਂਈ ਲੋਕਾਂ, ਸਾਨੂੰ ਇਨ੍ਹਾਂ ਗੱਲਾਂ ਨਾਲ ਕੀ ਕੋਈ ਲਵੇ ਨਾ ਲਵੇ। ਤੂੰ ਕੋਈ ਹੋਰ ਕੁਝ ਮੰਗ" ਪ੍ਰੰਤੂ ਸ. ਜਿਉਣ ਸਿੰਘ ਆਪਣੀ ਇਸੇ ਗੱਲ ਤੇ ਅੜਿਆ ਰਿਹਾ। ਹਜ਼ੂਰ ਹਰ ਵੇਲੇ ਇਸਨੂੰ ਟਾਲਦੇ ਰਹੇ। ਅਖੀਰ ਤੇ ਬਾਬਾ ਜੀ ਨੇ ਬਚਨ ਕੀਤਾ। ਰਾਜਿਆਂ ਨਾਲ



ਰਿਸ਼ਤੇ ਪਾ ਕੇ ਕਿਸੇ ਨੇ ਸੁੱਖ ਨਹੀਂ ਵੇਖਿਆ। ਇਹ ਸਰਦਾਰ ਇਸ ਇਸ਼ਾਰੇ ਨੂੰ ਸਮਝ ਨਾ ਸਕਿਆ।

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ ॥**

**ਅੰਗ ੬੪੭**

ਮਹਾਂਪੁਰਖਾਂ ਦੀ ਚੁੱਪ ਵਿਚ ਵੀ ਕੋਈ ਰਾਜ ਹੁੰਦਾ ਹੈ ਅਤੇ ਬੋਲਣ ਵਿਚ ਵੀ। ਜਿਸ ਤਰ੍ਹਾਂ ਬਾਣੀ ਵਿਚ ਫੁਰਮਾਨ ਹੈ।

**ਸਗਲ ਸ੍ਰਿਸਟਿ ਕੋ ਰਾਜਾ ਦੁਖੀਆ ॥**

ਰਾਜਾ ਦੁਖੀ ਕਿਸ ਤਰ੍ਹਾਂ ਹੈ।

**ਹਰਿ ਕਾ ਨਾਮੁ ਜਪਤ ਹੋਇ ਸੁਖੀਆ ॥**

ਨਾਮ ਜਪਣ ਵਾਲਾ ਸੁਖੀ ਕਿਵੇਂ ਹੈ।

**ਗਉੜੀ : ਮ: ੫ ਅੰਗ ੨੬੪**

ਦੁਨਿਆਵੀਂ ਬੰਦਾ ਦਾ ਰਾਜ ਭਾਗ ਐਸ਼ਵਰਸ਼ ਦੇਖ ਕੇ ਹੈਰਾਨ ਹੁੰਦਾ ਤੇ ਸਮਝਦਾ ਹੈ ਸਭ ਸੁਖ ਇਥੇ ਹੀ ਹਨ। ਦੂਜੇ ਪਾਸੇ ਨਾਮ ਜਪਣ ਵਾਲਿਆਂ ਦੀ ਸਰੀਰਕ ਹਾਲਤ ਵੇਖ ਕੇ ਸੋਚਦਾ ਹੈ ਕਿ ਜਿਸ ਤਰ੍ਹਾਂ ਦਸਵੇਂ ਪਾਤਸ਼ਾਹ ਵੀ ਫੁਰਮਾਉਂਦੇ ਹਨ।

**ਦੋਹਰਾ**

**ਸੁਨ ਭੂਪਤ ਥਾ ਜਗਤ ਮੈਂ ਦੁਖੀ ਰਹਿਤ ਹੈ ਸੰਤ।**
**ਅੰਤ ਲਹਿਤ ਹੈ ਮੁਕਤ ਫਲ ਪਾਵਤ ਹੈ ਭਗਵੰਤ॥**

**ਸ੍ਰੀ ਦਸਮ ਗ੍ਰੰਥ ਸਾਹਿਬ**

ਫਿਰ ਹਜ਼ੂਰ ਨੇ ਬਚਨ ਕੀਤਾ ਕਿ ਜੇ ਤੂੰ ਨਹੀਂ ਰਹਿ ਸਕਦਾ ਤਾਂ ਫਿਰ ਕੋਲ ਸੱਦ ਕੇ ਗੁਪਤ ਰੂਪ ਵਿਚ ਬਚਨ ਕੀਤਾ ਤੇ ਇਸ ਗੱਲ ਤੇ ਖੁਸ਼ ਹੋ ਗਿਆ ਅਤੇ ਬਾਬਾ ਜੀ ਦੇ ਅੰਤਰੀਵ ਭਾਵ ਪਹਿਲਾਂ ਨਾਂਹ ਕਿਉਂ ਹੋਈ ਨਾ ਸਮਝ ਸਕਿਆ। ਉਪਰੰਤ ਘਰ ਚਲਾ ਗਿਆ ਅਤੇ ਰਾਜੇ ਪਾਸ ਪਟਿਆਲੇ ਜਾ ਕੇ ਫਿਰ ਰਿਸ਼ਤੇ ਬਾਰੇ ਅਰਜ਼ ਕੀਤੀ ਤੇ ਉਹ ਮੰਨ ਗਿਆ। ਰਿਸ਼ਤਾ ਵੀ ਹੋ ਗਿਆ ਮਹਾਰਾਜਾ ਘਰ ਆ ਕੇ ਵਿਆਹ ਕੇ ਵੀ ਲੈ ਗਿਆ। ਪਰ ਉਹ ਭਾਣਾ ਵਰਤ ਗਇਆ ਜੋ ਬਾਬਾ ਜੀ ਨੇ ਬਚਨ ਕੀਤੇ ਸਨ। ਕੁਝ ਹੀ ਦਿਨਾਂ ਉਪਰੰਤ ਬਾਬਾ ਜੀ ਦੇ ਬਚਨ ਅਨੁਸਾਰ ਸੇਵਾਦਾਰ ਨੇ ਜਾ ਕੇ ਸਰਦਾਰ ਨੂੰ ਦੱਸਿਆ ਕਿ ਤੈਨੂੰ

ਬਾਬਾ ਜੀ ਯਾਦ ਕਰਦੇ ਹਨ। ਹੁਣ ਸਰਦਾਰ ਨੇ ਟਾਲ-ਮਟੋਲ ਕਰਨ ਦੀ ਕੋਸ਼ਿਸ ਕੀਤੀ। ਕਦੇ ਆਖੇ ਮੈਂ ਫਿਰ ਆਵਾਂਗਾ ਅਜੇ ਮੇਰੇ ਕੋਲ ਟਾਈਮ ਨਹੀਂ। ਆਖਿਰ ਸਰਦਾਰ ਨੇ ਇਉਂ ਕਹਿਕੇ ਸੇਵਕ ਨੂੰ ਮੋੜ ਦਿੱਤਾ। ਸਾਧ ਕੀ ਕਰ ਲਵੇਗਾ ਸਾਡੀ ਭਾਣਜੀ ਰਾਜਾ ਵਿਆਹ ਕੇ ਲੈ ਗਿਆ। ਬਸ ਗੱਲ ਨਿੱਬੜ ਗਈ।

ਸੇਵਾਦਾਰ ਨੇ ਇਹੀ ਬਚਨ ਜਿਸ ਤਰ੍ਹਾਂ ਕਿਹਾ ਆ ਬਾਬਾ ਜੀ ਕੋਲ ਸੁਣਾਇਆ। ਸੁਣਕੇ ਬਾਬਾ ਜੀ ਨੇ ਥੋੜ੍ਹਾ ਜਿਹਾ ਸਮਾਂ ਚੁੱਪ ਰਹਿਣ ਤੋਂ ਉਪਰੰਤ ਸੇਵਾਦਾਰ ਨੂੰ ਬਚਨ ਕੀਤਾ, "ਕਿ ਆਹ ਸੌ ਰੁਪਏ ਤੂੰ ਸਵੇਰੇ-ਸਵੇਰੇ ਲੈ ਜਾਣੇ ਹਨ ਤੇ ਹੁਕਮ ਅਨੁਸਾਰ ਪੰਜ ਰੁਪਏ ਹੋਰ ਪਾ ਦਿੱਤੇ ਤੇ ਕਿਹਾ ਕਿ ਸੌ ਰੁਪਏ ਦਾ ਵਿਆਜ ਹੈ ਤੇ ਤੂੰ ਅੱਜ ਰਾਤ ਨੂੰ ਧਨ ਸਿਉਂ ਖਾਨੇ ਪਹੁੰਚ ਜਾ ਤੇ ਇਹ ਰੁਪਏ ਉਨ੍ਹਾਂ ਦੇ ਅੱਗ ਪਾਉਣ ਤੋਂ ਪਹਿਲਾਂ ਸੁਭਾ ਚੁੱਲੇ ਵਿਚ ਰੱਖ ਦੇਣੇ ਅਤੇ ਰੁਪਈਏ ਰੱਖਣ ਤੋਂ ਪਹਿਲਾਂ ਘਰ ਵਾਲਿਆਂ ਨਾਲ ਕਿਸੇ ਕਿਸਮ ਦੀ ਗੱਲ ਨਹੀਂ ਕਰਨੀ।" ਸੇਵਕ ਨੇ ਇਸੇ ਤਰ੍ਹਾਂ ਹੀ ਕੀਤਾ। ਪਰਿਵਾਰ ਦੇ ਮੈਂਬਰਾਂ ਨੇ ਇਸ ਗੱਲ ਨੂੰ ਬਹੁਤ ਪੁੱਛਣਾ ਚਾਹਿਆ। ਪਰ ਸੇਵਕ ਨੇ ਹੁਕਮ ਅਨੁਸਾਰ ਕੁਝ ਵੀ ਨਾ ਦੱਸਿਆ ਤੇ ਵਾਪਸ ਆ ਗਿਆ। ਜਿਸ ਵੇਲੇ ਸੇਵਕ ਬਾਬਾ ਜੀ ਦੇ ਪਾਸ ਆਇਆ ਤਾਂ ਬਾਬਾ ਜੀ ਅੱਗੇ ਬਚਨ ਕਰ ਰਹੇ ਸਨ। "ਜਿੰਦਾ ਰੋਊਗੀ, ਸਿਰ ਦੇ ਵਾਲ ਖੋਊਗੀ।"

ਉਪਰੰਤ ਸੇਵਕ ਨੂੰ ਪੁੱਛਿਆ ਕਿ ਰੱਖ ਆਇਆ ਹੈਂ? ਜੀ ਹਾਂ। ਇਸ ਤੋਂ ਉਪਰੰਤ ਬਚਨ ਕੀਤਾ "ਸ਼ੁਧ ਹੈ।"

ਇਸ ਤੋਂ ਬਾਬਾ ਜੀ ਕਦੇ ਕਦੇ ਰਾਤ ਨੂੰ ਤਾੜੀ ਮਾਰ ਕੇ ਬਚਨ ਕਰਿਆ ਕਰਦੇ ਸਨ। "ਉਥੋਂ ਲੈ ਆਂਦੀ ਡਾਲੀ ਜਿਉਣੀਆਂ ਧਨ ਸਿਉਂ ਕਿਆ, ਜਾਵੇ ਜਗਤ ਤੋਂ ਖਾਲੀ।" ਉਸ ਉਪਰੰਤ ਉਹ ਪਰਿਵਾਰ ਸਾਰਾ ਹੀ ਖ਼ਤਮ ਹੋ ਗਿਆ। ਫਿਰ ਗੁਰਬਾਣੀ ਦਾ ਫੁਰਮਾਨ ਇਸ ਤਰ੍ਹਾਂ ਵਰਤਿਆ। ਪੂਰੇ ਗੁਰੂ ਕਾ ਹੁਕਮ ਨ ਮੰਨੇ, ਉਹ ਮਨੁਮੁਖਿ ਅਗਿਆਨੁ ਮੁੱਠਾ ਬਿਖੁ ਮਾਇਆ॥ ਉਸ ਅੰਦਰਿ ਕੂੜ ਕੂੜੋ ਕਰ ਬੁਝੈ ਅਨਹੋਂਦੇ ਝਗੜੇ ਦਯਿ ਉਸ ਦੇ ਗਲਿ ਪਾਇਆ॥ ਉਹ ਗਲ ਫਰੋਸੀ ਕਰੇ ਬਹੁਤੇਰੀ, ਉਸ ਦਾ ਬੋਲਿਆ ਕਿਸੇ ਨਾ ਭਾਇਆ॥

**ਗਾਉੜੀ ਕੀ ਵਾਰ ਮ: ੪, ਅੰਗ ੩੦੩**

**(ਇਹ ਬਚਨ ਸ. ਕਾਕਾ ਸਿੰਘ ਢਿੱਲੋਂ ਪਾਸੋਂ ਪ੍ਰਾਪਤ ਹੋਇਆ)**



# ਜੇਵਡੁ ਆਪਿ ਤੇਵਡ ਤੇਰੀ ਦਾਤਿ ॥

**(ਅੰਗ ੩੪੯)**

ਬਾਬਾ ਸਾਉਣ ਸਿੰਘ ਢਿੱਲੋਂ ਬਾਬਾ ਜੀ ਦੇ ਸਭ ਤੋਂ ਪੁਰਾਣੇ ਸੇਵਕ ਆਪਣੇ ਖੇਤ ਵਿਚ ਹੀ ਰਹਿੰਦੇ ਸਨ। ਬੇਰੀ ਹੇਠਾਂ ਝੁੱਗੀ ਪਾਈ ਹੋਈ ਸੀ, ਪਰ ਸਾਉਣ ਸਿੰਘ ਸੀ ਤਾਂ ਗ੍ਰਹਿਸਤੀ ਪਰਿਵਾਰ ਵਾਲੇ। ਪਰ ਬਾਬਾ ਜੀ ਦੇ ਨਾਲ ਐਨੀ ਨੇੜਤਾ ਸੀ ਕਿ ਕਿਸੇ ਪ੍ਰੇਮੀ ਨੇ ਬਾਬਾ ਜੀ ਕੋਲ ਬੇਨਤੀ ਕਰਨੀ ਹੁੰਦੀ ਤਾਂ ਪਹਿਲਾਂ ਸਾਉਣ ਸਿੰਘ ਨੂੰ ਪੁੱਛ ਲੈਣਾ ਤੇ ਫਿਰ ਬਾਬਾ ਜੀ ਕੋਲ ਬੇਨਤੀ ਕਰਨੀ ਤਾਂ ਤੁਰੰਤ ਹੀ ਬਾਬਾ ਜੀ ਨੇ ਪ੍ਰਵਾਨ ਕਰ ਲੈਣੀ। ਇਨ੍ਹਾਂ ਦੀ ਬ੍ਰਿਧ ਅਵੱਸਥਾ ਹੋਣ ਕਾਰਨ ਕੁਝ ਬੀਮਾਰ ਹੋ ਗਏ। ਉਨ੍ਹਾਂ ਆਪਣੇ ਪਰਿਵਾਰ ਨੂੰ ਕਿਹਾ ਕਿ ਹੁਣ ਮੇਰਾ ਅੰਤ ਸਮਾਂ ਨੇੜੇ ਆ ਗਿਆ ਹੈ। ਮੈਨੂੰ ਬਾਬਾ ਜੀ ਦੇ ਦਰਸ਼ਨ ਕਰਾ ਲਿਆਓ ਤੇ ਪਰਿਵਾਰ ਮੰਜੇ ਉਪਰ ਪਾ ਕੇ ਬਾਬਾ ਜੀ ਕੋਲ ਲੈ ਆਏ ਤੇ ਡੇਰੇ ਦੇ ਬਾਹਰ ਜੰਡ ਥੱਲੇ ਮੰਜਾ ਡਾਹ ਦਿੱਤਾ ਤੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਸਾਉਣ ਸਿੰਘ ਤੁਹਾਡੇ ਦਰਸ਼ਨ ਕਰਨਾ ਚਾਹੁੰਦਾ ਹੈ। ਤੇ ਸੇਵਕ ਦੀ ਬੇਨਤੀ ਸੁਣ ਕੇ ਬਾਬਾ ਜੀ ਬਾਹਰ ਆ ਕੇ ਪੁੱਛਣ ਲੱਗੇ ਕਿ ਕਿਥੇ ਹੈ। ਸੇਵਕ ਨੇ ਜੰਡ ਵੱਲ ਇਸ਼ਾਰਾ ਕੀਤਾ ਤਾਂ ਬਾਬਾ ਜੀ ਹੋਰ ਅੱਗੇ ਹੋ ਗਏ ਤਾਂ ਸਾਉਣ ਸਿੰਘ ਨੇ ਬੇਨਤੀ ਕੀਤੀ ਕਿ ਮਹਾਰਾਜ ਹੁਣ ਮੈਂ ਜਾਣਾ ਹੈ। ਇਸ ਲਈ ਮੇਰੇ ਤੇ ਕ੍ਰਿਪਾ ਕਰੋ। ਬਾਬਾ ਜੀ ਨੇ ਬਚਨ ਕੀਤਾ "ਕਿ ਅਜੇ ਤੇਰੇ ਬਾਰਾਂ ਸਾਲ ਬਾਕੀ ਹਨ। ਪਹਿਲਾਂ ਅਸੀਂ ਜਾਵਾਂਗੇ ਫਿਰ ਤੇਰੀ ਵਾਰੀ ਐ।" ਫਿਰ ਪਰਿਵਾਰ ਨੂੰ ਬਚਨ ਕੀਤਾ ਕਿ ਇਨ੍ਹਾਂ ਨੂੰ ਘਰ ਲੈ ਜਾਓ ਸੇਵਾ ਕਰੋ।

ਸੋ ਬਾਬਾ ਜੀ ਦੇ ਦਰਗਾਹ ਨੂੰ ਜਾਣ ਤੋਂ ਬਾਅਦ ਸਾਉਣ ਸਿੰਘ ਨੇ ਸਰੀਰ ਛੱਡਿਆ।

"ਅਟੱਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ॥

**(ਇਹ ਬਚਨ ਵੀ ਕਾਕਾ ਸਿਉਂ ਢਿੱਲੋਂ ਤੋਂ ਮਿਲਿਆ)**

# ਜੇਤੀ ਸਿਰਠਿ ਉਪਾਈ ਵੇਖਾ
# ਵਿਣੁ ਕਰਮਾ ਕਿ ਮਿਲੈ ਲਈ ॥

**(ਅੰਗ ੨)**

ਵੀਰ ਸਿੰਘ ਦੇ ਦੋ ਭਰਾ ਸ: ਖੁਸ਼ਹਾਲ ਸਿੰਘ ਤੇ ਸੁਰੈਣ ਸਿੰਘ ਸਨ। ਸੁਰੈਣ ਸਿੰਘ ਦੇ ਘਰ ਲੜਕੀਆਂ ਹੀ ਸਨ ਲੜਕਾ ਕੋਈ ਨਹੀਂ ਸੀ ਤੇ ਸੁਰੈਣ ਸਿੰਘ ਨੇ ਬਾਬਾ ਅਨੰਦ ਸਿੰਘ ਜੀ ਪਾਸ ਬੇਨਤੀ ਕੀਤੀ ਕਿ ਮੇਰੇ ਘਰ ਲੜਕਾ ਕੋਈ ਨਹੀਂ। ਕਿਰਪਾ ਕਰੋ ਅਤੇ ਸ਼ਾਦੀਆਂ ਵੀ ਦੋ ਕਰਾਈਆਂ ਹਨ। ਤਾਂ ਬਾਬਾ ਅਨੰਦ ਸਿੰਘ ਜੀ ਨੇ ਬਚਨ ਕੀਤਾ ਕਿ ਜਦੋਂ ਅਸੀਂ ਭੁੱਚੋ ਗਏ ਤੈਨੂੰ ਨਾਲ ਲੈ ਚੱਲਾਂਗੇ ਤੇ ਉਥੇ ਬੇਨਤੀ ਕਰਾਂਗੇ। ਇਸ ਤੋਂ ਉਪਰੰਤ ਜਦੋਂ ਬਾਬਾ ਅਨੰਦ ਸਿੰਘ ਜੀ ਮਾਝੇ ਦੀ ਸੰਗਤ ਨਾਲ ਲੈ ਕੇ ਆਏ ਤਾਂ ਸ. ਸੁਰੈਣ ਸਿੰਘ ਵੀ ਬਾਬਾ ਜੀ ਦੇ ਨਾਲ ਆ ਗਏ। ਇਸ ਦੇ ਕੁਝ ਸੰਬੰਧੀ ਵੀ ਨਾਲ ਸਨ ਤੇ ਭੁੱਚੋ ਪਹੁੰਚਣ ਤੋਂ ਕੁਝ ਸਮਾਂ ਬਾਅਦ ਬਾਬਾ ਜੀ ਨੇ ਵੱਡਿਆਂ ਬਾਬਿਆਂ ਪਾਸ ਸੁਰੈਣ ਸਿੰਘ ਦੀ ਬੇਨਤੀ ਕੀਤੀ ਤੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਜੁਆਬ ਦਿੱਤਾ, "ਕਿ ਮਹਾਂਪੁਰਖੋ, ਤੁਹਾਡੇ ਪਾਸ ਸਭ ਚੀਜ਼ਾਂ ਹਨ। ਤੁਸੀਂ ਆਪ ਹੀ ਸਭ ਕੁਝ ਕਰ ਸਕਦੇ ਹੋ ਤੇ ਕਰ ਦਿਆ ਕਰੋ।" ਤੇ ਉਪਰੰਤ ਬਾਬਾ ਅਨੰਦ ਸਿੰਘ ਜੀ ਨੇ ਦੁਬਾਰਾ ਫਿਰ ਬੇਨਤੀ ਕੀਤੀ ਕਿ ਗਰੀਬ ਨਿਵਾਜ ਤੁਸੀਂ ਹਰ ਤਰ੍ਹਾਂ ਕਰਕੇ ਵੱਡੇ ਹੋ, ਪੂਜਨੀਕ ਹੋ, ਤੁਹਾਡੇ ਹੁੰਦਿਆਂ ਜੋ ਕੁਝ ਕਰਨਾ ਤੁਸੀਂ ਹੀ ਕਰਨਾ ਤੇ ਭੁੱਚੋ ਵਾਲਿਆਂ ਬਚਨ ਕੀਤਾ "ਕਿ ਸਰਦਾਰ ਕੌਣ ਹੈ? ਕੀ ਨਾਮ ਹੈ? ਤੁਹਾਡੇ ਨਾਲ ਕਦੋਂ ਤੋਂ ਸੰਗਤ ਕਰਦਾ।" ਮਹਾਂਪੁਰਖਾਂ ਦੇ ਪੁੱਛਣ ਤੋਂ ਬਾਅਦ ਬਾਬਾ ਅਨੰਦ ਸਿੰਘ ਜੀ ਨੇ ਸਾਰਾ ਕੁਝ ਦੱਸਿਆ ਕਿ ਸੁਣ ਕੇ ਬਾਬਾ ਜੀ ਭੁੱਚੋ ਵਾਲੇ ਬੋਲੇ "ਫਿਰ ਤਾਂ ਇਸ ਦਾ ਕੰਮ ਕਰਨਾ ਹੀ ਪਊਗਾ। ਤੁਹਾਡਾ ਸੇਵਕ ਜੋ ਹੈ।" ਨਾਲ ਹੀ ਬਚਨ ਕੀਤਾ ਕਿ ਸੁਰੈਣ ਸਿੰਘ ਤੇ ਇਸ ਦੇ ਘਰ ਵਾਲੀ ਦੋਹਾਂ ਨੂੰ



ਸਾਡੇ ਪਾਸ ਇਕ ਸਾਲ ਵਾਸਤੇ ਰਹਿਣਾ ਪਵੇਗਾ ਤੇ ਬੱਚਾ ਹੋਏ ਤੋਂ ਐਥੋਂ ਤੋਰਾਂਗੇ। ਪੁੱਛ ਲਵੋ ਜੇ ਇਸ ਨੂੰ ਮਨਜ਼ੂਰ ਹੈ ਤਾਂ ਇਸ ਵੇਲੇ ਸੁਰੈਣ ਸਿੰਘ ਨੂੰ ਪੁੱਛਿਆ ਤਾਂ ਉਸ ਨੇ ਆਪਣੀ ਮਜ਼ਬੂਰੀ ਦੱਸੀ। ਤਾਂ ਭੁੱਚੋ ਵਾਲੇ ਮਹਾਰਾਜ ਜੀ ਨੇ ਕਿਹਾ ਕਿ ਜੇ ਇਹ ਨਹੀਂ ਰਹਿ ਸਕਦਾ ਤਾਂ ਆਪਣਾ ਕੋਈ ਬੰਦਾ ਸਾਡੇ ਪਾਸ ਸਾਲ ਭਰ ਵਾਸਤੇ ਛੱਡ ਦੇਵੇ। ਉਸ ਦੀ ਥਾਂ ਜ਼ੁੰਮੇਵਾਰ ਇਹ ਹੋਵੇਗਾ। ਜੇ ਉਹ ਅਵੱਗਿਆ ਕਰੇ ਜਾਂ ਬਚਨ ਨ ਮੰਨੇ ਤਾਂ ਜ਼ੁੰਮੇਵਾਰੀ ਇਸ ਦੀ ਹੋਵੇਗੀ ਤੇ ਸੁਰੈਣ ਸਿੰਘ ਨੇ ਸਤ ਬਚਨ ਕਰਕੇ ਆਪਣੇ ਮਾਮਾ ਜੀ ਨੂੰ ਰਹਿਣ ਵਾਸਤੇ ਕਹਿ ਦਿੱਤਾ। ਤੇ ਬਾਬਾ ਜੀ ਨੇ ਮਨਜ਼ੂਰੀ ਦੇ ਦਿੱਤੀ। ਅਖੀਰ ਤੇ ਬਾਬਾ ਜੀ ਨੇ ਬਚਨ ਕੀਤਾ ਕਿ "ਮਹਾਂਪੁਰਖੋ, ਹੁਣ ਤੁਸੀਂ ਸਭ ਕੁਝ ਵੇਖ ਸੁਣ ਰਹੇ ਹੋ। ਹੁਣ ਸਾਡੇ ਵੱਲੋਂ ਕੋਈ ਢਿੱਲ ਨਹੀਂ ਹੋਵੇਗੀ। ਇਸ ਦੇ ਬੰਦੇ ਵੱਲੋਂ ਹੋਵੇਗੀ।" ਇਸ ਤੋਂ ਉਪਰੰਤ ਸੰਗਤਾਂ ਸਮੇਤ ਵਾਪਸ ਚਲੇ ਗਏ ਤੇ ਸੁਰੈਣ ਸਿਉਂ ਦਾ ਮਾਮਾ ਭੁੱਚੋ ਠਹਿਰ ਗਿਆ। ਬਾਬਾ ਜੀ ਦਾ ਹੁਕਮ ਉਸ ਨੂੰ ਡੇਰੇ ਵਿਚ ਭੁੰਜੇ ਪੈਣ ਦਾ ਸੀ ਕਿਤੇ ਆਉਣ ਜਾਣ ਦੀ ਮਨਾਹੀ ਸੀ। ਪਰ ਉਹ ਚੋਰੀ ਕਿਸੇ ਪਿੰਡ ਜਾ ਕੇ ਕਿਸੇ ਦੇ ਘਰ ਮੰਜੇ ਉਪਰ ਪੈ ਜਾਇਆ ਕਰੇ ਤੇ ਖਾ ਪੀ ਵੀ ਲਿਆ ਕਰੇ। ਬਾਬਾ ਜੀ ਨੂੰ ਪਤਾ ਲੱਗਾ ਤਾਂ ਉਨ੍ਹਾਂ ਨੇ ਰੋਕਿਆ। ਕੁਝ ਦਿਨ ਤਾਂ ਰੁੱਕ ਵੀ ਗਿਆ ਪਰ ਥੋੜ੍ਹੇ ਦਿਨਾਂ ਬਾਅਦ ਉਸੇ ਤਰ੍ਹਾਂ ਹੀ ਕਰਨ ਲੱਗਾ। ਬਾਬਾ ਜੀ ਨੇ ਫਿਰ ਉਸ ਨੂੰ ਰੋਕਿਆ, ਪਰ ਆਪਣੀ ਆਦਤ ਅਨੁਸਾਰ ਉਹ ਕਰਦਾ ਰਿਹਾ।

ਬਾਬਾ ਜੀ ਨੇ ਉਸ ਨੂੰ ਸਮਝਾਣਾ ਕਿ ਦੇਖ ਭਾਈ ਕੰਮ ਹੈ ਤੇਰੇ ਸੰਬੰਧੀ ਦਾ। ਸਿਫਾਰਸ਼ ਕੀਤੀ ਹੈ ਮਹਾਂਪੁਰਸ਼ਾਂ ਨੇ, ਹੁਣ ਤੂੰ ਕੋਈ ਗ਼ਲਤੀ ਨਾ ਕਰ ਬੈਠੀ। ਤੈਨੂੰ ਇਤਨੇ ਵਾਰ ਮੁਆਫ ਕੀਤਾ ਮਹਾਂਪੁਰਖਾਂ ਦੇ ਕਰ ਕੇ। ਨਹੀਂ ਤਾਂ ਤੈਨੂੰ ਅਸੀਂ ਕਦੋਂ ਦੇ ਘਰ ਤੋਰ ਦਿੰਦੇ। ਹੁਕਮ ਤੋਂ ਬਾਹਰ ਜਾਣ ਵਾਲੇ ਵਾਸਤੇ ਸਾਡੇ ਕੋਲ ਕੁਝ ਵੀ ਨਹੀਂ। ਤੇ ਤੇਰਾ ਵੀ ਭਲਾ ਇਸ ਵਿਚ ਹੀ ਹੈ। ਪਰ ਉਹ ਨਗਰ ਵਿਚ ਜਾ ਕੇ ਫਿਰ ਗ਼ਲਤੀ ਕਰ ਬੈਠਾ ਤੇ ਪਤਾ ਲੱਗਣ ਤੇ ਬਾਬਾ ਜੀ ਨੇ ਬਚਨ ਕੀਤਾ ਕਿ ਰਿਖੀਆਂ ਦੀ ਸਿਫਾਰਸ਼ ਸੀ ਉਨ੍ਹਾਂ ਦਾ ਸੇਵਕ ਸੀ ਤਾਂ ਅਸੀਂ ਹੀ ਇੰਨੀ ਖੁੱਲ੍ਹੀ ਛੂਟ ਦਿੱਤੀ ਸੀ। ਜੇ ਉਸ ਨੇ ਇਵੇਂ ਹੀ ਕੀਤੀ ਹੈ ਤਾਂ ਉਸ ਦੀ ਮਰਜ਼ੀ ਹੁਣ ਜਦੋਂ ਵੀ ਉਹ ਆਵੇ ਤੇ ਡੇਰੇ ਵਿਚ ਨਹੀਂ ਵੜਨ ਦੇਣਾ

ਤੇ ਹੁਣ ਪੱਥਰਾਂ ਦੀ ਮਾਰ ਪਵੇਗੀ। ਇਸ ਤੋਂ ਉਪਰੰਤ ਬਾਬਾ ਜੀ ਦੇ ਬਚਨ ਅਨੁਸਾਰ ਵੀ ਸ: ਸੁਰੈਣ ਸਿੰਘ ਦੇ ਘਰ ਲੜਕੀ ਪੈਦਾ ਹੋਈ। ਇਸ ਤੋਂ ਕਈ ਸਾਲ ਬਾਅਦ ਬਾਬਾ ਜੀ ਕਲੇਰਾਂ ਵਾਲਿਆਂ ਨੇ ਸ: ਸੁਰੈਣ ਸਿੰਘ ਦੀ ਬੇਨਤੀ ਦੁਵਾਰਾ ਆਪਣੇ ਕੋਲੋਂ ਕਰਨ ਤੋਂ ਬਾਅਦ ਸ. ਸੁਰੈਣ ਸਿੰਘ ਨੂੰ ਕਿਹਾ ਕਿ ਮਹਾਰਾਜ ਅੱਗੇ ਅਰਦਾਸ ਕਰਾ ਕੇ ਵੇਖ ਲੈ। ਜੇ ਸਤਿਗੁਰੂ ਤੇਰੀ ਅਰਦਾਸ ਮੰਨ ਜਾਣ ਤਾਂ ਠੀਕ ਹੈ, ਤੇ ਸ. ਸੁਰੈਣ ਸਿੰਘ ਬਾਬਾ ਅਨੰਦ ਸਿੰਘ ਜੀ ਦਾ ਹੁਕਮ ਮੰਨ ਕੇ ਪਾਠ ਕਰਾ ਕੇ ਅਰਦਾਸ ਕਰਾ ਕੇ ਅਖੰਡ ਪਾਠ ਕਰਵਾਇਆ। ਇਸ ਬਚਨ ਅਨੁਸਾਰ ਸਰਦਾਰ ਦੇ ਘਰ ਲੜਕਾ ਪੈਦਾ ਹੋਇਆ। ਲੜਕਾ ਹੋਣ ਦੀ ਖੁਸ਼ੀ ਅਨੁਸਾਰ ਸਰਦਾਰ ਸੁਰੈਣ ਸਿੰਘ ਸਰਦਾਰਾਂ ਨੂੰ ਮਾਸ ਤੇ ਸ਼ਰਾਬ ਛਕਾਉਣ ਲੱਗ ਪਿਆ ਅਤੇ ਕਈ ਦਿਨ ਇਹੋ ਹੀ ਦੌਰ ਚਲਦਾ ਰਿਹਾ ਤੇ ਕੁਝ ਸਮੇਂ ਬਾਅਦ ਲੜਕਾ ਗੁਜ਼ਰ ਗਿਆ। ਫਿਰ ਬਾਬੇ ਕਲੇਰਾਂ ਵਾਲਿਆਂ ਪਾਸ ਆ ਕੇ ਰੋ ਕੇ ਵਿਥਿਆ ਦੱਸੀ। ਸੁਣ ਕੇ ਬਾਬਾ ਜੀ ਨੇ ਬਚਨ ਕੀਤਾ।

"ਸੁਰੈਣ ਸਿੰਘ ਤੈਨੂੰ ਇਹ ਕੁਝ ਨਹੀਂ ਕਰਨਾ ਚਾਹੀਦਾ ਸੀ। ਅਸੀਂ ਤੈਨੂੰ ਸੰਗੀ ਜਾਣ ਕੇ ਸਤਿਗੁਰਾਂ ਅੱਗੇ ਬੇਨਤੀ ਕਰਕੇ ਤੈਨੂੰ ਇਕ ਬੱਚਾ ਲੈ ਕੇ ਦਿੱਤਾ ਸੀ। ਉਹ ਤਾਂ ਸਤਿਗੁਰਾਂ ਦੇ ਜੱਥੇ ਦਾ ਇਕ ਸਿੰਘ ਸੀ। ਨਾਮ ਬਾਣੀ ਦੇ ਰਸੀਏ ਨੂੰ ਤੂੰ ਸੰਭਾਲ ਨਾ ਸਕਿਆ। ਅੱਛਾ ਜੋ ਉਸ ਦੀ ਰਜ਼ਾ।" ਹੁਣ ਤਾਂ ਤੇਰੀ ਗੱਲ ਮੁਸ਼ਕਲ ਹੈ ਆਪਣੇ ਭਰਾ ਦਾ ਪੁੱਤਰ ਲੈ ਕੇ ਪਾਲ ਲੇ। ਸੋ ਇਸੇ ਤਰ੍ਹਾਂ ਹੀ ਹੋਇਆ।

# ਨਾਨਕ ਲੜਿ ਲਾਇ ਉਧਾਰਿਅਨੁ ਦਯੁ ਸੇਵਿ ਅਮਿਤਾ ॥

**(ਅੰਗ ੩੨੩)**

## ੧.

ਬਾਬਾ ਜੀ ਭੁੱਚੋ ਵਾਲਿਆਂ ਦੇ ਪਾਸ ਇਕ ਮਾਈ ਖੇਮ ਕੌਰ ਜੰਡਾਂ ਵਾਲਿਆਂ ਤੋਂ ਤੇ ਇਕ ਉਸ ਦੀ ਲੜਕੀ ਸ਼ਾਮ ਕੌਰ ਰਹਿੰਦੀ ਹੁੰਦੀ ਸੀ। ਮਾਈ ਖੇਮ ਕੌਰ



ਦੇ ਸਹੁਰੇ ਨੇ ਬਾਬਾ ਜੀ ਦੀ ਸੇਵਾ ਇਕ ਮਹੀਨਾ ਕੀਤੀ ਜਦੋਂ ਕਿ ਬਾਬਾ ਜੀ ਜੰਡਾਂ ਵਾਲੇ ਰਹੇ ਸਨ ਤੇ ਉਸ ਬਜ਼ੁਰਗ ਦਾ ਨਾਮ ਮਾਲਾ ਸਿੰਘ ਸੀ ਤੇ ਉਸ ਨੂੰ ਬਚਨ ਵੀ ਕੀਤਾ ਸੀ ਕਿ ਤੇਰੀ ਨੂੰਹ ਤੇ ਪੋਤਰੀ ਕਿਸੇ ਸਮੇਂ ਸਾਡੀ ਸੇਵਾ ਕਰਿਆ ਕਰੇਗੀ ਤੇ ਇਸ ਬਚਨ ਅਨੁਸਾਰ ਮਾਈ ਖੇਮ ਕੌਰ ਤੇ ਉਸਦੀ ਬੀਬੀ ਸ਼ਾਮ ਕੌਰ ਨੇ ਸੇਵਾ ਕੀਤੀ। ਇਹ ਦੋਨੋਂ ਮਾਵਾਂ ਧੀਆਂ ਬਾਬਾ ਜੀ ਦੇ ਨਾਲ ਅੰਤ ਸਮੇਂ ਤੱਕ ਰਹੀਆਂ। ਮਾਈ ਖੇਮ ਕੌਰ ਦੀ ਲੜਕੀ ਨੂੰ ਬਾਬਾ ਜੀ ਬਚਨ ਕਰਿਆ ਕਰਦੇ ਸਨ। ਇਸ ਕੰਨਿਆ ਨੇ ਸੰਗਤ ਕਰਨੀ ਹੈ, ਸੇਵਾ ਕਰਨੀ ਐ, ਤੇ ਨਾਮ ਜਪਨਾ ਅਤੇ ਫਿਰ ਮਾਈ ਖੇਮ ਕੌਰ ਨੇ ਬਾਬਾ ਜੀ ਦੇ ਬਿਨਾਂ ਪੁੱਛੇ ਸ਼ਾਮ ਕੌਰ ਬੀਬੀ ਦੀ ਮੰਗਣੀ ਕਰ ਦਿੱਤੀ। ਜਦ ਬਾਬਾ ਜੀ ਨੂੰ ਪਤਾ ਲੱਗਾ ਤਾਂ ਹਜ਼ੂਰ ਨੇ ਬਚਨ ਕੀਤਾ "ਇਹ ਕੰਨਿਆ ਗ੍ਰਿਹਿਸਤ ਦੇ ਜਾਲ ਵਿਚ ਨਹੀਂ ਰਹੇਗੀ।" ਸ਼ਾਦੀ ਹੋਣ ਤੋਂ ਉਪਰੰਤ ਇਸ ਦੇ ਘਰ ਵਾਲਾ ਬੜੇ ਯਤਨ ਕਰਦਾ ਰਿਹਾ ਕਿ ਇਸ ਦੇ ਘਰ ਕੋਈ ਔਲਾਦ ਹੋਵੇ। ਪਰ ਬਾਬਾ ਜੀ ਹਰ ਵੇਲੇ ਜੁਆਬ ਦਿੰਦੇ ਰਹੇ। ਅਖੀਰ ਤੇ ਉਸ ਦੇ ਪਤੀ ਨੇ ਬਾਹਰਲੇ ਇਲਾਜ ਕਰਵਾਉਣੇ ਸ਼ੁਰੂ ਕਰ ਦਿੱਤੇ ਤਾਂ ਬੀਬੀ ਸ਼ਾਮ ਕੌਰ ਨੇ ਭੁੱਚੋ ਆ ਕੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਮਹਾਰਾਜ ਜੀ ਹੁਣ ਇਉਂ ਹੋ ਰਿਹਾ ਹੈ। ਬਾਬਾ ਜੀ ਨੇ ਉਸ ਨੂੰ ਦਿਲਾਸਾ ਦੇ ਕੇ ਕਿਹਾ ਕਿ "ਦੇਵੀ ਤੂੰ ਫਿਕਰ ਨ ਕਰ? ਜੋ ਤੈਨੂੰ ਦੇਣ ਤੂੰ ਖਾ ਲੈ। ਕੋਈ ਦਵਾਈ ਕੋਈ ਜੰਤਰ ਤੇਰੇ ਤੇ ਅਸਰ ਨਹੀਂ ਕਰੇਗਾ। ਉਨ੍ਹਾਂ ਨੂੰ ਆਪਣਾ ਚਿਤ ਰਾਜ਼ੀ ਕਰ ਲੈਣ ਦੇ।" ਸੋ ਬੀਬੀ ਸ਼ਾਮ ਕੌਰ ਦੇ ਕੋਈ ਔਲਾਦ ਵੀ ਨਾ ਹੋਈ। ਸਗੋਂ ਆਪਣੇ ਪਤੀ ਨਾਲ ਵੀ ਅਣ-ਬਣ ਹੋ ਗਈ।

ਫਿਰ ਇਸ ਦਾ ਪਤੀ ਇਸ ਨੂੰ ਬਾਬਾ ਜੀ ਪਾਸ ਆਉਣ ਤੋਂ ਰੋਕਦਾ ਰਿਹਾ। ਬਾਬਾ ਜੀ ਨੂੰ ਪਤਾ ਲੱਗਣ ਤੇ ਕਿਹਾ "ਕੋਈ ਫਿਕਰ ਵਾਲੀ ਗੱਲ ਨਹੀਂ। ਸਭ ਸ਼ੁੱਧ ਹੈ।"

ਇਕ ਵਾਰ ਬਾਬਾ ਜੀ ਦੀ ਸੇਵਾ ਵਿਚ ਲੱਗਿਆ ਬੀਬੀ ਦੀਆਂ ਅੱਖਾਂ ਦੁਖਣੀਆਂ ਆ ਗਈਆਂ। ਜਿਹੜਾ ਕਿ ਥੋੜ੍ਹੇ ਚਿਰ ਵਿਚ ਇਹ ਰੋਗ ਵੱਧ ਗਿਆ। ਮਾਈ ਖੇਮ ਕੌਰ ਨੇ ਬਾਬਾ ਜੀ ਪਾਸ ਆਪਣੀ ਲੜਕੀ ਦੀ ਅਰਜ਼ ਕੀਤੀ ਕਿ ਮਹਾਰਾਜ ਕੰਨਿਆਂ ਦਾ ਕੰਮ ਹੈ ਅੱਖਾਂ ਦੀ ਬੀਮਾਰੀ ਬਹੁਤ ਵਧੀ

ਹੋਈ ਹੈ। ਆਪ ਕ੍ਰਿਪਾ ਕਰੋ ਜੀ। ਬਾਬਾ ਜੀ ਹੁਕਮ ਦੇ ਕੇ ਬੀਬੀ ਨੂੰ ਸ਼ਾਮ ਨੂੰ ਆਪਣੇ ਕੋਲ ਬੁਲਾਇਆ ਤੇ ਮੇਹਰ ਦੀ ਨਿਗ੍ਹਾਂ ਕਰਕੇ ਆਖਿਆ। "ਸ਼ੁਭ ਸ਼ੁੱਧ ਹੈ।"

ਨਾਲ ਹੀ ਬਚਨ ਕੀਤਾ "ਖੇਮੀਏ, ਇਸ ਲੜਕੀ ਦਾ ਪਿਛਲਾ ਜਨਮ ਝਿਊਰੀ ਦਾ ਸੀ ਤੇ ਉਸ ਜਨਮ ਵਿਚ ਇਸ ਨੇ ਸੁਲੇਮਾਨ ਪਿਗੰਬਰ ਨਾਲ ਵਿਆਹ ਕਰਵਾਇਆ ਸੀ ਤੇ ਇਸ ਨੂੰ ਦਾਣੇ ਭੁੰਨਦੀ ਵੇਖ ਕੇ ਸੁਲੇਮਾਨ ਨੇ ਨਫ਼ਰਤ ਕੀਤੀ ਸੀ ਤੇ ਅੰਤ ਨੂੰ ਇਸੇ ਨਾਲ ਵਿਆਹ ਕਰਵਾਉਣਾ ਪਿਆ ਸੀ। ਉਸ ਸਮੇਂ ਸੁਲੇਮਾਨ ਇਸ ਨੂੰ ਨਾਲ ਲੈ ਕੇ ਦਰਿਆ ਤੇ ਮੱਛੀਆਂ ਫੜਦਾ ਹੁੰਦਾ ਸੀ। ਇਕ ਦਿਨ ਮੱਛੀ ਫੜ ਕੇ ਜਦੋਂ ਦਰਿਆ ਵਿਚੋਂ ਜਾਲ ਬਾਹਰ ਕੱਢਿਆ ਤੇ ਇਸ ਨੇ ਜਿਉਂਦੀ ਮੱਛੀ ਦੀਆਂ ਤੜਫਦੀ ਦੀਆਂ ਅੱਖਾਂ ਕੱਢੀਆਂ ਸਨ। ਹੁਣ ਇਸ ਦੀਆਂ ਵੀ ਦੋਵੇਂ ਅੱਖਾਂ ਜਾਣੀਆਂ ਸਨ। ਪਰ ਸੰਗਤ ਦੀ ਸੇਵਾ ਕਰਕੇ ਇਸ ਦੇ ਕਸ਼ਟ ਦੋ ਅੱਖਾਂ ਵਾਲਾ ਇਕ ਅੱਖ ਤੇ ਨਵਿਰਤ ਹੋ ਗਿਆ।" ਸੋ ਬੀਬੀ ਸ਼ਾਮ ਕੌਰ ਦੀ ਇਕ ਅੱਖ ਮਾਰੀ ਗਈ ਤੇ ਇਕ ਠੀਕ ਹੋ ਗਈ ਤੇ ਇਥੇ ਹੁੰਦਿਆਂ ਇਕ ਵਾਰੀ ਬੀਬੀ ਸ਼ਾਮ ਕੌਰ ਦੇ ਸਹੁਰੇ ਘਰ ਅੱਗ ਲੱਗ ਗਈ ਤੇ ਅਚਾਨਕ ਹੀ ਇਸ ਦੇ ਪਤੀ ਨੂੰ ਪਤਾ ਲੱਗਣ ਤੇ ਜਾਗ ਆ ਗਈ ਤੇ ਇਸ ਦੇ ਸਰ੍ਹਾਣੇ ਪਾਣੀ ਦਾ ਘੜਾ ਰੱਖਿਆ ਹੋਇਆ ਸੀ। ਇਸ ਨੇ ਮੱਚਦੀ ਅੱਗ ਉਪਰ ਪਾਣੀ ਪਾਇਆ ਜੋ ਕਿ ਛੇਤੀ ਹੀ ਬੁੱਝ ਗਈ। ਜਿਸ ਵਕਤ ਉਹ ਬੀਬੀ ਨੂੰ ਲੈਣ ਆਇਆ ਤਾਂ ਬਾਬਾ ਜੀ ਨੇ ਘੂਰ ਕੇ ਕਿਹਾ "ਉਏ ਸੁਲੇਮਾਨਾ ਤੇਰੀ ਪਿਗੰਬਰੀ ਤਾਂ ਖੁਸ ਗਈ। ਪਰ ਤੇਰੀ ਆਕੜ ਨਹੀਂ ਗਈ। ਤੇਰੀ ਪਿਗੰਬਰੀ ਨੇ ਤੇਰਾ ਜਨਮ ਮਰਨ ਨਹੀਂ ਮਿਟਾਇਆ। ਸੈਂਕੜੇ ਵਰ੍ਹੇ ਬੀਤਣ ਪਿਛੋਂ ਵੀ ਤੂੰ ਜੰਮਦਾ ਮਰਦਾ ਆ ਰਿਹਾ ਹੈ।"

ਇਸ ਮਾਈ ਖੇਮ ਕੌਰ ਦਾ ਪੁੱਤਰ ਕਾਲਾ ਸਿੰਘ ਸੀ। ਇਹ ਵੀ ਛੋਟੀ ਉਮਰ ਵਿਚ ਬੀਬੀ ਸ਼ਾਮ ਕੌਰ ਨਾਲ ਸੇਵਾ ਵਿਚ ਰਹਿੰਦਾ ਹੁੰਦਾ ਸੀ। ਇਕ ਵਾਰ ਕਾਲੇ ਨੂੰ ਰੂੰਮੀ ਸਾਹਿਬ ਜਾ ਕੇ ਸੂਏ ਦੇ ਖਾਲੇ ਚੋਂ ਛੱਪੜ ਭਰਨ ਦਾ ਹੁਕਮ ਹੋਇਆ। ਇਸ ਦੀ ਉਮਰ ਉਦੋਂ ਛੋਟੀ ਹੀ ਸੀ। ਜਦੋਂ ਅੱਗੇ ਗਿਆ ਤਾਂ ਇਕ ਜ਼ਿਮੀਂਦਾਰ ਆਪਣੇ ਖੇਤ ਨੂੰ ਪਾਣੀ ਲਾ ਰਿਹਾ ਸੀ ਤੇ ਇਸ ਨੇ ਜਾ ਕੇ ਦੱਸਿਆ ਕਿ ਮੈਨੂੰ



ਬਾਬਾ ਜੀ ਨੇ ਭੇਜਿਆ ਹੈ ਕਿ ਮੈਂ ਇਸ ਛੱਪੜ ਵਿਚ ਪਾਣੀ ਪਾਉਣਾ ਹੈ ਤਾਂ ਉਸ ਜਿੰਮੀਦਾਰ ਨੇ ਕਿਹਾ ਕਿ ਮੇਰੀ ਵਾਰੀ ਪੂਰੀ ਹੋਣ ਤੇ ਤੈਨੂੰ ਪਾਣੀ ਦੇ ਦਿਆਗਾਂ ਤੂੰ ਅਜੇ ਠਹਿਰ ਜਾ। ਇਹ ਜਾ ਕੇ ਬੋਹੜ ਦੀ ਛਾਂ ਵਿਚ ਬੈਠਾ ਰਿਹਾ। ਬੱਚਾ ਹੋਣ ਕਰਕੇ ਸੌਂ ਗਿਆ। ਉਸ ਜ਼ਿੰਮੀਂਦਾਰ ਨੇ ਸੁੱਤਾ ਹੋਇਆ ਹੋਣ ਕਰਕੇ ਜਗਾਇਆ ਨਾ, ਤੇ ਪਾਣੀ ਦਾ ਲਾਲਚ ਕਰ ਗਿਆ। ਇਸ ਨੂੰ ਕੋਈ ਪਤਾ ਨਹੀਂ ਤੇ ਪਾਣੀ ਲਾਉਂਦਾ ਰਿਹਾ। ਕੁਝ ਚਿਰ ਬਾਅਦ ਇਹ ਉੱਠ ਕੇ ਪਾਣੀ ਨੂੰ ਛੱਪੜ ਵੱਲ ਕੱਢਣ ਲੱਗ ਪਿਆ। ਉਸ ਜ਼ਿੰਮੀਂਦਾਰ ਨੇ ਇਸ ਨੂੰ ਕਿਹਾ ਤੂੰ ਕਿਵੇਂ ਜਾਗ ਪਿਆ। ਜੁਆਬ ਦਿੱਤਾ ਕਿ ਮੈਨੂੰ ਰੂੰਮੀ ਵਾਲੇ ਬਾਬਾ ਜੀ ਨੇ ਜਗਾਇਆ ਹੈ। ਇਸ ਤੋਂ ਬਾਅਦ ਕਾਲਾ ਸਿੰਘ ਰੂੰਮੀ ਵੱਲ ਪਾਣੀ ਲਾ ਕੇ ਬਾਬਾ ਜੀ ਕੋਲ ਪਹੁੰਚ ਗਿਆ। ਜਿਸ ਵੇਲੇ ਇਹ ਡੇਰੇ ਆਇਆ ਬਾਬਾ ਜੀ ਬੜੇ ਪ੍ਰਸੰਨ ਹੋਏ ਕਹਿਣ ਲੱਗੇ "ਕਾਲਿਆ ਅੱਜ ਤੂੰ ਸੌਂ ਗਿਆ ਸੀ ਤੇਰੇ ਨਾਲ ਠੱਗੀ ਹੋ ਜਾਣੀ ਸੀ ਸਾਨੂੰ ਆਪ ਜਾ ਕੇ ਤੈਨੂੰ ਜਗਾਉਣਾ ਪਿਆ।

**(ਇਹ ਬਚਨ ਬੀਬੀ ਸ਼ਾਮ ਕੌਰ ਜੰਡਾਂ ਵਾਲਾ ਪਾਸੋਂ ਮਿਲੇ)**

## ੩.

ਬਾਬਾ ਜੀ ਕੋਲ ਇਕ ਸੰਤ ਕਪੂਰ ਸਿੰਘ ਰਹਿਰਾਸੀਆ ਰਹਿੰਦਾ ਹੁੰਦਾ ਸੀ। ਉਸ ਨੇ ਨਿਤਨੇਮ ਰਹਿਰਾਸ ਦੀ ਡਿਊਟੀ ਕਰਨੀ ਹੁੰਦੀ ਸੀ। ਇਸ ਕਾਲਾ ਸਿੰਘ ਨਾਲ ਉਹ ਬਹੁਤ ਖੇਡਦਾ ਹੁੰਦਾ ਸੀ। ਰਾਤ ਨੂੰ ਇਕੱਠੇ ਬੈਠਣਾ, ਉਠਣਾ, ਖੜਨਾ, ਪੀਣਾ, ਖਾਣਾ ਉਸ ਦੇ ਨਾਲ ਸੀ। ਮਾਈ ਖੇਮ ਕੌਰ ਨੇ ਬਾਬਾ ਜੀ ਪਾਸ ਬੇਨਤੀ ਕੀਤੀ ਕਿ ਜੀ ਮਹਾਰਾਜ ਉਸ ਬੱਚੇ ਦਾ ਪਿਆਰ ਮੇਰੇ ਨਾਲ ਇਤਨਾ ਨਹੀਂ ਜਿੰਨਾ ਕਿ ਕਪੂਰ ਸਿੰਘ ਨਾਲ ਹੈ। ਬਾਬਾ ਜੀ ਨੇ ਬਚਨ ਕੀਤਾ "ਖੇਮੀਏ, ਇਹ ਕਾਲਾ ਤੇ ਕਪੂਰ ਸਿੰਘ ਪਿਛਲੇ ਜਨਮ ਵਿਚ ਸਕੇ ਭਰਾ ਸਨ ਤੇ ਥਲੀ ਵਿਚ ਇਨ੍ਹਾਂ ਦਾ ਜਨਮ ਹੋਇਆ ਸੀ। ਇਨ੍ਹਾਂ ਦਾ ਉਹੀ ਸੰਬੰਧ ਹੈ, ਤੇ ਇਹ ਦੋਨੋਂ ਜਾਣੇ ਸਾਧ ਬਣ ਗਏ ਸੀ, ਬੜੇ ਭਾਰੇ ਤਪੱਸਵੀ ਸਨ। ਬਾਰਾਂ-ਬਾਰਾਂ ਸਾਲ ਦੀਆਂ ਇਨ੍ਹਾਂ ਧੂਣੀਆਂ ਤਾਪੀਆਂ ਉਥੇ ਵੀ ਇਕੱਠੇ ਹੀ ਰਹਿੰਦੇ ਸਨ। ਇਨ੍ਹਾਂ ਦਾ ਪਿਛਲਾ ਪਿਆਰ ਹੈ।"

ਬਾਬਾ ਜੀ ਸਮੇਂ ਅਨੁਸਾਰ ਰੋਜ਼ ਨਿਯਮ ਸਮਝਾਉਂਦੇ ਹੁੰਦੇ ਸੀ ਤੇ

ਸਮਝਾਇਆ ਹੋਇਆ ਸੀ ਤੇ ਸਵੇਰੇ ਉਠਣ ਸਾਰ ਸਭ ਨੂੰ ਹੁਕਮ ਹੁੰਦਾ ਸੀ। ਕਦੇ ਇਕ ਪਾਸੇ ਜਾਣ ਤੋਂ ਰੋਕ ਦਿੰਦੇ ਸਨ ਕਦੇ ਦੂਜੇ ਪਾਸੇ। ਇਕ ਦਿਨ ਡੇਰੇ ਵਿਚ ਦੱਖਣ ਵਾਲੇ ਪਾਸੇ ਜਾਣ ਤੋਂ ਮਨਾਹੀ ਕੀਤੀ ਹੋਈ ਸੀ। ਮਾਈ ਖੇਮ ਕੌਰ ਤੇ ਸ਼ਾਮ ਕੌਰ ਮਾਵਾਂ ਧੀਆਂ ਉਸ ਪਾਸੇ ਅਚਾਨਕ ਚਲੀਆਂ ਗਈਆਂ। ਜਦੋਂ ਕਾਫੀ ਦੇਰ ਤੱਕ ਨਾ ਵਾਪਸ ਆਈਆਂ ਤਾਂ ਬਾਬਾ ਜੀ ਪਾਸ ਸੇਵਕ ਨੇ ਬੇਨਤੀ ਕੀਤੀ ਕਿ ਮਹਾਰਾਜ ਜੰਡਾਂ ਵਾਲੀਆਂ ਮਾਵਾਂ ਧੀਆਂ ਦੋਨੋਂ ਨਹੀਂ ਲੱਭਦੀਆਂ। ਪਤਾ ਨਹੀਂ ਕਿਥੇ ਹਨ। ਬਾਬਾ ਜੀ ਨੇ ਬਚਨ ਕੀਤਾ ਕਿ ਅੱਜ ਜਿੱਧਰ ਜਾਣ ਤੋਂ ਰੋਕਿਆ ਹੈ ਉਸੇ ਪਾਸੇ ਹੀ ਗਈਆਂ ਹੋਣਗੀਆਂ। ਜਦੋਂ ਹੁਕਮ ਮੰਨ ਕੇ ਦੋ ਸੇਵਾਦਾਰ ਵੇਖਣ ਗਏ ਤਾਂ ਬਾਹਰ ਉਸੇ ਪਾਸੇ ਹੀ ਬੇ-ਸੁਰਤ ਹੋਈਆਂ ਡਿੱਗੀਆਂ ਪਈਆਂ ਸਨ। ਹੁਕਮ ਅਨੁਸਾਰ ਦੋਵਾਂ ਨੂੰ ਸੇਵਾਦਾਰ ਚੁੱਕ ਕੇ। ਬਾਬਾ ਜੀ ਦੇ ਅੱਗੇ ਲਿਆ ਪਾਈਆਂ। ਵੇਖਣ ਨੂੰ ਤਾਂ ਮੁਰਦਿਆਂ ਵਾਂਗ ਹੀ ਲੱਗਦੀਆਂ ਸਨ। ਇਨ੍ਹਾਂ ਪਈਆਂ ਨੂੰ ਹੀ ਪਾਠ ਸੁਣਾਉਣ ਦਾ ਹੁਕਮ ਹੋਇਆ। ਸਾਰੀ ਰਾਤ ਇਨ੍ਹਾਂ ਨੂੰ ਲਗਾਤਾਰ ਬਾਣੀ ਦਾ ਪਾਠ ਸੁਣਾਉਂਦੇ ਰਹੇ ਤਾਂ ਜਾ ਕੇ ਇਨ੍ਹਾਂ ਨੂੰ ਹੋਸ਼ ਆਈ। ਹੋਸ਼ ਆਉਣ ਤੋਂ ਬਾਅਦ ਬਾਬਾ ਜੀ ਪੁੱਛਣ ਲੱਗੇ ਤੁਹਾਨੂੰ ਉਧਰ ਜਾਣ ਦੀ ਕੀ ਲੋੜ ਸੀ।

"ਲੈ ਲਿਆ ਸਾਡਾ ਇਮਤਿਹਾਨ" ਫਿਰ ਦੋਨਾਂ ਮਾਵਾਂ ਧੀਆਂ ਹੱਥ ਜੋੜ ਕੇ ਮੁਆਫੀ ਮੰਗੀ। ਜੀ ਮਹਾਰਾਜ ਗ਼ਲਤੀ ਹੋ ਗਈ।

**(ਇਹ ਸਾਰੇ ਬਚਨ ਬੀਬੀ ਸ਼ਾਮ ਕੌਰ ਤੋਂ ਮਿਲੇ।)**

## ਐਸੀ ਸੇਵਕੁ ਸੇਵਾ ਕਰੈ ॥
## ਜਿਸ ਕਾ ਜੀਉ ਤਿਸੁ ਆਗੈ ਧਰੈ ॥

**(ਅੰਗ ੬੬੧)**

ਭੁੱਚੋ ਨਗਰ ਵਿਚ ਇਕ ਮਾਤਾ ਦੇ ਘਰ ਬਾਬਾ ਜੀ ਦੇ ਸਮੇਂ ਲੰਗਰ ਪੱਕਦਾ ਹੁੰਦਾ ਸੀ। ਲੰਗਰ ਦਾ ਸਾਮਾਨ ਆਟਾ, ਦਾਲ, ਲੱਕੜਾਂ ਇਸ ਦੇ ਘਰੇ ਹੋਰ



ਸਮਾਨ ਪਿਆ ਹੁੰਦਾ ਸੀ। ਲੋੜ ਸਮੇਂ ਚੀਜ਼ਾਂ ਇਥੋਂ ਹੀ ਲੈ ਲੈਣੀਆਂ। ਇਸ ਘਰ ਸੰਜਮ ਅਤੇ ਸੁੱਚ ਪਵਿਤ੍ਰਤਾ ਬੜੀ ਸੀ। ਲੰਗਰ ਪਕਾ ਕੇ ਸੇਵਕਾਂ ਨੇ ਵਾਧੂ ਆਟਾ ਸੁਕਾ ਪੜੇਥਣ ਵਾਲਾ ਰੱਖ ਆਉਣਾ। ਪਿੱਛੋਂ ਘਰਵਾਲੀ ਮਾਈ ਨੇ ਇਸ ਆਟੇ ਨੂੰ ਮੋੜ ਕੇ ਬਾਬਾ ਜੀ ਵਾਲੇ ਆਟੇ ਵਿਚ ਮਿਲਾ ਦੇਣਾ। ਹਜ਼ੂਰ ਦੇ ਹੁਕਮ ਅਨੁਸਾਰ ਕੋਲਿਆਂ ਉਤੇ ਫੁਲਕੇ ਰਾੜ ਰਾੜ ਕੇ ਰਖਣੇ। ਪਰ ਦਾਗ ਨਹੀਂ ਪੈਣ ਦੇਣਾ। ਇਸ ਮਾਈ ਨੇ ਉਹ ਕੋਲੇ ਵੀ ਬੁਝੀ ਹੋਈ ਸੁਆਹ ਵਿਚੋਂ ਰੱਖ ਕੇ ਬੁਝਾ ਕੇ ਅਗਲੇ ਦਿਨ ਬਾਬਾ ਜੀ ਦੇ ਲੰਗਰ ਵਾਸਤੇ ਰੱਖ ਛੱਡਣੇ। ਬਾਬਾ ਜੀ ਦੀ ਕਿਸੇ ਵਸਤੂ ਨੂੰ ਨਹੀਂ ਛੇੜਨਾ। ਸੇਵਕਾਂ ਨੇ ਰੋਜ਼ ਦੋ ਵੇਲੇ ਸਭ ਕੁਝ ਵੇਖਣਾ ਅਤੇ ਮਾਤਾ ਦੇ ਸਬਰ ਦੀ ਮਨ ਹੀ ਮਨ ਸਿਫਤ ਕਰਨੀ। ਘਰ ਵਿਚ ਗਰੀਬੀ ਹੋਣ ਦੇ ਬਾਵਜੂਦ ਵੀ ਕਿਸੇ ਤਰ੍ਹਾਂ ਬਾਬਾ ਜੀ ਦੀ ਵਸਤੂ ਨਹੀਂ ਛੇੜਨੀ ਅਤੇ ਨਾਂ ਹੀ ਸੇਵਾਦਾਰਾਂ ਪਾਸੋਂ ਮੰਗਣੀ। ਕਈ ਵਾਰ ਸੇਵਕਾਂ ਨੇ ਆਪਸ ਵਿਚ ਵਿਚਾਰ ਕਰਨੀ ਕਿ ਬਾਬਾ ਜੀ ਦੀ ਪਤਾ ਨਹੀਂ ਕੀ ਰਜ਼ਾ ਹੈ, ਜੇ ਤੁਰ ਪੈਣ ਤਾਂ ਸੈਂਸਣ ਵਰਗੀਆਂ 'ਚੋਰੀਆਂ ਕਰਨ ਵਾਲਿਆਂ ਨੂੰ ਰਾਣੀ ਬਣਾ ਦਿੱਤਾ, ਪ੍ਰੰਤੂ ਇਥੇ ਇਤਨੇ ਬਰਸ ਹੋ ਗਏ ਲੰਗਰ ਪੱਕਦੇ ਨੂੰ ਕੀ ਮਜਾਲ ਹੈ ਬਾਬਾ ਜੀ ਦੀ ਕਿਸੇ ਵਸਤੂ ਨੂੰ ਛੇੜਿਆ ਹੋਵੇ, ਸਬਰ ਅਤੇ ਈਮਾਨਦਾਰੀ ਦੀ ਹੱਦ ਹੋ ਗਈ ਹੈ। ਕਦੇ ਵਿਚਾਰ ਕਰਨ ਕਿ ਇਸ ਮਾਈ ਬਾਬਤ ਹਜ਼ੂਰ ਪਾਸ ਬੇਨਤੀ ਕਰਕੇ ਵੇਖ ਲਈਏ। ਕੋਈ ਅੱਗੇ ਹੋ ਕੇ ਗੱਲ ਨਾ ਕਰੇ, ਕਿਉਂਕਿ ਸੇਵਾ ਵਿਚ ਰੱਖਣ ਸਮੇਂ ਬਾਬਾ ਜੀ ਸਾਰਿਆਂ ਨੂੰ ਹਦਾਇਤ ਕਰਦੇ ਸਨ ਕਿ ਨਾ ਕਿਸੇ ਦੀ ਸਿਫਾਰਸ਼ ਨਾ ਕਿਸੀ ਦੀ ਨਿੰਦਿਆ ਚੁਗਲੀ ਸਾਡੇ ਕੋਲ ਕਰਨੀ। ਜੇ ਕਰੋਗੇ ਤਾਂ ਤੁਹਾਨੂੰ ਘਾਟਾ ਪਵੇਗਾ। ਇਸ ਗੱਲ ਤੋਂ ਡਰਦੇ ਸਨ। ਸਾਰੇ ਚਾਹੁੰਦੇ ਹੋਏ ਮਾਈ ਦੀ ਬਾਬਤ ਬੇਨਤੀ ਨਹੀਂ ਕਰਦੇ ਸਨ। ਉਸ ਵੇਲੇ ਮੁਖੀ ਸੇਵਾਦਾਰ ਜਿਹੜੇ ਉਨ੍ਹਾਂ ਦੇ ਨਾਮ ਇਹ ਹਨ ਪੰਡਿਤ ਸ੍ਰੀ ਰਾਮ ਸਿੰਘ ਜੀ ਹਜ਼ੂਰੀ ਸੇਵਕ, ਭਾਈ ਨੀਲਾ ਸਿੰਘ, ਭਾਈ ਭਜਨ ਸਿੰਘ ਮਹਿਰਾ, ਲਾਂਗਰੀ ਸੰਤ ਖੇਮ ਸਿੰਘ ਜੀ ਤੋਂ ਸੰਤ ਈਸ਼ਰ ਸਿੰਘ ਜੀ ਰੋੜੀ ਢੰਡਾਲ ਵਾਲੇ, ਜਿਹੜੇ ਬਾਬਾ ਜੀ ਦੇ ਸਮੇਂ ਉਨ੍ਹਾਂ ਦੀਆਂ ਮਾਲਾ ਬਣਾਉਂਦੇ ਸਨ, ਭਾਈ ਗੁਰਮੁਖ ਸਿੰਘ ਮਲੂਕੇ ਤੋਂ ਇਤਨੇ ਕੁ ਗੁਰਮੁਖਾਂ ਦੇ ਨਾਮ ਮਿਲੇ ਹਨ। ਆਪਸ ਵਿਚ ਵਿਚਾਰ ਤਾਂ ਬਹੁਤ ਦੇਰ ਤੋਂ

ਹੋ ਰਹੀ ਸੀ। ਕੋਈ ਸਮਾਂ ਬਾਬਾ ਜੀ ਨੇ ਜਿਵੇਂ ਆਪ ਹੀ ਅਸਲੀਅਤ ਉਤੋਂ ਪੜ੍ਹਦਾ ਚੁੱਕ ਕੇ ਜਿਵੇਂ ਸੰਗਤ ਨੂੰ ਵਿਖਾਉਣਾ ਸੀ ਕਿ ਮਾਈ ਰੱਤੋ ਜਾਨਕੀ ਬਾਬਾ ਜੀ ਇਸੇ ਨਾਮ ਨਾਲ ਹੀ ਬਲਾਉਂਦੇ ਸਨ। ਅੰਤਰ ਆਤਮਾ ਕਿਤਨੀ ਕੁ ਉੱਚੀ ਅਵਸਥਾ ਵਿਚ ਹੈ। ਇਕ ਦਿਨ ਉਪਰਲੇ ਸਾਰੇ ਸੇਵਾਦਾਰ ਇਕਾਂਤ ਸਮੇਂ ਇਕੱਠੇ ਹੋ ਕੇ ਬਾਬਾ ਜੀ ਪਾਸ ਟਿੱਲੇ ਉਪਰ ਪਹੁੰਚ ਕੇ ਨਮਸ਼ਕਾਰ ਕਰਕੇ ਬੈਠ ਗਏ।

**'ਕਬਿਤੁ'**

**ਹੋਇ ਕੇ ਇਕੱਠੇ ਪ੍ਰੇਮੀ ਤੁਰੇ ਮੱਠੇ ਮੱਠੇ,**
**ਜਾ ਕੇ ਪਹੁੰਚੇ ਹਜ਼ੂਰ ਚਰਨ ਜੁਹਾਰ ਜਬ।**

**ਮਹਾਰਾਜ ਸੇਵਕ ਦਰਸ਼ਨ ਕਰਨ ਆਏ,**
**ਕੌਣ ਕੌਣ ਆਏ ਕੋ ਮਾਲ ਵਿਸਥਾਰ ਸਭ।**
**ਸਾਰਿਆਂ ਨੇ ਨਾਮ ਦੱਸੇ ਸੁਣ ਮਹਾਰਾਜ,**
**ਹੱਸੇ ਕਰਕੇ ਇਸ਼ਾਰਾ ਬੈਠੇ ਨਾਲ ਪਿਆਰ ਸਭ।**
**ਆਏ ਦਰਸ਼ਨ ਕਰਨ ਆਏ ਪ੍ਰਸ਼ਨ ਕਰਨ,**
**ਦਰਸ਼ਨ ਤਾਂ ਹੋਏ ਕਰੋ ਪ੍ਰਸ਼ਨ ਉਚਾਰ ਅਬ।**

**'ਕਬਿਤੁ'**

**ਹੱਥ ਜੋੜ ਸੰਗਤ ਨੇ ਬੇਨਤੀ ਅਰੰਭ ਕੀਤੀ,**
**ਆਪ ਸਮ੍ਰੱਥ ਜਾਣੀ ਜਾਣਦੇ।**
**ਆਦਿ ਕਾਲ ਤੋਂ ਹੀ ਸੁਣਦੇ ਪ੍ਰਸੰਗ ਰਹੇ,**
**ਭਗਤ ਦੁੱਖ ਵਿਚ ਸੁੱਖ ਰਹੇ ਮਾਣਦੇ।**

ਨਾਮਦੇਵ, ਰਵੀਦਾਸ ਔਰ ਕਬੀਰ, ਜੈ ਦੇਵ ਦੁਖ ਸੁਖ ਦਾਤਾ ਇਕ ਪ੍ਰਭੂ ਨੂੰ ਪਛਾਣਦੇ। ਭਗਤਾਂ ਦੀ ਲੋੜ ਸਦਾ ਪੂਰੀ ਕੀਤੀ ਹਰਿ ਜੀ ਨੇ ਆਪ ਭੀ ਪ੍ਰਸੰਗ ਸਦਾ ਐਸੇ ਹੀ ਬਖਾਣਦੇ।

**'ਕਬਿਤੁ'**

**ਜਾਣੀ ਜਾਣ ਗਏ, ਜੁਗਤ ਪਛਾਣ ਗਏ,**
**ਹੱਥ ਨੂੰ ਉਠਾਇ ਮੁਖੋਂ ਬੋਲਦੇ ਨੇ ਹੱਸ ਕਰ।**



**ਰੱਤੋ ਮਾਈ ਵਾਂਗੂ ਭਗਤ ਪ੍ਰੇਮ ਵਿਚ ਮਸਤ ਰਹਿਣ,**
**ਰੱਬ ਦੇਵੇ ਉਹਨਾਂ ਲੈਂਦੇ ਕਹਿਣ ਬੱਸ ਬੱਸ ਕਰ।**
**ਮਨ ਰੂਪੀ ਘੋੜੇ ਉਤੇ ਸ਼ਬਦ ਦੀ ਸਵਾਰੀ ਕਰ।**
**ਸੁਰਤ ਦੀ ਲਗਾਮ ਐਨੇ ਰਖਦੇ ਨੇ ਕੱਸ ਕਰ।**
**ਆਪ ਵੀ ਤਰਨ ਅਤੇ ਸਾਥੀਆਂ ਨੂੰ ਤਾਰ ਦਿੰਦੇ।**
**ਮੁਖੋਂ ਜੋ ਕਹਿ ਸੋਈ ਮੰਨੇ ਰਬ ਸੱਤ ਕਰ।**
**ਉਪਰੰਤ ਹੁਕਮ ਹੋਇਆ ਮਾਈ ਨੂੰ ਹਾਜ਼ਰ ਕਰੋ।**

ਸੇਵਕਾਂ ਦੇ ਨਾਲ ਮਾਈ ਹਜ਼ੂਰ ਦੇ ਚਰਨਾਂ ਵਿਚ ਆ ਮੱਥਾ ਟੇਕਿਆ। ਉਪਰੰਤ ਬਾਬਾ ਜੀ ਨੇ ਬਚਨ ਕੀਤਾ ਕਿ ਮਾਈ ਅੱਜ ਸੰਗਤ ਚਾਹੁੰਦੀ ਹੈ ਤੇ ਸੰਗਤ ਦੇ ਨਾਲ ਅਸੀਂ ਵੀ ਚਾਹੁੰਦੇ ਹਾਂ ਕਿ ਤੂੰ ਕੁਝ ਮੰਗ ਲੈ। ਫਿਰ ਮਾਈ ਨੇ ਹੱਥ ਜੋੜ ਕੇ ਬੇਨਤੀ ਕੀਤੀ ਕਿ ਮਹਾਰਾਜ ਆਪਦੇ ਚਰਨ ਮੇਰੇ ਵਾਸਤੇ ਮਹਿਲ ਹਨ। ਹੋਰ ਕਿਸੇ ਵਸਤੂ ਦੀ ਇੱਛਾ ਨਹੀਂ ਉਪਰੰਤ ਬਾਬਾ ਜੀ ਬੜੇ ਪ੍ਰਸੰਨ ਹੋ ਕੇ ਹੇਠ ਲਿਖੀਆਂ ਵਸਤੂਆਂ ਦੀ ਬਖਸ਼ਿਸ ਕੀਤੀ। ਇਕ ਖਦਰ ਦਾ ਦੁਪੱਟਾ ਉਸ ਨੂੰ ਗੰਢ ਪਾ ਕੇ ਦੂਜੇ ਸਿਰੇ ਵਿਚ ਹੋਰ ਗੰਢ ਦੇ ਕੇ ਉਸ ਵਿਚ ਚਾਂਦੀ ਦਾ ਰੁਪਈਆ ਰੱਖ ਦਿੱਤਾ ਜੋ ਅੱਜ ਤੱਕ ਮਾਈ ਦੇ ਪਰਿਵਾਰ ਪਾਸ ਮੌਜੂਦ ਹੈ।

ਇਸ ਪ੍ਰਸੰਗ ਟੂਕ ਮਾਤ੍ਰ ਪਿਛਲੇ ਹਿੱਸੇ ਵਿਚ ਵੀ ਆਇਆ ਹੈ ਪਰ ਪੂਰਾ ਇਥੇ ਹੀ ਹੋਇਆ ਹੈ।

**(ਬਾਬੇ ਮਹਿਤਾਬ ਸਿੰਘ ਦੇ ਪੋਤਰੇ ਪਾਸੋਂ ਪ੍ਰਸੰਗ ਮਿਲਿਆ)**

**ਐਸੇ ਨੇ ਦਿਆਲ ਬਾਬਾ ਮਹਾਂ ਹਰਿਨਾਮ ਸਿੰਘ**
**ਸੇਵਕਾਂ ਨੂੰ ਤੁੱਠ ਦਿੰਦੇ ਬਖਸ਼ਿਸ਼ਾਂ ਮਹਾਨੀਆ-**
**ਤੇਰੇ ਜਿਹਾ ਕੋਈ ਨਾ ਕ੍ਰਿਪਾਲੂ ਸੰਸਾਰ ਵਿਚ**
**ਜੱਗ ਹੋਵਦਾ ਹੈਰਾਨ ਸੁਣ ਤੇਰੀਆਂ ਕਹਾਣੀਆਂ**
**ਧੰਨ ਓਹ ਪ੍ਰੇਮੀ ਜਿੰਨ੍ਹਾ ਸੇਵਾ ਹੈ ਕਮਾਈ**
**ਕੀਤਾ ਸਫਲ ਜਨਮ ਏਹ ਅਮਰ ਕਹਾਣੀਆਂ**
**ਤੇਰੀਆਂ ਕਹਾਣੀਆਂ ਨਾ ਜਾਂਦੀਆਂ ਬਖਾਣੀਆਂ**
**ਪੂਜਦੇ ਨੇ ਲੋਕ ਅੱਜ ਤੇਰੀਆਂ ਨਿਸ਼ਾਨੀਆਂ**

# ਕਹੁ ਨਾਨਕ ਕਰਤੇ ਕੀਆ ਬਾਤਾ
# ਜੋ ਕਿਛੁ ਕਰਣਾ ਸੁ ਕਰਿ ਰਹਿਆ ॥

**(ਅੰਗ ੪੬੯)**

ਇਕ ਵਾਰ ਬਾਬਾ ਜੀ ਕਲੇਰਾਂ ਵਾਲੇ ਕਲੇਰਾਂ ਤੋਂ ਸੰਗਤ ਨਾਲ ਲੈ ਕੇ ਦਰਸ਼ਨ ਕਰਨ ਆਏ। ਕੁਝ ਕਲੇਰਾਂ ਦੇ ਪ੍ਰੇਮੀ ਬਚਨ ਸਿੰਘ ਔਲਖ, ਕੇਹਰ ਸਿੰਘ ਸੁਖਮਨੀਆਂ ਅਤੇ ਗਾਲਬ ਕਲਾਂ ਤੋਂ ਜ਼ੈਲਦਾਰ ਜੋਗਿੰਦਰ ਸਿੰਘ ਕਿੱਲੀ ਚਾਹਲਾ ਤੋਂ ਹਰਿਨਾਮ ਸਿੰਘ ਸਿਤਾਰਾ ਵਾਲਾ, ਇਤਨੇ ਕੁ ਪ੍ਰੇਮੀਆਂ ਦੇ ਨਾਮ ਦਾ ਪਤਾ ਲੱਗ ਸਕਿਆ। ਭੁੱਚੋ ਪਹੁੰਚਣ ਉਪਰੰਤ ਬਾਬਾ ਜੀ ਕਲੇਰਾਂ ਵਾਲਿਆਂ ਨੇ ਸੰਗਤ ਨੂੰ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੀ ਮਰਯਾਦਾ ਦੇ ਅਨੁਸਾਰ ਨਾਮ ਪਤੇ ਵਗੈਰਾ ਲਿਖਵਾਏ ਤੇ ਲੰਗਰ ਛੱਕਣ ਦਾ ਹੁਕਮ ਹੋਇਆ ਤੇ ਬਾਅਦ ਵਿਚ ਜਦੋਂ ਰਾਤ ਆਈ ਤਾਂ ਗਾਲਬ ਵਾਲੇ ਸ: ਜੁਗਿੰਦਰ ਸਿੰਘ ਘਰ ਨੂੰ ਜਾ ਕੇ ਮੰਜੇ ਤੇ ਪੈਣ ਦਾ ਹੁਕਮ ਹੋਇਆ ਤੇ ਇਕੱਲਾ ਜੁਗਿੰਦਰ ਸਿੰਘ ਸੰਗਦਾ ਹੋਇਆ ਜਾਵੇ ਨਾ ਬਾਰ-ਬਾਰ ਕਹਿਣ ਤੇ ਇਹ ਚਲਿਆ ਗਿਆ। ਅਗਲੇ ਦਿਨ ਸੰਗਤ ਨੇ ਜਾਣ ਦੀ ਆਗਿਆ ਮੰਗੀ। ਬਾਬਾ ਜੀ ਨੇ ਆਗਿਆ ਦੇ ਦਿੱਤੀ।

ਇਨ੍ਹਾਂ ਤੋਂ ਬਾਅਦ ਕਿੱਲੀ ਚਾਹਲਾਂ ਵਾਲਾ ਹਰਿਨਾਮ ਸਿੰਘ, ਬਾਬਾ ਮਹਾਂ ਹਰਿਨਾਮ ਸਿੰਘ ਜੀ ਮਹਾਰਾਜ ਕੋਲ ਇਕੱਲਾ ਜਾ ਕੇ ਕਹਿਣ ਲੱਗਾ ਜੀ ਮੈਨੂੰ ਵੀ ਆਗਿਆ ਹੈ। ਬਾਬਾ ਜੀ ਕਹਿਣ ਲੱਗੇ "ਤੂੰ ਕੌਣ ਹੈ" ਉਸ ਨੇ ਦੱਸਿਆ ਮੈਂ ਕਲੇਰਾਂ ਵਾਲੇ ਮਹਾਂਪੁਰਸ਼ਾਂ ਨਾਲ ਆਇਆ ਹਾਂ। ਫਿਰ ਉਸ ਨੂੰ ਪੁੱਛਿਆ ਕਿ ਤੇਰਾ ਨਾਮ ਕੀ ਹੈ? ਕੀ ਕੰਮ ਕਰਦਾ ਹੈਂ। ਉਸ ਦੇ ਦੱਸਣ ਉਪਰੰਤ ਬਾਬਾ ਜੀ ਬੋਲੇ "ਤੈਨੂੰ ਜਾਣ ਦੀ ਆਗਿਆ ਨਹੀਂ" ਉਸ ਨੇ ਨਾਲ ਦੀ ਸੰਗਤ ਕੋਲ ਆ ਕੇ ਦੱਸਿਆ ਕਿ ਮੈਨੂੰ ਜਾਣ ਦੀ ਆਗਿਆ ਨਹੀਂ। ਮੈਨੂੰ ਰਹਿਣਾ ਬੜਾ ਮੁਸ਼ਕਿਲ ਹੈ। ਮੈਨੂੰ ਆਗਿਆ ਦਿਵਾਓ। ਤਾਂ ਸੰਗਤ ਨੇ ਉਸ ਨੂੰ ਟੋਕਿਆ



ਅਤੇ ਕਿਹਾ ਕਿ ਜਦੋਂ ਪਹਿਲਾਂ ਸਾਰੀ ਸੰਗਤ ਨੇ ਆਗਿਆ ਲੈ ਲਈ ਸੀ ਤੂੰ ਵੀ ਵਿਚ ਹੀ ਸੀ। ਤੂੰ ਫਿਰ ਇਕੱਲੇ ਨੇ ਕਿਉਂ ਪੁੱਛਿਆ। ਤੇ ਉਸ ਨੇ ਵਿਚਲੀ ਗੱਲ ਫੇਰ ਦੱਸੀ ਕਿ ਮੈਂ ਤਾਂ ਵੇਖਿਆ ਸੀ ਇਨ੍ਹਾਂ ਕੋਲ ਮਾਇਆ ਦਾ ਵਰਤਾਰਾ ਖੁੱਲ੍ਹਾ ਹੈ। ਕੁਝ ਰੁਪਏ ਇਥੋਂ ਮਿਲ ਜਾਣਗੇ। ਤਾਂ ਸੰਗਤ ਨੇ ਕਿਹਾ ਕਿ ਅਸੀਂ ਤਾਂ ਹੁਣ ਕੁਝ ਨਹੀਂ ਕਰ ਸਕਦੇ ਤੇ ਆਪਾਂ ਸਾਰੇ ਕਲੇਰਾਂ ਵਾਲੇ ਸੰਤਾਂ ਨੂੰ ਬੇਨਤੀ ਕਰਾਂਗੇ। ਫਿਰ ਸੰਗਤ ਨੇ ਕਲੇਰਾਂ ਵਾਲੇ ਮਹਾਂਪੁਰਸ਼ਾਂ ਕੋਲ ਸਾਰੀ ਹਕੀਕਤ ਦੱਸੀ। ਸੁਣ ਕੇ ਬਾਬਾ ਜੀ ਬੋਲੇ "ਇਸ ਨੇ ਮਾੜਾ ਕੰਮ ਕੀਤਾ" ਤੇ ਫਿਰ ਜਾਣ ਸਮੇਂ ਬਾਬਾ ਜੀ ਨੇ ਇਸ ਕਿੱਲੀ ਵਾਲੇ ਸਿੰਘ ਦਾ ਜ਼ਿਕਰ ਕੀਤਾ ਕਿ ਮਹਾਰਾਜ ਜੀ ਉਸ ਨੂੰ ਵੀ ਆਗਿਆ ਦੇ ਦਿਓ। ਤਾਂ ਭੁੱਚੋ ਵਾਲੇ ਬਾਬਾ ਜੀ ਫੁਰਮਾਇਆ "ਤੁਹਾਡੇ ਕੋਲ ਉਹ ਕੀ ਕਰਦਾ ਹੈ?" ਕਲੇਰਾਂ ਵਾਲੇ ਬਾਬਾ ਜੀ ਨੇ ਦੱਸਿਆ ਕਿ ਕਦੇ-ਕਦੇ ਸਾਨੂੰ ਸਿਤਾਰ ਤੇ ਕੀਰਤਨ ਸੁਣਾ ਦਿੰਦਾ। ਤਾਂ ਅੱਗੋਂ ਭੁੱਚੋ ਵਾਲੇ ਬਾਬਾ ਜੀ ਕਹਿਣ ਲੱਗੇ ਚਲੋ ਸਾਨੂੰ ਵੀ ਚਾਲੀ ਕੁ ਦਿਨ ਸਿਤਾਰ ਸੁਣ ਲੈਣ ਦਿਓ। ਸਾਡਾ ਵੀ ਜੀ ਕਰਦਾ ਹੈ ਪਰ ਇਸ ਨੂੰ ਆਗਿਆ ਤਾਂ ਚਾਲੀ ਦਿਨ ਬਾਅਦ ਹੀ ਹੋਵੇਗੀ ਤੇ ਨਾਲ ਬਚਨ ਹੋਇਆ ਤੁਹਾਨੂੰ ਸਭ ਸੰਗਤਾਂ ਨੂੰ ਆਗਿਆ। ਪਿਛੋਂ ਕਿੱਲੀ ਵਾਲਾ ਹਰਿਨਾਮ ਸਿੰਘ ਬਹੁਤ ਉਦਾਸ ਹੋਇਆ ਜਦੋਂ ਸੰਗਤ ਚਲੀ ਗਈ। ਇਥੇ ਰਹਿਣ ਸਮੇਂ ਕਿੱਲੀ ਵਾਲੇ ਸਿੰਘ ਨੇ ਬੜੇ ਆਨੇ ਬਹਾਨੇ ਬਣਾਏ। ਉਕਤੀਆਂ ਜੁਗਤੀਆਂ ਵਰਤੀਆਂ। ਕੋਈ ਸਿਰੇ ਨ ਲੱਗੇ ਤੇ ਨਾ ਹੀ ਬਾਬਾ ਜੀ ਨੇ ਇਥੇ ਰਹਿਣ ਸਮੇਂ ਉਸ ਤੋਂ ਸਿਤਾਰ ਸੁਣੀ। ਅਖੀਰ ਨੂੰ ਚਾਲੀ ਦਿਨ ਬਾਅਦ ਹੀ ਜਾਣ ਦੀ ਆਗਿਆ ਮਿਲੀ।

ਫਿਰ ਜਦੋਂ ਵੀ ਕਲੇਰਾਂ ਤੋਂ ਸੰਗਤ ਭੁੱਚੋ ਆਵੇ ਤਾਂ ਬਾਅਦ ਵਿਚ ਇਸ ਨੇ ਆਉਣ ਦਾ ਹੌਂਸਲਾ ਨਾ ਕੀਤਾ।

**(ਇਹ ਬਚਨ ਜੁਗਿੰਦਰ ਸਿੰਘ ਜ਼ੈਲਦਾਰ ਗਾਲਬ ਕਲਾਂ ਤੋਂ ਮਿਲਿਆ)**

# ਸਤਿਗੁਰ ਕੀ ਗਣਤੈ ਘੁਸੀਐ
# ਦੁਖੇ ਦੁਖਿ ਵਿਹਾਇ ॥

**(ਅੰਗ ੩੧੪)**

ਪਿੰਡ ਕੋਠਾ ਗੁਰੂ (ਜ਼ਿਲ੍ਹਾ ਬਠਿੰਡਾ) ਦਾ ਰਹਿਣ ਵਾਲਾ ਇਕ ਪ੍ਰੇਮੀ ਭਾਈ ਕਿਸ਼ਨ ਸਿੰਘ ਰਾਜਾ ਸਿੱਖ ਸ੍ਰੀਮਾਨ ੧੦੮ ਸੰਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਦਾ ਪਰਮ ਸ਼ਰਧਾਲੂ ਸੀ। ਭਾਵੇਂ ਪਿੰਡ ਕੋਠਾ ਤੋਂ ਭੁੱਚੋ ਦਾ ਰਸਤਾ ਬੜਾ ਵਿਖੜਾ ਸੀ। ਪਰ ਫਿਰ ਵੀ ਭਾਈ ਕਿਸ਼ਨ ਸਿੰਘ ਸਾਲ ਵਿਚ ਇਕ ਦੋ ਵਾਰ ਦਰਸ਼ਨ ਕਰਨ ਆਇਆ ਕਰਦਾ ਸੀ।

ਇਕ ਸਮੇਂ ਕਿਸ਼ਨ ਸਿੰਘ ਨੇ ਬਾਬਾ ਜੀ ਕੋਲ ਬੇਨਤੀ ਕੀਤੀ ਕਿ ਮਹਾਰਾਜ ਘਰ ਵਿਚ ਗ਼ਰੀਬੀ ਹੈ ਕ੍ਰਿਪਾ ਕਰੋ ਘਰ ਦੀ ਗ਼ਰੀਬੀ ਖ਼ਤਮ ਕਰੋ।

ਸ੍ਰੀ ਸੰਤ ਮਹਾਰਾਜ ਜੀ ਨੇ ਵਿਚਾਰ ਕੀਤਾ ਤੇ ਤਾਰੀਖ ਨੀਯਤ ਕਰਕੇ ਮੁੜ ਕੇ ਆਉਣ ਦਾ ਸਮਾਂ ਦੱਸ ਦਿੱਤਾ ਇਸ ਦਿਨ ਆਉਣਾ ਕੋਈ ਵਿਚਾਰ ਕਰਾਂਗੇ।

ਕਿਸੇ ਘਰੋਗੀ ਕੰਮਾਂ ਕਾਰਨ ਭਾਈ ਕਿਸ਼ਨ ਸਿੰਘ ਦਿੱਤੇ ਹੋਏ ਦਿਨ ਤੇ ਨਾ ਪੁੱਜ ਸਕਿਆ। ਕਈ ਦਿਨ ਮਗਰੋਂ ਪਛੜ ਕੇ ਗਿਆ ਤੇ ਮਹਾਂਪੁਰਖਾਂ ਨੂੰ ਨਮਸ਼ਕਾਰ ਕਰਕੇ ਬੈਠ ਗਿਆ।

ਸ੍ਰੀ ਸੰਤ ਮਹਾਰਾਜ ਜੀ ਬੋਲੇ "ਕਿ ਪ੍ਰੇਮੀਆਂ ਜਿਹੜਾ ਦਿਨ ਤੈਨੂੰ ਆਉਣ ਨੂੰ ਦਿੱਤਾ ਸੀ ਉਸ ਤੋਂ ਪਛੜ ਕਿਉਂ ਗਿਆ।"

ਭਾਈ ਕਿਸ਼ਨ ਸਿੰਘ ਜੀ ਨੇ ਆਪਣੀ ਪੇਂਡੂ ਬੋਲੀ ਵਿਚ ਹੱਥ ਜੋੜ ਕੇ ਕਿਹਾ ਜੀ ਕੁਝ ਢਿੱਲ-ਮਿੱਸ, ਪਛੜ ਪਛੜਾ ਹੋ ਹੀ ਗਿਆ। ਤਾਂ ਬਾਬਾ ਜੀ ਬੋਲੇ ਕਿ ਹੁਣ ਤਾਂ ਢਿੱਲ-ਮਿੱਸ ਹੀ ਰਹੇਗੀ।

ਸੋ ਹੁਣ ਤੱਕ ਵੀ ਇਸ ਪਰਿਵਾਰ ਵਿਚ ਆਲਸ ਗ਼ਰੀਬੀ ਬਹੁਤ ਰਹੀ



ਪਰ ਮਹਾਂਪੁਰਖਾਂ ਦੀ ਸੰਗਤ ਕਰਕੇ ਇਸ ਪਰਿਵਾਰ ਦੇ ਜੀਅ ਨਿਮਰਤਾ ਵਾਲੇ ਧਰਮੀ ਸਤੋ ਗੁਣੀ ਸੁਭਾਅ ਦੇ ਰਹੇ ਹਨ। ਹੁਣ ਇਹ ਪਰਿਵਾਰ ਚੰਗੀ ਜ਼ਿੰਮੀਦਾਰੀ ਕਰ ਰਿਹਾ ਹੈ ਪਰਿਵਾਰ ਦਾ ਮੁਖੀ ਭਾਈ ਜਗਮੀਤ ਸਿੰਘ ਸਤੋ ਗੁਣੀ ਨਿਮਰਤਾ ਵਾਲਾ ਹੈ।

**(ਇਹ ਬਚਨ ਗਿਆਨੀ ਬਲਵੰਤ ਸਿੰਘ ਕੋਠਾ ਗੁਰੂ ਕਾ ਤੋਂ ਪ੍ਰਾਪਤ ਹੋਏ)**

# ਅਪਨੇ ਸੇਵਕ ਕਉ ਆਪਿ ਸਹਾਈ॥

**(ਅੰਗ ੨੦੨)**

ਇਕ ਵਾਰ ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਕੁਝ ਸੇਵਾਦਾਰਾਂ ਨੂੰ ਕੋਲੋਂ ਮਾਇਆ ਦੇ ਕੇ ਆਉਣ ਜਾਣ ਦਾ ਕਿਰਾਇਆ ਦੇ ਕਰਕੇ ਬੀਕਾਨੇਰੀ ਮਿਸ਼ਰੀ ਅਤੇ ਘਿਓ ਲੈਣ ਵਾਸਤੇ ਭਾਈ ਚੰਦਾ ਸਿੰਘ ਅਤੇ ਪਾਠੀ ਅਰਜਨ ਸਿੰਘ ਢੀਂਡਸਾ ਇਨ੍ਹਾਂ ਦੋਹਾਂ ਨੂੰ ਜਾਣ ਦਾ ਹੁਕਮ ਹੋਇਆ ਹੁਕਮ ਅਨੁਸਾਰ ਭੁੱਚੋ ਤੋਂ ਚਲਕੇ ਬਠਿੰਡਾ ਸਟੇਸ਼ਨ ਤੇ ਜਾ ਕੇ ਜਿਸ ਵਕਤ ਟਿਕਟ ਲੈਣ ਦੀ ਤਿਆਰੀ ਕਰਨ ਲੱਗੇ ਉਸ ਵਕਤ ਮਾਲੂਮ ਹੋਇਆ ਕਿ ਪ੍ਰੇਮੀਆਂ ਵਾਲੀ ਗੰਢ ਕੱਟੀ ਗਈ ਹੈ ਬੜੇ ਹੈਰਾਨ ਹੋਏ। ਉਸ ਸਮੇਂ ਮਨ ਨੂੰ ਬੜੀ ਹੈਰਾਨਗੀ ਹੋਈ ਜਿਵੇਂ ਬਾਣੀ ਵਿਚ ਫੁਰਮਾਇਆ ਹੈ।

**ਥਰਹਰ ਕੰਪੈ ਬਾਲਾ ਜੀਉ ॥**
**ਨਾ ਜਾਨਉ ਕਿਆ ਕਰਸੀ ਪੀਉ ॥**

**ਅੰਗ ੭੯੨**

ਸੋਚਣ ਹੁਣ ਕੀ ਕਰੀਏ ਜੋ ਸਮਾਨ ਬਾਬਾ ਨੇ ਜੀ ਲੈ ਆਉਣ ਦਾ ਹੁਕਮ ਕੀਤਾ ਹੈ ਨਾ ਉਹ ਹੀ ਆ ਸਕਦਾ ਸੀ, ਨਾ ਹੀ ਅੱਗੇ ਜਾਇਆ ਜਾ ਸਕਦਾ ਸੀ। ਇਸ ਸਮੇਂ ਬਠਿੰਡੇ ਦੋ ਗੱਡੀਆਂ ਦਾ ਜ਼ੰਕਸ਼ਨ ਹੋਣ ਕਰਕੇ ਮੇਲ ਹੋਇਆ। ਇਹ ਦੋਵੇਂ ਅਰਜਨ ਸਿੰਘ ਅਤੇ ਚੰਦਾ ਸਿੰਘ ਅੱਖਾਂ ਮੀਚੀ ਬੈਠੇ ਸਨ। ਇਸ ਸਮੇਂ ਅਚਾਨਕ ਇਕ ਸਿੰਘ ਨਵਾਂ ਹੀ ਇਨ੍ਹਾਂ ਪਾਸ ਆ ਕੇ ਰੁਕਿਆ ਅਤੇ ਇਸ ਨੂੰ ਪੁੱਛਿਆ ਤੁਸੀਂ ਭੁੱਚੋ ਤੋਂ ਬਾਬਾ ਜੀ ਦੇ ਸੇਵਾਦਾਰ ਹੋ। ਫਿਰ ਇਨ੍ਹਾਂ

ਦੇ ਹਾਂ ਕਹਿਣ ਉਤੇ ਉਸ ਪ੍ਰੇਮੀ ਨੇ ਆਪਣੀ ਜੇਬ ਵਿਚ ਹੱਥ ਪਾਇਆ। ਕੁਝ ਮਾਇਆ ਇਕ ਰੁਮਾਲ ਬੰਨੀ ਹੋਈ ਕੱਢ ਕੇ ਬੋਲਿਆ ਤੁਸੀਂ ਤਾਂ ਉਥੇ ਜਾਣਾ ਹੀ ਹੈ। ਇਹ ਮੇਰੀ ਸੇਵਾ ਉਥੇ ਚਰਨਾਂ ਵਿਚ ਪਹੁੰਚਾ ਦੇਣੀ ਉਥੇ ਇਨ੍ਹਾਂ ਦੋਹਾਂ ਨੂੰ ਮਾਇਆ ਪਕੜਾ ਕੇ ਆਪ ਗਡੀ ਵੱਲ ਨੂੰ ਚਲਿਆ ਗਿਆ। ਇਨ੍ਹਾਂ ਨੇ ਬਠਿੰਡੇ ਤੋਂ ਗੱਡੀ ਚੜ੍ਹ ਕੇ ਬੀਕਾਨੇਰ ਪਹੁੰਚ ਕੇ ਜੋ ਸਮਾਨ ਬਾਬਾ ਜੀ ਨੇ ਲੈ ਆਉਣ ਦਾ ਹੁਕਮ ਦਿੱਤਾ ਸੀ ਲੈਣ ਚਲੇ ਗਏ। ਪੈਸੇ ਜਿਤਨੇ ਹਜ਼ੂਰ ਨੇ ਆਪ ਗਿਣਕੇ ਦਿੱਤੇ ਸਨ, ਇਹ ਵੀ ਉਤਨੇ ਹੀ ਹੋਣ ਕਰਕੇ ਸਮਾਨ ਖਰੀਦਣ ਵਿਚ ਕੋਈ ਰੁਕਾਵਟ ਨਹੀਂ ਹੋਈ। ਉਪਰੰਤ ਸਭ ਸਾਮਾਨ ਲੈ ਦੋਵੇਂ ਸੇਵਾਦਾਰ ਬਾਬਾ ਜੀ ਪਾਸ ਪਹੁੰਚ ਗਏ, ਉਪਰੰਤ ਬਾਬਾ ਜੀ ਨੇ ਲੀਰ ਇਨ੍ਹਾਂ ਵੱਲ ਵਧਾ ਕੇ ਨਾਲ ਹੀ ਬਚਨ ਕੀਤਾ ਕਿ ਇਸ ਲੀਰ ਬਿਨਾਂ ਤੁਹਾਡਾ ਸਰਦਾ ਨਹੀਂ ਸੀ। ਤੁਹਾਡਾ ਕੰਮ ਸਰ ਗਿਆ ਸੀ। ਤੁਹਾਡੇ ਕਹਿਣ ਦੇ ਮੁਤਾਬਕ ਅਸੀਂ ਗੰਢ ਕਟੀ ਏ, ਦੇਣ ਲਈ ਮਗਰ ਗਏ ਪੰਜ ਕੋਹ ਟਿਬਿਆਂ ਦੀ ਵਾਟ ਕਰਨੀ ਪਈ।

ਉਪਰੰਤ ਦੋਹਾਂ ਨੇ ਨਮਸ਼ਕਾਰ ਕੀਤੀ।

**(ਇਹ ਬਚਨ ਪੰਡਿਤ ਸ੍ਰੀ ਰਾਮ ਸਿੰਘ ਜੀ ਮਲੂਕੇ ਵਾਲਿਆਂ ਤੋਂ ਸ. ਖੜਗ ਸਿੰਘ ਨੇ ਸੁਣਾਇਆ ਅਤੇ ਲਿਖਵਾਇਆ।)**

# ਸੇਵਕ ਕਉ ਸੇਵਾ ਬਨਿ ਆਈ ॥

**(ਅੰਗ ੨੯੨)**

ਇਕ ਸਮੇਂ ਹਜ਼ੂਰ ਨੇ ਭਾਈ ਨੀਲਾ ਸਿੰਘ ਨੂੰ ਹਜ਼ੂਰੀ ਵਿਚ ਸੱਦ ਕੇ ਹੁਕਮ ਕੀਤਾ ਕਿ ਤੂੰ ਦੋ ਸੇਵਾਦਾਰ ਪਿੰਡ ਵਿਚੋਂ ਆਪਣੇ ਨਾਲ ਲੈ ਜਾਹ ਅਤੇ ਮਰ੍ਹਾਝ ਪਿੰਡ ਵਿਚ ਮਹਿਰਿਆ ਦੀ ਭੱਠੀ ਵਿਚ ਇਕ ਕੁੱਤੀ ਸੂਈ ਹੈ। ਕਾਲੇ ਰੰਗ ਦੀ ਉਸ ਦੇ ਬਾਰਾਂ ਕਤੂਰੇ ਹਨ, ਚਾਰ ਕਤੂਰੀਆਂ ਹਨ, ਬੱਚਿਆਂ ਨੂੰ ਟੋਕਰੇ ਵਿਚ ਪਾ ਲੈਣਾ ਤੇ ਕੁੱਤੀ ਦੇ ਗੱਲ ਰੱਸਾ ਪਾ ਕੇ ਲੈ ਆ ਉਹ ਕੁੱਤੀ ਵੱਢਦੀ ਬਹੁਤ ਹੈ, ਖਿਆਲ ਰੱਖਣਾ। ਉਪਰੰਤ ਹੁਕਮ ਮੰਨ ਕੇ ਸੇਵਕ ਚਲੇ ਗਏ। ਵੱਡਾ ਪਿੰਡ ਸੀ ਖਾਸ ਥਾਂ ਦੀ ਨਿਸ਼ਾਨੀ ਕੋਈ ਦੱਸੀ ਨਹੀਂ ਸੀ। ਸੇਵਕ ਹੁਕਮ ਮੰਨ



ਕੇ ਚਲੇ ਗਏ ਕਈ ਭੱਠੀਆਂ ਵਿਚ ਭਾਲ ਕੀਤੀ ਪਰ ਕੋਈ ਪਤਾ ਨਾ ਲੱਗ ਸਕਿਆ। ਨਗਰ ਦੇ ਲੋਕਾਂ ਨੇ ਲਗਾਤਾਰ ਕਈ ਦਿਨ ਤੋਂ ਨਵੇਂ ਬੰਦੇ ਫਿਰਦੇ ਵੇਖ ਕੇ ਪਹਿਲਾਂ ਕੁਝ ਗੌਰ ਨਾ ਕੀਤੀ। ਅਖੀਰ ਉਸ ਦਿਨ ਪੁੱਛ ਹੀ ਲਿਆ ਕਿ, ਬਈ ਸਿੱਖੋਂ ਤੁਸੀਂ ਕਿਸ ਪਿੰਡ ਤੋਂ ਆਏ ਹੋ ਅਤੇ ਕਿਸ ਨੂੰ ਭਾਲਦੇ ਹੋ। ਇਨ੍ਹਾਂ ਨੇ ਜਦੋਂ ਆਪਣੀ ਬਾਬਤ ਦੱਸਿਆ ਤੇ ਉਹ ਲੋਕ ਸੁਣ ਕੇ ਹੈਰਾਨ ਹੋਏ। ਫਿਰ ਨਗਰ ਵਾਸੀਆਂ ਨੇ ਇਨ੍ਹਾਂ ਦੀਆਂ ਗੱਲਾਂ ਉਤੇ ਹੈਰਾਨਗੀ ਪ੍ਰਗਟ ਕੀਤੀ ਅਤੇ ਹੱਸਣ ਲੱਗੇ ਕਿ ਸੰਤਾਂ ਨੇ ਇਕ ਕੁੱਤੀ ਵਾਸਤੇ ਇਤਨੇ ਦਿਨਾਂ ਤੋਂ ਕਈ ਬੰਦੇ ਭੁੱਚੋ ਤੋਂ ਭੇਜੇ ਹਨ ਅਤੇ ਕਹਿਣ ਲੱਗੇ, "ਪ੍ਰੇਮੀਓ" ਵੱਡਾ ਪਿੰਡ ਹੈ। ਇਸ ਤਰ੍ਹਾਂ ਤੁਹਾਨੂੰ ਪਤਾ ਨਹੀਂ ਲੱਗਣਾ ਤੇ ਤੁਸੀਂ ਪਿੱਛੇ ਵਾਪਸ ਮੁੜ ਜਾਓ ਨੀਲਾ ਸਿੰਘ ਨੇ ਕੁੱਤੀ ਲਏ ਬਿਨਾਂ ਮੁੜਨ ਤੋਂ ਇਨਕਾਰ ਕਰ ਦਿੱਤਾ। ਕੁਝ ਸਮਝਦਾਰ ਬੰਦਿਆਂ ਨੇ ਪਹਿਲਾਂ ਤਾਂ ਇਨ੍ਹਾਂ ਨੂੰ ਰੋਟੀ ਪਾਣੀ ਪੁੱਛਿਆ। ਇਨ੍ਹਾਂ ਨੇ ਕਿਹਾ ਸਾਨੂੰ ਉਨ੍ਹਾਂ ਮਹਾਂਪੁਰਖਾਂ ਨੇ ਕੁੱਤੀ ਦੀ ਖਾਸ ਤਾਕੀਦ ਕੀਤੀ ਤੇ ਜ਼ਰੂਰ ਲੱਭ ਕੇ ਲੈ ਜਾਣੀ ਹੈ, ਤੇ ਰੋਟੀ ਗੁਰਦੁਆਰੇ ਤੋਂ ਖਾਂਦੇ ਰਹੇ ਹਾਂ ਤੇ ਉਥੇ ਰਾਤ ਨੂੰ ਜਾ ਕੇ ਖਾਂਵਾਗੇ।"

ਉਪਰੰਤ ਕੁਝ ਬੰਦੇ ਪਿੰਡ ਤੋਂ ਵੀ ਨਾਲ ਮਿਲ ਗਏ। ਆਖੀਰ ਉਤੇ ਇਕ ਭੱਠੀ ਵਿਚੋਂ ਉਸੇ ਰੰਗ ਦੀ ਕੁੱਤੀ ਮਿਲ ਹੀ ਗਈ। ਉਪਰੰਤ ਉਸ ਨੂੰ ਬੜੀ ਮੁਸ਼ਕਿਲ ਨਾਲ ਫੜ ਕੇ ਰੱਸਾ ਗੱਲ ਪਾ ਕੇ ਟੋਕਰੇ ਵਿਚ ਰੱਖ ਕੇ ਲੈ ਕੇ ਭੁੱਚੋ ਪਹੁੰਚ ਗਏ। ਜਿਸ ਸਮੇਂ ਹਜ਼ੂਰ ਦੇ ਅਸਥਾਨ ਦੇ ਨੇੜੇ ਪਹੁੰਚੇ ਦੂਰੋਂ ਟਿਲੇ ਉਤੋਂ ਵੇਖ ਕੇ ਬਾਬਾ ਜੀ ਨੇ ਬਚਨ ਕੀਤਾ, "ਨੀਲਾ ਸਿਆਂ, ਇਸ ਨੂੰ ਇਕ ਸੇਰ ਦੁੱਧ ਪਿਆਓ। ਇਸ ਦਾ ਘੋਰਣਾ ਬਣਾਓ। ਇਸ ਦੇ ਬੱਚੇ ਉਥੇ ਰੱਖੋ।" ਹੁਕਮ ਅਨੁਸਾਰ ਇਵੇਂ ਹੀ ਕੀਤਾ ਗਿਆ। ਫਿਰ ਆਪ ਹੀ ਬਚਨ ਕੀਤਾ ਇਹ ਪਿਛਲੇ ਜਨਮ ਵਿਚ ਕਿਸੇ ਸਾਧੂ ਦੀ ਘਰਵਾਲੀ ਸੀ। ਪਰ ਉਸਦੀ ਆਗਿਆਕਾਰ ਨਹੀਂ ਸੀ। ਉਸਦੀ ਬੰਦਗੀ ਵਿਚ ਵਿਘਨ ਪਾਉਂਦੀ ਤੇ ਉਸਦੇ ਬਚਨ ਨਾਲ ਇਸ ਨੂੰ ਇਹ ਜਨਮ ਮਿਲਿਆ। ਹੁਣ ਇਸਦਾ ਕਲਿਆਣ ਹੋਏਗਾ। ਉਸ ਕੁੱਤੀ ਦਾ ਪਰਿਵਾਰ ਬੇਅੰਤ ਵਧਿਆ ਅਤੇ ਹੁਣ ਵਾਲੇ ਕੁੱਤੇ ਉਸਦੇ ਪਰਿਵਾਰ ਵਿਚੋਂ ਹੀ ਹਨ।

**(ਬਚਨ ਮਿਲਿਆ ਲੇਖਕ ਨੂੰ ਭਾਈ ਰਤਨ ਸਿੰਘ ਡਰੋਲੀ ਪਾਸੋਂ)**

# ਸਾਈ ਕਾਰ ਕਮਾਵਣੀ
# ਧੁਰਿ ਛੋਡੀ ਤਿੰਨੈ ਪਾਇ॥

**(ਅੰਗ ੪੨੦)**

ਸੰਤ ਬਹਾਲ ਸਿੰਘ ਜੱਸੀ ਪੌ ਵਾਲੇ ਇਕ ਵਾਰ ਦਰਸ਼ਨ ਕਰਨ ਆਏ। ਬਾਬਾ ਮਹਾਂ ਹਰਿਨਾਮ ਸਿੰਘ ਜੀ ਨੇ ਕਿਹਾ "ਬਹਾਲ ਦਾਸਾ, ਘੱਗਰ ਨਦੀ ਉਤੇ ਪੁਲ ਬਨਾਉਣਾ ਹੈ। ਜਦੋਂ ਪਾਣੀ ਦਾ ਚੜ੍ਹਾਅ ਆਉਂਦਾ ਹੈ ਉਥੇ ਨਦੀ ਵਿਚ ਬੇੜੀ ਪੈਂਦੀ ਹੈ। ਉਸ ਵੇਲੇ ਮੁਸਲਮਾਨ ਮਲਾਹ ਲੜਕੀਆਂ ਨੂੰ ਬੇਪੜਦਾ ਕਰਨ ਲਈ ਬੇੜੀ ਚੜ੍ਹਨ ਵੇਲੇ ਬੇੜੀ ਕਿਨਾਰੇ ਉਤੇ ਲਾਉਣ ਦੀ ਥਾਂ ਪਾਣੀ ਵਿਚ ਹੀ ਖੜੀ ਕਰ ਲੈਂਦੇ ਹਨ ਤੇ ਨੌਜਵਾਨ ਲੜਕੀਆਂ ਲਈ ਉਸ ਸਮੇਂ ਬਹੁਤ ਔਖਿਆਈ ਹੁੰਦੀ ਹੈ ਤੇ ਉਥੇ ਜਾ ਕੇ ਕੋਲ ਰਹਿ ਕੇ ਪੁਲ ਤਿਆਰ ਕਰਵਾਉਣਾ ਹੈ। ਜਿੰਨੀ ਦੇਰ ਪੁਲ ਨਾ ਬਣੇ ਉਥੇ ਹੀ ਰਹੀਂ ਤੇ ਤਿਆਰ ਕਰਵਾ ਕੇ ਮੁੜਨਾ ਹੈ। ਸਤਿ ਬਚਨ ਕਰਕੇ ਬਹਾਲ ਦਾਸ ਜੀ ਉਥੇ ਪਹੁੰਚ ਗਏ। ਹੌਲੀ ਹੌਲੀ ਪੁਲ ਤਿਆਰ ਕਰਵਾਉਣਾ ਅਰੰਭ ਕਰ ਦਿੱਤਾ। (ਇਸ ਪੁਲ ਦਾ ਫੋਟੋ ਪੰਜਵੇਂ ਹਿੱਸੇ ਵਿਚ ਸਫਾ ੩੩ ਉੱਤੇ ਹੈ) ਹਰ ਸਮੇਂ ਹੁਕਮ ਵਿਚ ਰਹਿਣ ਵਾਲੇ ਅਤੇ ਹੁਕਮ ਮੰਨ ਕੇ ਸੇਵਾ ਕਰਕੇ ਸਭ ਕੁਝ ਪ੍ਰਾਪਤ ਕਰਨ ਵਾਲਿਆਂ ਕੋਲ ਭਾਵੇਂ ਦੁਨਿਆਵੀ ਸਮਾਨ ਨਾ ਵੀ ਕੁਝ ਹੋਵੇ, ਪਰ ਨਿਰੰਕਾਰ ਵਲੋਂ ਜਿਵੇਂ ਬਾਣੀ ਵਿਚ ਦਸਿਆ ਹੈ।

**ਸਗਲ ਸਰੰਜਾਮ ਕਰੇ ਪ੍ਰਭ ਆਪੈ**

ਪਰ ਥੋੜ੍ਹੇ ਹੀ ਸਮੇਂ ਵਿਚ ਪੁਲ ਤਿਆਰ ਹੋ ਗਿਆ। ਉਪਰੰਤ ਬਾਬਾ ਜੀ ਪਾਸ ਆ ਕੇ ਨਮਸ਼ਕਾਰ ਕਰਕੇ ਸਾਰੀ ਬੇਨਤੀ ਕੀਤੀ ਕਿ ਮਹਾਰਾਜ ਪੁਲ ਤਿਆਰ ਹੋ ਗਿਆ ਹੈ, ਸੁਣ ਕੇ ਹਜ਼ੂਰ ਬੜੇ ਪ੍ਰਸੰਨ ਅਤੇ ਸੰਤ ਬਹਾਲ ਦਾਸ ਜੀ ਨੂੰ ਪ੍ਰਸੰਨਤਾ ਬਖ਼ਸ਼ਕੇ "ਸ਼ੁੱਧ ਹੈ" ਦਾ ਬਚਨ ਕੀਤਾ।



# ਜੈਸੀ ਆਸਾ ਤੈਸੀ ਮਨਸਾ

ਕੱਚੀ ਭੁੱਚੋ ਨਗਰ ਦੇ ਰਹਿਣ ਵਾਲਾ ਸ੍ਰ. ਬਚਨ ਸਿੰਘ ਭਾਈ ਕੇ ਖਾਨਦਾਨ ਵਿਚੋਂ ਚੰਗੀ ਜਾਇਦਾਦ ਦਾ ਮਾਲਿਕ ਸੀ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਜਿਵੇਂ ਹਜ਼ੂਰ ਨੇ ਫੁਰਮਾਇਆ ਹੈ-

**ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥**
**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਿਣਾ॥**

**ਮਲਾਰ ਮ: ੧**

ਬ੍ਰਿਤੀ ਵਾਲਾ ਸੀ, ਪਰਮਾਰਥ ਤੋਂ ਕੋਰਾ। ਕੱਚੀ ਭੁੱਚੋ ਤੋਂ ਦੋ ਪ੍ਰੇਮੀ ਬਾਬਾ ਜੀ ਦੇ ਦਰਸ਼ਨ ਕਰਨ ਲਈ ਭੁੱਚੋ ਆ ਰਹੇ ਸਨ ਅਗੋਂ ਰਾਹ ਵਿਚ ਭਾਈ ਬਚਨ ਸਿੰਘ ਮਿਲਿਆ। ਦੋਹਾਂ ਨੂੰ ਪੁੱਛਿਆ ਕਿਧਰ ਜਾ ਰਹੇ ਹੋ, ਤਾਂ ਉਨ੍ਹਾਂ ਦੋਹਾਂ ਪ੍ਰੇਮੀਆਂ ਨੇ ਦੱਸਿਆ ਕਿ ਅਸੀਂ ਰੂੰਮੀ ਵਾਲੇ ਮਹਾਂਪੁਰਖਾਂ ਦੇ ਦਰਸ਼ਨ ਕਰਨ ਜਾ ਰਹੇ ਹਾਂ ਅਤੇ ਤੂੰ ਵੀ ਸਾਡੇ ਨਾਲ ਚੱਲ ਅਗੋਂ ਬਚਨ ਸਿੰਘ ਨੇ ਕਿਹਾ ਉਥੇ ਜਾ ਕੇ ਕੀ ਲੈਣਾ ਹੇ। ਮੇਰੇ ਸੀਰੀ ਨੇ ਮੇਰੇ ਵਾਸਤੇ ਪਹਿਲੇ ਤੋੜ ਦੀ ਸ਼ਰਾਬ ਕੱਢਕੇ ਰੱਖੀ ਹੈ। ਆਪਾ ਐਥੇ ਮੰਗਾ ਕੇ ਰਲਕੇ ਪੀਂਦੇ ਹਾ। ਪ੍ਰੰਤੂ ਇਨ੍ਹਾਂ ਦੋਹਾਂ ਨੇ ਜਵਾਬ ਦੇ ਦਿੱਤਾ ਤੇ ਅਖੀਰ ਵਿਚ ਮਖੌਲੀ ਲਹਿਜੇ ਵਿਚ ਬਚਨ ਸਿੰਘ ਨੇ ਕਿਹਾ ਕਿ ਮੈਂ ਵੀ ਤੁਹਾਡੇ ਨਾਲ ਚਲਦਾ ਹਾਂ। ਤੁਸੀਂ ਦਰਸਨ ਕਰ ਲੈਣੇ ਮੈਂ ਪ੍ਰਸ਼ਨ ਕਰ ਲਊਂਗਾ। ਰਸਤੇ ਵਿਚ ਬਚਨ ਸਿੰਘ ਹੋਰ ਕਈ ਤਰ੍ਹਾਂ ਦੇ ਮਖੌਲ ਭਰੇ ਬਚਨ ਕਰਦਾ ਆਇਆ। ਆਖਿਰ ਤਿੰਨੇ ਹੀ ਭੁੱਚੋ ਪਹੁੰਚ ਗਏ। ਨਮਸਕਾਰ ਕਰਕੇ ਬੈਠ ਗਏ।

ਉਪਰੰਤ ਬਾਬਾ ਜੀ ਨੇ ਇਨ੍ਹਾਂ ਦੋਹਾਂ ਨੂੰ ਤਾਂ ਸਾਰੀ ਗੱਲ ਸੁਣ ਕੇ ਹੌਂਸਲਾ ਦਿੱਤਾ। ਉਪਰੰਤ ਬਚਨ ਸਿੰਘ ਨੂੰ ਸੰਬੋਧਨ ਕਰਕੇ ਕਿਹਾ ਕਿ "ਭਾਈ ਕਿਆ ਤੂੰ ਰਾਹ ਵਿਚ ਪ੍ਰਸ਼ਨ ਕਰਨ ਬਾਰੇ ਸੋਚਦਾ ਸੀ। ਹੁਣ ਤੇਰੇ ਪ੍ਰਸ਼ਨ ਦਾ ਜਵਾਬ ਅਸੀਂ ਦੇਈਏ? ਤੇਰੇ ਘਰ ਕੀ ਹੋਵੇਗਾ ਤੂੰ ਇਹੀ ਪੁੱਛਣਾ ਚਾਹੁੰਦਾ ਸੀ ਨਾ?"

ਉਪਰੰਤ ਬਚਨ ਸਿੰਘ ਚੁੱਪ ਹੋ ਗਿਆ। ਅਖੀਰ ਤੇ ਬਾਬਾ ਜੀ ਨੇ ਬਚਨ ਕੀਤਾ "ਤੇਰੇ ਘਰ ਪੱਥਰ ਹੋਵੇਗਾ।" ਕੁਝ ਦਿਨਾਂ ਬਾਅਦ ਇਸ ਦੇ ਘਰ ਖੁਸਰਾ ਪੈਦਾ ਹੋਇਆ ਜਿਸਦਾ ਨਾਮ ਗੁਰਦੇਵ ਸਿੰਘ ਰੱਖਿਆ। ਉਪਰੰਤ ਬਚਨ ਕੀਤਾ ਕਿ "ਜਿਹੜੀਆਂ ਚਾਲੀ ਬੋਤਲਾਂ ਸ਼ਰਾਬ ਦੀਆਂ ਪਹਿਲੇ ਤੋੜ ਦੀਆਂ ਕੱਢੀਆਂ ਹਨ ਅਤੇ ਇਨ੍ਹਾਂ ਦੋਹਾਂ ਨੂੰ ਪਿਲੌਣ ਵਾਸਤੇ ਤੂੰ ਆਪ ਹੀ ਕਹਿੰਦਾ ਸੀ ਉਸ ਵੇਲੇ ਪੀ ਕੇ ਚਿਤ ਖੁਸ਼ ਕਰ ਲਵੀਂ।"

**ਸਾਧ ਦੁਖਾਏ ਤੀਨ ਹਾਨ ਧਰਮ ਅਰਥ ਅਰ ਬੰਸ॥**
**ਤੀਨੋ ਕੋ ਹੀ ਦੇਖ ਲੈ ਰਾਵਨ ਕੈਰੋ ਕੰਸ॥**

ਇਹ ਬਚਨ ਪ੍ਰਤੱਖ ਸਤ ਹੋਇਆ

**(ਇਹ ਬਚਨ ਲਛਮਣ ਸਿੰਘ ਭਲੇਰੀਆ ਤੋਂ ਮਿਲਿਆ)**

# ਹੁਕਮੁ ਸਾਜਿ ਹੁਕਮੈ ਵਿਚਿ ਰਖੈ ਹੁਕਮੈ ਅੰਦਰਿ ਵੇਖੈ॥

**(ਅੰਗ ੧੨੪੩)**

ਪਿਛਲੇ ਹਿੱਸੇ ਵਿਚ ਭਾਈ ਕੇਸਰ ਸਿੰਘ ਦਾ ਪ੍ਰਸੰਗ ਪਾਠਕ ਪੜ੍ਹ ਚੁੱਕੇ ਹਨ। ਜਿਸ ਤਰ੍ਹਾਂ ਭਾਈ ਕੇਸਰ ਸਿੰਘ ਜੀ ਨੇ ਕਠਿਨ ਕਮਾਈ ਕੀਤੀ। ਇਨ੍ਹਾ ਦੀ ਕਮਾਈ ਤੋਂ ਪ੍ਰਸੰਨ ਹੋ ਕੇ ਬਾਬਾ ਜੀ ਨੇ ਇਨ੍ਹਾਂ ਨੂੰ ਮੰਜਾ ਡਾਹੁਣ ਦਾ ਹੁਕਮ ਦਿੱਤਾ ਹੋਇਆ ਸੀ ਹੋਰ ਕਿਸੇ ਨੂੰ ਮੰਜਾ ਰਖਣ ਦਾ ਹੁਕਮ ਨਹੀਂ ਸੀ ਹੁੰਦਾ।

ਡੇਢ ਡੇਢ ਸੌ ਪਾਠ ਜਪੁਜੀ ਸਾਹਿਬ ਦੇ ਰੋਜ਼ ਨਿਤਨੇਮ ਨਾਲ ਪਾਠ ਕਰਨੇ, ਲਿਖਾਰੀ ਨੂੰ ਪਿਤਾ ਜੀ ਦਸਦੇ ਹੁੰਦੇ ਸਨ ਕਿ ਅਸੀਂ ਉਸਨੂੰ ਕਿਤੇ ਲੰਮਾ ਪਿਆ ਘੱਟ ਹੀ ਵੇਖਿਆ ਸੀ। ਆਮ ਤੌਰ ਤੇ ਬੈਠਾ ਹੀ ਹੁੰਦਾ ਸੀ। ਇਕ ਵਾਰ ਬਾਬਾ ਜੀ ਨੇ ਉਸਨੂੰ ਬਚਨ ਕੀਤਾ "ਕੇਸਰਾ, ਤੂੰ ਹੁਣ ਚਾਹੇ ਤਾਂ ਮੁਰਦਾ ਜਿਉਂਦਾ ਕਰ ਸਕਦਾ ਹੈ, ਪਰ ਕਰਨਾ ਨਹੀਂ। ਰੱਬ ਦਾ ਸ਼ਰੀਕ ਨਹੀਂ ਬਣਨਾ।" ਕੁਝ ਸਮੇਂ ਉਪਰੰਤ ਭਾਈ ਕੇਸਰ ਸਿੰਘ ਜੀ ਆਗਿਆ ਲੈ ਕੇ ਘਰ ਚਲੇ ਗਏ। ਘਰ



ਜਾਣ ਉਪਰੰਤ ਇਨ੍ਹਾਂ ਦੇ ਭਰਾ ਦੀ ਲੜਕੀ ਨੌਜਵਾਨ ਸੀ, ਅਚਾਨਕ ਚਲਾਣਾ ਕਰ ਗਈ, ਫਿਰ ਕੀ ਸੀ ਸਾਰੇ ਪਰਵਾਰ ਵਿਚ ਰੋਣਾ ਪਿਟਣਾ ਸ਼ੁਰੂ ਹੋ ਗਿਆ। ਉਪਰੰਤ ਭਾਈ ਕੇਸਰ ਸਿੰਘ ਨੇ ਬਾਬਾ ਜੀ ਦੇ ਬਚਨ ਯਾਦ ਕਰਕੇ ਮਨ ਵਿਚ ਆਪਣੀ ਭਤੀਜੀ ਨੂੰ ਜਿਉਂਦਾ ਕਰਨ ਦੀ ਵਿਉਂਤ ਸੋਚੀ ਅਤੇ ਪਰਿਵਾਰ ਵਿਚੋਂ ਇਕ ਜਾਣੇ ਨੂੰ ਆਪਣੇ ਇਸ਼ਨਾਨ ਕਰਨ ਲਈ ਪਾਣੀ ਲੈ ਆਉਣ ਵਾਸਤੇ ਆਖਿਆ। ਪਰ ਬਾਬਾ ਜੀ "ਹਰਿ ਜਾਣੈ ਸਭ ਕਿਛੁ ਜੋ ਜੀਅ ਵਰਤੈ" ਦੇ ਹੁਕਮ ਅਨੁਸਾਰ ਸਭ ਕੁਝ ਜਾਣ ਕੇ ਇਕ ਭੁੱਚੋ ਦੇ ਸੇਵਾਦਾਰ ਨੂੰ ਘੋੜੀ ਦੇ ਕੇ ਕੇਸਰ ਸਿੰਘ ਵੱਲ ਭੇਜਿਆ ਕਿ 'ਤੂੰ ਜਾਣ ਸਾਰ ਕੇਸਰ ਸਿੰਘ ਨੂੰ ਉਠਾ ਦੇਂਵੀ ਅਤੇ ਉਸਦੇ ਭਰਾ ਨੂੰ ਸਮਝਾਈ ਕਦੇ ਮੁਰਦੇ ਵੀ ਜੀਵੇ ਹਨ।'

ਕੇਸਰ ਸਿੰਘ ਤਾਂ ਐਵੇਂ ਕਰਦਾ ਹੈ। ਹੁਕਮ ਅਨੁਸਾਰ ਸੇਵਕ ਨੇ ਉਥੇ ਪਹੁੰਚ ਕੇ ਇਸੇ ਤਰ੍ਹਾਂ ਹੀ ਕੀਤਾ ਅਤੇ ਕੋਲ ਖੜ੍ਹੋ ਕੇ ਲੜਕੀ ਦਾ ਸੰਸਕਾਰ ਕਰਾ ਕੇ ਕੇਸਰ ਸਿੰਘ ਨੂੰ ਭੀ ਨਾਲ ਲੈ ਆਇਆ। ਕੇਸਰ ਸਿੰਘ ਨਾ ਚਾਹੁੰਦਾ ਹੋਇਆ ਵੀ ਨਾਲ ਹੀ ਆ ਗਿਆ। ਜਿਸ ਸਮੇਂ ਹਜ਼ੂਰ ਦੇ ਚਰਨਾਂ ਤੇ ਮੱਥਾ ਟੇਕਿਆ ਸਭ ਤੋਂ ਪਹਿਲਾਂ ਭਾਈ ਕੇਸਰ ਸਿੰਘ ਜੀ ਨੂੰ ਸੰਬੋਧਨ ਕਰਕੇ ਹੁਕਮ ਕੀਤਾ "ਤੂੰ ਰੱਬ ਦਾ ਸ਼ਰੀਕ ਬਣਦਾ ਸੀ। ਇਹ ਗੱਲ ਚੰਗੀ ਨਹੀਂ ਤਾਂ ਹੀ ਤੈਨੂੰ ਸੇਵਾਦਾਰ ਭੇਜ ਕੇ ਵਿਚੋਂ ਉਠਾਇਆ ਅਤੇ ਅੱਗੇ ਤੋਂ ਇਹ ਤਾਕਤ ਤੇਰੇ ਵਿਚ ਨਹੀਂ ਰਹਿਣ ਦੇਣੀ ਤੇ ਜਦੋਂ ਅੱਗੇ ਆਏਂਗਾ ਫਿਰ ਮਿਲੇਗੀ ਅਜੇ ਤੈਥੋਂ ਕਮਾਈ ਹੋਰ ਕਰਵਾਉਣੀ ਹੈ।"

ਉਪਰੰਤ ਬਾਬਾ ਜੀ ਨੇ ਕੇਸਰ ਸਿੰਘ ਨੂੰ ਕੋਲ ਹੀ ਰਹਿਣ ਦਾ ਹੁਕਮ ਕੀਤਾ। ਉਪਰੰਤ ਕੇਸਰ ਸਿੰਘ ਨੂੰ ਘਰ ਭੇਜਣਾ ਸ਼ਰ੍ਹਾ ਕਰਾ ਕੇ ਹੀ ਭੇਜਦੇ ਸਨ। ਨਾਲੇ ਬਚਨ ਕਰਨਾ "ਅਸੀਂ ਸ਼ਕਤੀ ਐਥੇ ਰੱਖ ਲਈ ਹੈ ਹੁਣ ਕੋਈ ਡਰ ਨਹੀਂ, ਤੂੰ ਜਾ।"

**(ਪ੍ਰਸੰਗ ਮਿਲਿਆ ਕਾਕਾ ਸਿੰਘ ਢਿੱਲੋਂ ਨਿਵਾਸੀ ਪਾਸੋਂ)**

# ਦੇਖਿ ਸਰੂਪੁ ਪੂਰਨੁ ਭਈ ਆਸਾ
# ਦਰਸਨੁ ਭੇਟਤ ਉਤਰੀ ਭੁਖ ॥

**(ਅੰਗ ੭੧੭)**

## ੧.

ਚੱਕ ਰਾਮ ਤੋਂ ਇਕ ਮਾਈ ਦਰਸ਼ਨ ਕਰਨ ਵਾਸਤੇ ਆਈ। ਜਦੋਂ ਉਸ ਮਾਈ ਨੇ ਆਉਣਾ, ਉਸ ਸਮੇਂ ਉਸ ਨਾਲ ਇਕ ਲੜਕੀ ਵੀ ਹੁੰਦੀ ਸੀ। ਬਾਬਾ ਜੀ ਉਸ ਲੜਕੀ ਨੂੰ ਦਰਸ਼ਨ ਨਹੀਂ ਸੀ ਦਿੰਦੇ ਜਾਂ ਆਪਣੇ ਮੁੱਖ ਤੇ ਕੱਪੜਾ ਕਰ ਲੈਣਾ ਆਪਣੇ ਆਸਣ ਤੋਂ ਉਠ ਕੇ ਆਸੇ ਪਾਸੇ ਹੋ ਜਾਣਾ। ਅਨੇਕ ਜਤਨ ਕਰਨ ਉਤੇ ਵੀ ਉਸਨੂੰ ਦਰਸਨ ਨਹੀਂ ਦਿੱਤੇ। ਇਕ ਵਾਰ ਲੜਕੀ ਦੇ ਨਾਲ ਵਾਲੀ ਮਾਈ ਨੂੰ ਹੁਕਮ ਦਿੱਤਾ ਕਿ ਤੂੰ ਸੇਵਾ ਕਰ ਲੈ, ਹੁਕਮ ਅਨੁਸਾਰ ਚੱਕਾਂ ਵਾਲੀ ਮਾਈ ਚਰਨ ਘੁੱਟਣ ਦੀ ਸੇਵਾ ਕਰਦੀ।

ਜਿਸ ਸਮੇਂ ਹੁਕਮ ਅਨੁਸਾਰ ਹੱਥ ਘੁੱਟਣ ਦੀ ਸੇਵਾ ਕਰ ਰਹੀ ਸੀ ਉਸ ਵਕਤ ਉਸ ਮਾਈ ਨੂੰ ਬਾਬਾ ਜੀ ਦੇ ਹੱਥਾਂ ਦੀ ਜਗ੍ਹਾ ਇਉਂ ਮਾਲੂਮ ਹੋਇਆ ਕਿ ਹੱਥਾਂ ਉਤੇ ਛੋਟੇ ਛੋਟੇ ਰੋਮ ਹਨ। ਉਹ ਚੁੱਪ ਨਾ ਰਹਿ ਸਕੀ ਅਤੇ ਉਸ ਨੇ ਪੁੱਛ ਹੀ ਲਿਆ ਅਤੇ ਬੇਨਤੀ ਕੀਤੀ ਮਹਾਰਾਜ ਤੁਹਾਡੇ ਹੱਥਾਂ ਉਤੇ ਕੀ ਗੱਲ ਹੈ ਬਚਨ ਕੀਤਾ ਕਿ "ਮਾਈ, ਇਹ ਤਾਂ ਸਤਿਜੁਗ ਦਾ ਸਰੂਪ ਹੈ। ਜੋ ਤੂੰ ਹੁਣੇ ਹੀ ਵੇਖ ਲਿਆ ਹੈ, ਹੁਣ ਅੱਗੇ ਕਿਸੇ ਕੋਲ ਨਾ ਦੱਸੀ।" ਉਪਰੰਤ ਮਾਈ ਨੂੰ ਸੇਵਾ ਕਰਨ ਤੋਂ ਰੋਕ ਦਿੱਤਾ। ਉਪਰੰਤ ਮਾਈ ਦਰਸ਼ਨ ਕਰਨ ਲਈ ਆਉਂਦੀ ਰਹੀ ਪਰ ਉਸਨੂੰ ਸੇਵਾ ਨਹੀਂ ਦਿੱਤੀ। ਉਪਰੰਤ ਉਸ ਮਾਈ ਨੇ ਸਾਰੀ ਜ਼ਿੰਦਗੀ ਕਿਸੇ ਨਾਲ ਕੋਈ ਵੀ ਗੱਲ ਨਹੀਂ ਕੀਤੀ ਅਨੰਦ ਮਗਨ ਹੀ ਰਹੀ।



## ੨.

ਕੋਠੇ ਗੁਰੂ ਦੇ ਰਹਿਣ ਵਾਲਾ ਗਿਰਧਾਰੀ ਲਾਲ ਵੀ ਸੇਵਾ ਕਰਦਾ ਰਿਹਾ ਬੜੀ ਦੇਰ ਤੋਂ ਆਉਂਦਾ ਸੀ। ਸਮੇਂ ਅਨੁਸਾਰ ਉਸਦੇ ਘਰ ਚਾਰ ਲੜਕੀਆਂ ਹੋਈਆਂ। ਉਸਨੇ ਸਿਦਕ ਰਖਿਆ ਕਿ ਮੰਗਣਾ ਨਹੀਂ ਅਤੇ ਸੇਵਾ ਹੀ ਕਰਨੀ ਹੈ ਇਹ ਵੀ ਨਹੀਂ ਛੱਡਣੀ। ਇਸ ਨਿਯਮ ਅਨੁਸਾਰ ਸੇਵਾ ਕਰਦਾ ਰਿਹਾ ਅਤੇ ਚਾਰ ਲੜਕੀਆਂ ਤੋਂ ਉਪ੍ਰੰਤ ਕਾਫੀ ਸਮਾਂ ਕੁਝ ਹੋਇਆ ਵੀ ਨਹੀਂ। ਜਿਵੇਂ ਨਿਰੰਕਾਰ ਨੇ ਵੀ ਇਸ ਦੀ ਪ੍ਰੀਖਿਆ ਲੈਣੀ ਹੋਵੇ ਅਤੇ ਲੋਕਾਂ ਨੇ ਤੇ ਸਕੇ ਸੰਬੰਧੀਆਂ ਨੇ ਵੀ ਮਖੌਲ ਕਰਨੇ ਸ਼ੁਰੂ ਕਰ ਦਿੱਤੇ ਪਰ ਇਹ ਗਿਰਧਾਰੀ ਲਾਲ ਅਡੋਲ ਹੀ ਰਿਹਾ। ਨਾ ਸੇਵਾ ਛੱਡੀ ਅਤੇ ਨਾ ਆਪਣੇ ਮਨ ਦੀ ਕੋਈ ਵੀ ਮੰਗ ਕੀਤੀ। ਇਕ ਵਾਰ ਬਾਬਾ ਜੀ ਨੇ ਆਪ ਹੀ ਪੁੱਛਿਆ "ਗਿਰਧਾਰੀ ਲਾਲ, ਤੈਨੂੰ ਭੁੱਖ ਲੱਗੀ ਹੈ।" ਤਿੰਨ ਵਾਰ ਇਹੋ ਹੀ ਬਚਨ ਕੀਤਾ। ਉਪਰੰਤ ਗਿਰਧਾਰੀ ਲਾਲ ਨੇ ਫਿਰ ਵੀ ਕੋਈ ਬੇਨਤੀ ਆਪਣੇ ਵਾਸਤੇ ਨਹੀਂ ਕੀਤੀ। ਉਪਰੰਤ ਗਿਰਧਾਰੀ ਲਾਲ ਨੂੰ ਚੌਥੀ ਵਾਰ ਬਚਨ ਕੀਤਾ ਕਿ "ਤੂੰ ਆਪੇ ਹੀ ਲੰਗਰ ਵਾਲੀ ਕੋਠੀ ਵਿਚ ਜਾ ਕੇ ਆਪੇ ਹੀ ਪ੍ਰਸਾਦੇ ਚੁੱਕ ਕੇ ਜਿੰਨੇ ਤੇਰੀ ਮਰਜ਼ੀ ਛੱਕ ਲਵੀਂ। ਹੁਕਮ ਅਨੁਸਾਰ ਇਸਨੇ ਆਪੇ ਹੀ ਦੋ ਪ੍ਰਸ਼ਾਦੇ ਲੈ ਕੇ ਛੱਕ ਲਏ ਅਤੇ ਬਾਹਰ ਆਏ ਨੂੰ ਪੁੱਛਿਆ "ਕਿਤਨੇ ਪ੍ਰਸ਼ਾਦੇ ਛਕੇ ਹਨ?" ਉਸਨੇ ਬੇਨਤੀ ਕੀਤੀ ਕਿ ਮਹਾਰਾਜ ਦੋ ਛਕੇ ਹਨ, ਬਾਬਾ ਜੀ ਨੇ ਪੁੱਛਿਆ "ਉਤੇ ਪ੍ਰਸ਼ਾਦ ਪਾਇਆ ਸੀ?" ਉਸਨੇ ਹਾਂ ਵਿਚ ਹੱਥ ਜੋੜ ਕੇ ਸਿਰ ਨਿਵਾਇਆ ਤਾਂ ਫਿਰ ਬਚਨ ਕੀਤਾ ਕਿ "ਕਿ ਜੇ ਤੂੰ ਛੱਕਣ ਹੀ ਲੱਗਾ ਸੀ ਹੁਕਮ ਨਾਲ ਤੇ ਦੋ ਪ੍ਰਸ਼ਾਦੇ ਹੀ ਕਿਉਂ ਛਕੇ? ਚੰਗਾ ਫਿਰ ਦੋ ਪੁੱਤਰ ਹੀ ਹੋਣਗੇ।" ਉਪਰੰਤ ਬਚਨ ਅਨੁਸਾਰ ਦੋ ਹੀ ਲੜਕੇ ਹੋਏ, ਇੰਦ੍ਰਜੀਤ ਅਤੇ ਗਿਆਨ ਚੰਦ।

**ਦੇਵਣਹਾਰੁ ਦਾਤਾਰੁ ਕਿਤੁ ਮੁਖਿ ਸਾਲਾਹੀਐ।**

## ੩.

ਸ. ਬਿਸ਼ਨ ਸਿੰਘ ਚੱਕ ਫਤੇ ਸਿੰਘ ਦਾ ਗੋਬਿੰਦ ਪੁਰੇ ਤੋਂ ਆਇਆ। ਨਾਲ ਇਸਦੇ ਘਰ ਵਾਲੀ ਵੀ ਸੀ ਅੱਗੇ ਹਜ਼ੂਰ ਬਾਬਾ ਮਹਾਂ ਹਰਿਨਾਮ ਸਿੰਘ ਆਪਣੇ ਰੰਗ ਵਿਚ ਬੈਠੇ ਸਨ। ਗੋਬਿੰਦ ਪੁਰੇ ਤੋਂ ਰਸਤੇ ਵਿਚ ਭੁੱਚੋ ਨਗਰ ਰਾਹੀਂ ਅੱਗੇ ਪਹੁੰਚਣਾ ਸੀ। ਜਿਸ ਸਮੇਂ ਬਿਸ਼ਨ ਸਿੰਘ ਅਤੇ ਇਸਦੇ ਘਰੋਂ ਦੋਵੇਂ ਸਾਹਮਣੇ

ਹੋਏ ਬਚਨ ਕੀਤਾ, ਬਿਸ਼ਨ ਸਿੰਘ ਦੀ ਘਰ ਵਾਲੀ ਵੱਲ ਇਸ਼ਾਰਾ ਕਰਕੇ "ਇਹ ਤਾਂ ਛੇ ਪੁਤਾਂ ਦੀ ਮਾਂ ਹੈ।" ਉਸਦੇ ਛੇ ਹੀ ਪੁੱਤਰ ਹੋਏ।

**(ਦੋਵੇਂ ਪ੍ਰਸੰਗ ਮਾਸਟਰ ਕਰਨੈਲ ਸਿੰਘ ਬੀਬੀ ਕੇ ਪਾਸੋਂ ਪ੍ਰਾਪਤ ਹੋਏ)**

# ਤੂੰ ਸਭਨੀ ਥਾਈ ਜਿਥੈ ਹਉ ਜਾਈ ਸਾਚਾ ਸਿਰਜਣਹਾਰੁ ਜੀਉ ॥

**(ਅੰਗ ੪੩੮)**

ਪੰਡਿਤ ਸ੍ਰੀ ਰਾਮ ਸਿੰਘ ਜੀ ਨੇ ਆਪਣੇ ਅੱਖੀਂ ਜੋ ਕੌਤਕ ਵੇਖਿਆ ਉਹ ਇਸ ਤਰ੍ਹਾਂ ਹੈ। ਪੰਡਿਤ ਦੁਰਗਾ ਰਾਮ ਜੀ ਦੇ ਪਿਤਾ ਬਾਬਾ ਜੀ ਦੇ ਸੇਵਕ ਸਨ। ਬਾਬਾ ਜੀ ਦੀ ਇਕ ਵਾਰ ਉਨ੍ਹਾਂ ਨੂੰ ਕਹਿੰਦੇ "ਪੰਡਿਤ ਜੀ, ਕਿਤੇ ਤੁਹਾਡੇ ਨਾਲ ਅਸੀਂ ਹਰੀਦੁਆਰ, ਗੰਗਾ ਜੀ ਤੇ ਇਸ਼ਨਾਨ ਕਰਨ ਲਈ ਚੱਲਾਂਗੇ।" ਕੁਝ ਚਿਰ ਬਾਅਦ ਪੰਡਿਤ ਜੀ ਨੇ ਹਰੀਦੁਆਰ ਜਾਣ ਦਾ ਨਿਸ਼ਚਾ ਕਰ ਲਿਆ ਅਤੇ ਬਾਬਾ ਜੀ ਪਾਸ ਬੇਨਤੀ ਕੀਤੀ। ਬਾਬਾ ਜੀ ਕਿਹਾ "ਕਿ ਪੰਡਿਤ ਜੀ ਤੁਸੀਂ ਹੀ ਇਸ਼ਨਾਨ ਕਰ ਆਉ।" ਪੰਡਿਤ ਜੀ ਨੇ ਮਨ ਵਿਚ ਮਹਿਸੂਸ ਕੀਤਾ ਕਿ ਬਾਬਾ ਜੀ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ ਅਤੇ ਗੰਗਾ ਤੇ ਇਸ਼ਨਾਨ ਲਈ ਚਲੇ ਗਏ। ਅਚੰਭਾ ਇਹ ਹੋਇਆ ਕਿ :-

ਜਿਥੇ ਪੰਡਿਤ ਜੀ ਇਸ਼ਨਾਨ ਕਰ ਰਹੇ ਸਨ ਇਨ੍ਹਾਂ ਦੇ ਬਿਲਕੁਲ ਸਾਹਮਣੇ ਵਾਲੀ ਹਰਿ ਕੀ ਪੌੜੀ ਤੇ ਬਾਬਾ ਮਹਾਂ ਹਰਿਨਾਮ ਸਿੰਘ ਜੀ ਖੁਦ ਇਸ਼ਨਾਨ ਕਰ ਰਹੇ ਸਨ। ਪੰਡਿਤ ਜੀ ਇਹ ਕੌਤਕ ਵੇਖ ਕੇ ਹੈਰਾਨ ਰਹਿ ਗਏ ਕਿ ਮੈਂ ਬਾਬਾ ਜੀ ਨੂੰ ਭੁੱਚੋ ਛੱਡ ਕੇ ਆਇਆ ਸੀ ਤੇ ਮੈਥੋਂ ਪਹਿਲਾਂ ਕਿਸ ਤਰ੍ਹਾਂ ਪਹੁੰਚ ਗਏ, ਤੇ ਜਲਦੀ-ਜਲਦੀ ਪੰਡਿਤ ਜੀ ਇਸ਼ਨਾਨ ਕਰਕੇ ਭੁੱਚੋ ਵਾਪਸ ਆਏ ਤਾਂ ਕੀ ਵੇਖਿਆ ਕਿ ਬਾਬਾ ਜੀ ਆਪਣੇ ਆਸਣ ਤੇ ਬਿਰਾਜੇ ਹੋਏ ਹਨ, ਤੇ



ਬਾਬਾ ਜੀ ਨੇ ਬਚਨ ਕੀਤਾ ਕਿ "ਪੰਡਿਤ ਜੀ ਸਾਡਾ ਬਚਨ ਪੂਰਾ ਹੋ ਗਿਆ ਕਿ ਨਹੀਂ?" ਇਤਨਾ ਸੁਣ ਕੇ ਪੰਡਿਤ ਜੀ ਚਰਨਾਂ ਵਿਚ ਢਹਿ ਪਏ ਤੇ ਬੇਨਤੀ ਕੀਤੀ ਕਿ ਪ੍ਰਭੂ ਆਪ ਦੀਆਂ ਆਪ ਹੀ ਜਾਣੋ।

**ਹਉ ਕਿਆ ਸਾਲਾਹੀ ਕਿਰਮ ਜੰਤੁ ਵਡੀ ਤੇਰੀ ਵਡਿਆਈ ॥**

**ਅੰਗ ੭੯੨**

ਤੇ ਬਚਨ ਅਨੁਸਾਰ ਤੁਹਾਡੀ ਤੁਸੀਂ ਜਾਣੋ, ਮੈਂ ਕੁਝ ਵੀ ਕਹਿ ਨਹੀਂ ਸਕਦਾ ਅਤੇ ਜਿੰਨ੍ਹਾਂ ਗੱਲਾਂ ਤੋਂ ਬਾਬਾ ਜੀ ਤੇ ਸ਼ੰਕਾ ਕੀਤੀ ਸੀ ਉਹ ਦੂਰ ਹੋ ਗਈ।

**(ਇਹ ਬਚਨ ਬਾਬਾ ਬਲਵਿੰਦਰ ਸਿੰਘ ਜੀ ਪਾਸੋਂ ਪ੍ਰਾਪਤ ਹੋਇਆ)**

# ਕਹਤ ਨਾਨਕੁ ਤੂ ਸਾਚਾ ਸਾਹਿਬੁ ਕਉਣੁ ਜਾਣੈ ਤੇਰੇ ਕਾਮਾਂ ॥

**(ਅੰਗ ੭੯੧)**

ਇਸੇ ਤਰ੍ਹਾਂ ਹੀ ਇਕ ਹੋਰ ਪੰਡਿਤ ਬਾਬਾ ਮਹਾਂ ਹਰਿਨਾਮ ਸਿੰਘ ਜੀ ਦੇ ਦਰਸ਼ਨ ਕਰਨ ਆਉਂਦਾ ਹੁੰਦਾ ਸੀ। ਇਕ ਵਾਰੀ ਦਰਸ਼ਨ ਕਰਨ ਆਇਆ ਤਾਂ ਗੰਗਾ ਤੇ ਇਸ਼ਨਾਨ ਕਰਨ ਦੀ ਇੱਛਾ ਜ਼ਾਹਰ ਕੀਤੀ। ਬਾਬਾ ਜੀ ਨੇ ਆਪਣੇ ਕੋਲੋਂ ਗੰਗਾ ਤੇ ਆਉਣ ਜਾਣ ਦਾ ਖਰਚ ਦੇ ਹੁਕਮ ਕੀਤਾ। ਤੁਸੀਂ ਚਲੋ ਤੇ ਤੁਸੀਂ ਉਥੇ ਜਾ ਕੇ ਇਸ਼ਨਾਨ ਕਰਨ ਤੋਂ ਬਾਅਦ ਜੋ ਮਨ ਵਿਚ ਇੱਛਾ ਕਰ ਲਉਗੇ ਪੂਰੀ ਹੋ ਜਾਏਗੀ। ਹੁਕਮ ਅਨੁਸਾਰ ਪੰਡਿਤ ਜੀ ਗੰਗਾ ਪਹੁੰਚੇ। ਰਸਤੇ ਵਿਚ ਵੀ ਸੋਚਦੇ ਰਹੇ ਸਨ ਕਿ ਮੈਂ ਕੀ ਕੰਮ ਕਰਾਂ? ਇਨ੍ਹਾਂ ਸੋਚਾਂ ਵਿਚ ਹੀ ਗੰਗਾ ਪਹੁੰਚ ਗਏ। ਜਿਸ ਵੇਲੇ ਹਰਿ ਕੀ ਪੌੜੀ ਤੇ ਜਾ ਕੇ ਇਸ਼ਨਾਨ ਕਰਨ ਲੱਗੇ ਤਾਂ ਫਿਰ ਵੀ ਵਿਚਾਰ ਕਰਦੇ ਰਹੇ ਪਰ ਫੈਸਲਾ ਵੀ ਨਾ ਕਰ ਸਕੇ ਤੇ

ਆਖਰ ਇਸ਼ਨਾਨ ਹੋ ਗਿਆ। ਜਿਸ ਵੇਲੇ ਪੰਡਿਤ ਜੀ ਬਾਹਰ ਆਏ ਤਾਂ ਅੱਗੇ ਨਵੇਂ ਭੇਖ ਵਿਚ ਸਾਧੂ ਆਉਂਦਾ ਵੇਖਿਆ ਜਿਸ ਨੂੰ ਵੇਖਣ ਸਾਰ ਪੰਡਿਤ ਜੀ ਦਾ ਆਪਣੇ ਆਪ ਸਿਰ ਝੁੱਕ ਗਿਆ ਤੇ ਜਿਸ ਵੇਲੇ ਮਹਾਰਾਜ ਜੀ ਦੀ ਆਵਾਜ਼ ਸੁਣੀ ਤੇ ਗੱਲਾਂ ਕੀਤੀਆਂ ਤੇ ਉਨ੍ਹਾਂ ਦੀ ਆਵਾਜ਼ ਉਸੇ ਤਰ੍ਹਾਂ ਹੀ ਬਾਬਾ ਜੀ ਦੀ ਆਵਾਜ਼ ਵਰਗੀ ਲੱਗੀ। ਮਨ ਵਿਚ ਹੈਰਾਨੀ ਹੋਈ ਕਿ ਆਵਾਜ਼ ਉਨ੍ਹਾਂ ਦੀ ਹੈ ਕਿ ਭੇਸ ਕੋਈ ਹੋਰ ਹੈ। ਇਸ ਤੋਂ ਬਾਅਦ ਮਹਾਤਮਾ ਜੀ ਨੇ ਪੰਡਿਤ ਜੀ ਦੇ ਰਾਹਾਂ ਵਾਲੇ ਫੁਰਨੇ ਇਕ-ਇਕ ਕਰਕੇ ਦੱਸ ਦਿੱਤੇ। ਫਿਰ ਪੰਡਿਤ ਜੀ ਨੇ ਨਮਸਕਾਰ ਕਰਕੇ ਕੋਈ ਸੇਵਾ ਪੁੱਛੀ ਤਾਂ ਮਹਾਤਮਾ ਜੀ ਨੇ ਦੁੱਧ ਪੀਣ ਦੀ ਇੱਛਾ ਜ਼ਾਹਰ ਕੀਤੀ। ਉਥੋਂ ਨੇੜਿਓਂ ਹੀ ਪੰਡਿਤ ਦੁੱਧ ਲੈ ਆਏ। ਜਿਸ ਵਕਤ ਪੰਡਿਤ ਜੀ ਉਥੋਂ ਆਪਣੇ ਪਿੰਡ ਆਏ ਤਾਂ ਬਾਬਾ ਜੀ ਨੇ ਪੰਡਿਤ ਦੇ ਸਾਰੇ ਫੁਰਨੇ ਦੱਸ ਕੇ ਜ਼ਿਕਰ ਕੀਤਾ ਕਿ "ਪੰਡਿਤ ਜੀ ਤੁਸਾਂ ਰਾਹ ਵਿਚ ਕੋਈ ਫੁਰਨਾ ਨਹੀਂ ਸੀ ਕਰਨਾ। ਜੇ ਫੁਰਨਿਆਂ ਤੋਂ ਬਿਨਾਂ ਇਸ਼ਨਾਨ ਕਰਦੇ ਤਾਂ ਹਜ਼ਾਰਾਂ ਗੁਣਾਂ ਫਲ ਵੱਧ ਪ੍ਰਾਪਤ ਸੀ ਤੇ ਬਿਨ੍ਹਾਂ ਚਿਤਵੇ ਹੀ ਸਭ ਕੁਝ ਮਿਲ ਜਾਂਦਾ। ਅਸਾਂ ਵੀ ਉਥੇ ਜਾ ਕੇ ਦੁੱਧ ਪੀਤਾ। ਅਸੀਂ ਤੈਨੂੰ ਭੇਜਿਆ ਕਰਕੇ ਦੱਸਣਾ, ਤੇ ਸਭ ਕੁਝ ਕਰਨਾ ਪਿਆ।

**ਕਬੀਰ ਸਾਧੂ ਕਉ ਮਿਲਨੇ ਜਾਈਐ ਸਾਥਿ ਨ ਲੀਜੈ ਕੋਇ॥**

ਅੰਗ ੧੩੭੦

(ਇਹ ਪ੍ਰਸੰਗ ਮਾਤਾ-ਪਿਤਾ ਪਾਸੋਂ ਪ੍ਰਾਪਤ ਹੋਇਆ।)



# ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ॥

ਅੰਗ ੧੧੧੭

**ਜੋ ਤੇਰਾ ਦਰਸ਼ਨ ਉਕਤਿ ਕਰਨ ਪਾ ਗਿਆ,**

**ਮਨ ਲਾ ਕੇ ਸੇਵਾ ਕਮਾ ਗਿਆ।**

**ਚਾਰੇ ਪਦਾਰਥ ਮਿਲ ਗਏ, ਸੇਵਾ ਤੋਂ ਮੇਵਾ ਪਾ ਗਿਆ।**

**ਦੁਖੀਆਂ ਦੇ ਦੁਖ ਵੰਡਾਏ ਤੈ, ਚੋਰਾਂ ਤੋਂ ਸਾਧ ਬਣਾਏ ਤੇ।**

**ਤੇਰਾ ਬਚਨ ਜਿਸਨੇ ਮੰਨਿਆ, ਓਹ ਤੇਰੇ ਵਿਚ ਸਮਾ ਗਿਆ।**

**ਤੂੰ ਅਗੰਮ ਹੈ ਬੇਅੰਤ ਹੈ, ਤੂੰ ਰੱਬ ਹੈਂ ਕਿ ਸੰਤ ਹੈ॥**

**ਸੁਖ ਮਿਲੇ ਲੋਕ ਪ੍ਰਲੋਕ ਦੇ ਜੋ ਸ਼ਰਨ ਤੇਰੀ ਆ ਗਿਆ।**

**ਸਭ ਸ਼ਕਤੀਆਂ ਦੇ ਮਾਲਕਾਂ, ਸਭ ਸ਼੍ਰਿਸ਼ਟ ਦੇ ਪ੍ਰਤੀਪਾਲਕਾ।**

**ਨਾ ਸਮਝ ਆਈ ਕਿਸੇ ਨੂੰ, ਤੂੰ ਆਪਣਾ ਆਪ ਛੁਪਾ ਲਿਆ।**

-

# ਸੰਤ ਬਾਬਾ ਸੁਖਦੇਵ ਸਿੰਘ ਜੀ
# ਮੰਦਰ ਮੁਹਾਰ ਨਾਨਕਸਰ ਤੋਂ ਭੁੱਚੋ ਸਾਹਿਬ ਤੱਕ

ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਜਨਮ ਪਿੰਡ ਮੁਹਾਰ ਤਹਿਸੀਲ ਜੀਰਾ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਮਾਤਾ ਸੋਮਾਵੰਤੀ ਕੌਰ ਅਤੇ ਪਿਤਾ ਸਰਦਾਰ ਜਗਤਾਰ ਸਿੰਘ ਦੇ ਗ੍ਰਹਿ ਵਿਖੇ 1 ਹਾੜ (15 ਜੂਨ 1954) ਨੂੰ ਅੰਮ੍ਰਿਤ ਵੇਲੇ ਹੋਇਆ। ਬਾਬਾ ਜੀ ਦੇ ਪਿਤਾ ਜੀ ਇਲਾਕੇ ਵਿੱਚ ਪੂਰੇ ਮਾਨ ਅਤੇ ਸਤਿਕਾਰ ਵਾਲੇ ਪੁਰਸ਼ ਸਨ। ਆਪ ਜੀ ਦੇ ਪਿਤਾ ਜੀ 25 ਸਾਲ ਆਪਣੇ ਪਿੰਡ ਦੇ ਸਰਪੰਚ ਰਹੇ। ਬਾਬਾ ਜੀ ਆਪਣੇ ਪਰਿਵਾਰ ਵਿੱਚ 6 ਭਰਾ ਅਤੇ 2 ਭੈਣਾਂ ਵਿੱਚ ਸਭ ਤੋਂ ਛੋਟੇ ਹਨ। ਬਾਬਾ ਜੀ ਨੇ ਪੰਜ ਕਲਾਸਾਂ ਆਪਣੇ ਪਿੰਡ ਦੇ ਨੇੜੇ ਸਰਕਾਰੀ ਪ੍ਰਇਮਰੀ ਸਕੂਲ ਮੰਦਰ ਮੁਹਾਰ ਵਿੱਚ ਪਾਸ ਕੀਤੀਆਂ। ਇਸ ਵਿਚਕਾਰ ਬਾਬਾ ਜੀ ਆਪਣੇ ਦਾਦਾ ਲਾਭ ਸਿੰਘ (ਬਾਪੂ ਜੀ) ਨਾਲ ਜਾਂ ਇਕੱਲੇ ਹੀ ਬਾਬਾ ਸੁੰਦਰ ਦਾਸ ਜੀ ਪਾਸ ਜਾਇਆ ਕਰਦੇ ਸਨ। ਇਨ੍ਹਾਂ ਦਾ ਡੇਰਾ ਪਿੰਡ ਤੋਂ 6 ਕਿਲੋਮੀਟਰ ਦੀ ਦੂਰੀ 'ਤੇ ਕੋਟ ਈਸੇ ਖਾਂ ਵਿਖੇ ਸਥਿਤ ਹੈ। ਬਾਬਾ ਸੁੰਦਰ ਦਾਸ ਜੀ ਬਾਬਾ ਸ੍ਰੀ ਚੰਦ ਦੀ ਪੂਜਾ ਕਰਦੇ ਹਨ ਅਤੇ ਨਾਮ ਜਪਾਉਂਦੇ ਹਨ। ਬਾਬਾ ਸੁਖਦੇਵ ਸਿੰਘ ਜੀ ਦਾ ਛੋਟੀ ਉਮਰ ਵਿੱਚ ਹੀ ਗੁਰਦਆਰੇ ਜਾ ਕੇ ਸਤਸੰਗ ਵਿੱਚ ਹੀ ਮਨ ਲਗਾ ਰਹਿੰਦਾ ਸੀ। ਬਾਬਾ ਸੁੰਦਰ ਦਾਸ ਜੀ ਨੇ ਇਨ੍ਹਾਂ ਦੀ ਲਗਨ 'ਤੇ ਚਿਹਰਾ ਪੜਕੇ ਬਾਪੂ ਲਾਭ ਸਿੰਘ ਜੀ ਨੂੰ ਕਹਿ ਦਿੱਤਾ ਸੀ। ਇਹ ਤਾਂ ਸੰਤ ਮਹਾਂ ਪੁਰਸ਼ ਹਨ। ਬਾਬਾ ਜੀ ਪੰਜਵੀ ਕਲਾਸ ਦੇ ਆਖਰੀ ਪੇਪਰ ਤੋਂ ਬਾਅਦ ਦੂਸਰੇ ਦਿਨ ਹੀ ਬਾਬਾ ਕੁੰਦਨ ਸਿੰਘ ਜੀ ਦੇ ਕਹਿਣ ਮੁਤਾਬਕ ਨਾਨਕਸਰ ਜਗਰਾਓਂ ਆ ਗਏ। 12 ਸਾਲ ਦੀ ਉਮਰ ਵਿੱਚ ਬਾਬਾ ਕੁੰਦਨ ਸਿੰਘ ਜੀ ਨੇ ਇਨ੍ਹਾਂ ਦੀ ਡਿਊਟੀ ਸੁਖਮਨੀ ਸਾਹਿਬ ਦਾ ਪਾਠ ਕਰਨ ਅਤੇ ਜੋੜੀ ਤੇ ਹਰਮੋਨੀਅਮ



ਦੀ ਵਿਦਿਆ ਸਿੱਖਣ ਵਿੱਚ ਲਗਾ ਦਿੱਤੀ। ਕੀਰਤਨ ਦੀ ਵਿਦਿਆ ਤੋਂ ਬਾਅਦ ਬਾਬਾ ਜੀ ਦੀ ਡਿਊਟੀ ਕਰਨਪੁਰ ਠਾਠ (ਗੰਗਾਨਗਰ) ਇਲਾਕੇ ਵਿੱਚ ਲਗਾ ਦਿੱਤੀ। 14 ਸਾਲ ਦੀ ਉੱਮਰ ਵਿੱਚ 2 ਸਾਲ ਤਕ ਆਪ ਨੇ ਇਥੇ ਸੇਵਾ ਕੀਤੀ। ਜਦ ਕਿ ਕੋਈ ਹੋਰ ਬਹਿੰਗਮ ਇਥੇ ਜਾਣ ਲਈ ਤਿਆਰ ਨਹੀਂ ਸੀ। 16 ਸਾਲ ਦੀ ਉਮਰ ਵਿੱਚ ਆਪ ਜੀ ਦੀ ਡਿਊਟੀ ਬਾਬਾ ਜੀ ਨੇ ਗੁਰਦੁਆਰਾ ਨਾਨਕਸਰ ਲੁਧਿਆਣੇ (ਨਹਿਰ ਦੇ ਕੰਢੇ ਲਾਈ) ਉਸ ਠਾਠ ਵਿੱਚ ਕਾਫੀ ਸਾਲ ਸੇਵਾ ਕੀਤੀ । ਬਾਬਾ ਜੀ ਨੇ ਇਥੇ ਰਹਿ ਕੇ ਲੁਧਿਆਣਾ ਨਾਨਕਸਰ ਠਾਠ 'ਤੇ ਬਾਬਾ ਈਸ਼ਰ ਸਿੰਘ ਪਬਲਿਕ ਸਕੂਲ ਭਾਈ ਰਣਧੀਰ ਸਿੰਘ ਨਗਰ ਨੂੰ ਮੁਕੰਮਲ ਕਰਾਇਆ। ਇਸ ਤੋਂ ਬਾਅਦ ਬਾਬਾ ਜੀ ਨੇ ਆਪਣੇ ਪਿੰਡ 15 ਏਕੜ ਜ਼ਮੀਨ ਵਿੱਚ ਗੁਰਦੁਆਰਾ ਨਾਨਕਸਰ ਮੰਦਰ ਮੁਹਾਰ ਅਤੇ ਪਬਲਿਕ ਸਕੂਲ ਮੰਦਰ ਮੁਹਾਰ ਦੀ ਤਿਆਰੀ ਕਰਾਈ ਅਤੇ ਕਈ ਸਾਲ ਇਥੇ ਸੇਵਾ ਕੀਤੀ। ਇਸ ਤੋਂ ਬਾਅਦ ਸੰਤ ਬਾਬਾ ਕੁੰਦਨ ਸਿੰਘ ਜੀ ਆਪ ਜੀ ਦੀ ਡਿਊਟੀ ਜਿਥੇ ਕੰਮ ਰੁਕਣਾ ਜਾਂ ਨਵੀਂ ਸੇਵਾ ਕਰਾਉਣੀ ਹੋਵੇ, ਬਾਬਾ ਜੀ ਆਪ ਜੀ ਦੀ ਡਿਊਟੀ ਲਗਾਉਂਦੇ। ਆਪ ਜੀ ਨੇ ਛੋਟੀ ਉਮਰ ਵਿੱਚ ਹੀ ਕਾਰ ਸੇਵਾਵਾਂ ਸ਼ੁਰੂ ਕਰਾਉਣ ਨਾਲ ਕਈ ਸੇਵਾਵਾਂ ਪੂਰੀਆਂ ਕੀਤੀਆਂ ਕਾਫੀ ਅਜੇ ਚੱਲ ਰਹੀਆਂ ਹਨ ਜਿਨ੍ਹਾਂ ਵਿੱਚੋਂ ਸਕੂਲ ਤੇ ਕਾਲਜ ਵੀ ਹਨ। ਜਿਨ੍ਹਾਂ ਵਿੱਚ ਪੰਜਾਬ, ਯੂ.ਪੀ. ਰਾਜਸਥਾਨ, ਮਹਾਰਾਸ਼ਟਰ ਮਦਰਾਸ ਹੋਰ ਵੀ ਕਈ ਸਟੇਟਾਂ ਸ਼ਾਮਿਲ ਹਨ। ਤਕਰੀਬਨ ਕੋਈ 60-70 ਅਸਥਾਨਾਂ ਦੀਆਂ ਸੇਵਾਵਾਂ ਕਰਵਾਈਆਂ ਤੇ ਹੋਰ ਵੀ ਸੇਵਾਵਾਂ ਚੱਲ ਰਹੀਆਂ ਹਨ।

ਬਾਬਾ ਕੁੰਦਨ ਸਿੰਘ ਜੀ ਜਿਥੇ ਆਪ ਜੀ ਦੀ ਡਿਊਟੀ ਲਗਾਉਂਦੇ ਸਨ। ਆਪ ਜੀ ਸੇਵਾ ਪੂਰੀ ਕਰਕੇ ਕਸਵੱਟੀ 'ਤੇ ਪੂਰੇ ਉਤਰਦੇ ਸਨ। ਸੰਤ ਬਾਬਾ ਕੁੰਦਨ ਸਿੰਘ ਜੀ ਪਾਸ ਜਦੋਂ ਵੀ ਬਾਹਰਲੀ ਸੰਗਤ ਆਉਣੀ ਜਾਂ ਕੋਈ ਬੇਨਤੀ ਕਰਨੀ ਤਾਂ ਬਾਬਾ ਜੀ ਨੇ ਕਹਿਣਾ ਸਾਰਾ ਕੁਝ ਸੁਖੀ ਕੋਲ ਹੈ ਭਰਿਆ ਪਿਆ ਹੈ ਜੋ ਮਰਜ਼ੀ ਲੈ ਲਵੋ। ਜਿਥੇ ਬਾਬਾ ਕੁੰਦਨ ਸਿੰਘ ਜੀ

ਨੇ ਸੇਵਾ ਦਾ ਆਖਣਾ, ਬਾਬਾ ਸੁਖਦੇਵ ਸਿੰਘ ਜੀ ਨੇ ਇਲਾਕੇ ਵਿੱਚੋਂ ਸੰਗਤ ਲਿਆ ਕੇ ਸੇਵਾ ਕਰਾਵਾਉਣੀ। ਭੁੱਚੋ ਸਾਹਿਬ ਸਰੋਵਰ ਦੀ ਸੇਵਾ ਆਰੰਭ ਹੋਈ ਬਾਬਾ ਕੁੰਦਨ ਸਿੰਘ ਜੀ ਬਹਿੰਗਮਾਂ ਅਤੇ ਸੰਗਤਾਂ ਸਮੇਤ ਬਾਬਾ ਖੇਮ ਸਿੰਘ ਜੀ ਕੋਲ ਭੁੱਚੋ ਸਾਹਿਬ ਪਹੁੰਚੇ ਅਤੇ ਆਖਣ ਲੱਗੇ ਸੁੱਖਾ ਸਿੰਘ ਆਪ ਜੀ ਨੂੰ ਸੌਂਪ ਦਿੱਤਾ ਹੈ। ਇਸ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਦਾ ਸੰਤ ਬਾਬਾ ਖੇਮ ਸਿੰਘ ਜੀ ਪਾਸ ਆਉਣਾਂ ਜਾਣਾ ਸ਼ੁਰੂ ਹੋ ਗਿਆ ਤੇ ਨੇੜਤਾ ਵੱਧ ਗਈ। ਬਾਬਾ ਖੇਮ ਸਿੰਘ ਜੀ ਦੇ ਹੁਕਮ ਨਾਲ ਮਾਲਾ, ਗੁਟਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵੰਡਣ ਜਾਂਦੇ ਅਖੰਡ ਪਾਠ, ਸੰਪਟ ਪਾਠ, ਤੁਕ-ਤੁਕ ਵਾਲੇ ਮਹਾਂ ਸੰਪਟ ਪਾਠ ਨਾਨਕਸਰ ਦੀਆਂ ਠਾਠਾਂ ਵਿੱਚ ਕਰਵਾਏ ਅਤੇ ਸੰਗਤਾਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਨਾ ਕੀਤੀ ਅਤੇ ਪ੍ਰਚਾਰ ਹਿਤ ਕਈ ਰੇਲ ਯਾਤਰਾਵਾਂ, ਬੱਸ ਯਾਤਰਾਵਾਂ, ਜਹਾਜ਼ ਯਾਤਰਾ, ਸਾਇਕਲ ਯਾਤਰਾਵਾਂ ਕੀਤੀਆਂ। ਸੰਤ ਬਾਬਾ ਕੁੰਦਨ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਸੰਤ ਬਾਬਾ ਸੁਖਦੇਵ ਸਿੰਘ ਜੀ ਨੇ ਸੰਤ ਬਾਬਾ ਖੇਮ ਸਿੰਘ ਜੀ ਦੀ ਰਹਿਨਮਾਈ ਵਿੱਚ 250 ਕਮਰੇ ਹਜ਼ੂਰ ਸਾਹਿਬ (ਸਰਾਵਾਂ), 5 ਗੁਰਦੁਆਰੇ ਸਾਹਿਬ ਕਈ ਲੰਗਰ ਚਲਾਏ ਤੇ ਸੰਤ ਬਾਬਾ ਖੇਮ ਸਿੰਘ ਆਖਰੀ ਟਾਇਮ ਤੇ ਆਪ ਜੀ ਦੀ ਡਿਊਟੀ ਜਪ ਤਪ 'ਤੇ ਲਗਾਈ ਜਿਹੜੀ ਆਪ ਜੀ ਨੇ ਬੇਖੂਬੀ ਨਿਭਾਈ ਇਸ ਤੋਂ ਖੁਸ਼ ਹੋ ਕੇ ਸੰਤ ਬਾਬਾ ਖੇਮ ਸਿੰਘ ਜੀ ਨੇ ਫੋਨ ਤੇ ਆਪ ਜੀ ਨੂੰ ਖੁਸ਼ੀਆਂ ਬਖਸ਼ੀਆਂ ਕਿ ਅਸੀਂ ਦੱਸ ਨਹੀਂ ਸਕਦੇ ਕਿ ਅਸੀਂ ਤੇਰੇ 'ਤੇ ਕਿੰਨੇ ਖੁਸ਼ ਹਾਂ।

ਸੰਤ ਬਾਬਾ ਖੇਮ ਸਿੰਘ ਜੀ ਨੇ ਸਾਰੀਆਂ ਪਾਵਰ ਆਫ ਅਟਰਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ। 3 ਪਾਵਰ ਆਫ ਅਟਾਰਨੀ ਹਜ਼ੂਰ ਸਾਹਿਬ, 2 ਨਥਾਨੇ ਤੇ ਜਰਨਲ ਪਾਵਰ ਆਫ ਅਟਾਰਨੀ ਬਾਬਾ ਜੀ ਦੇ ਨਾਮ ਕੀਤੀਆਂ ਸਨ।

ਸੰਤ ਬਾਬਾ ਖੇਮ ਸਿੰਘ ਜੀ ਦੇ ਸਵਰਗਵਾਸ ਹੋਣ ਤੋਂ ਬਾਅਦ ਦਸਮੀ ਦੇ ਮੌਕੇ 5-02-2010 ਨੂੰ ਦੇਸ਼ ਵਿਦੇਸ਼ ਤੋਂ, ਨਿਰਮਲੇ ਸੰਪਰਦਾਇ,



ਦਮਦਮੀ ਟਕਸਾਲ, ਜਥੇਬੰਦੀਆਂ ਇਲਾਕੇ ਦੇ ਸਾਰੀਆਂ ਪੰਚਾਇਤਾਂ ਵੱਲੋਂ ਲਿੱਖਤ ਕਰਕੇ ਡੇਰੇ ਦੇ ਪੰਜਵੇ ਮੁੱਖੀ ਸੇਵਾਦਾਰ ਵੱਜੋਂ ਦਸਤਾਰ ਬੰਦੀ ਕੀਤੀ ਗਈ ਅਤੇ ਡੇਰਾ ਬਾਬਾ ਰੂੰਮੀ ਵਾਲਾ ਭੁੱਚੋ ਕਲਾ ਦਾ ਮੁੱਖੀ ਥਾਪਿਆ ਗਿਆ। ਸੰਤ ਬਾਬਾ ਸੁਖਦੇਵ ਸਿੰਘ ਜੀ ਵੱਲੋਂ 14 ਦਿਨਾਂ ਵਿੱਚ ਰੂੰਮੀ ਸਾਹਿਬ ਪਿੰਡ ਸੇਮਾਂ ਵਿੱਚ ਤਾਂਬੇ ਦੀਆਂ ਪੌੜੀਆਂ ਵਾਲਾ ਸਰੋਵਰ ਸੰਗਤਾਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਇਸ ਸੇਵਾ ਸਬੰਧੀ 4 ਦਿਨ ਬਾਅਦ ਬਾਬਾ ਮਹਾਂਹਰਿਨਾਮ ਸਿੰਘ ਦੀਆਂ ਪੁਰਾਤਨ ਲਿਖਤਾਂ ਵਿੱਚੋਂ ਸਰੋਵਰ ਬਾਰੇ ਲਿਖਤ ਮਿਲੀ। ਸਰੋਵਰ ਪੂਰਾ ਲਿੱਖਤ ਮੁਤਾਬਕ ਹੀ ਬਣਿਆ ਸੀ। ਹੁਣ ਬਾਬਾ ਸੁਖਦੇਵ ਸਿੰਘ ਜੀ ਭੁੱਚੋ ਸਾਹਿਬ ਵਿਖੇ ਲੰਗਰ ਹਾਲ ਦੀ ਸੇਵਾ, ਦੀਵਾਨ ਹਾਲ ਅਤੇ ਗੱਦੀ ਸਾਹਿਬ ਇਥੇ ਸੋਨੇ ਚਾਂਦੀ ਦੀ ਸੇਵਾ ਕਰਵਾ ਰਹੇ ਹਨ।

***